# ਖੇਤੀ-ਬਾੜੀ

## ਧੰਦਾ/ਪੇਸ਼ਾ:ਪਸ਼ੂ-ਪਾਲਕ

## ਗਿਆਰ੍ਹਵੀਂ ਸ਼੍ਰੇਣੀ ਲਈ
## ਵਿਦਿਆਰਥੀ ਕਾਰਜ-ਪੁਸਤਕ
## (ਐੱਨ. ਵੀ. ਈ. ਕਿਊ. ਐੱਫ਼. ਪੱਧਰ-3)

ਪੰਜਾਬ ਸਕੂਲ ਸਿੱਖਿਆ ਬੋਰਡ
ਸਾਹਿਬਜ਼ਾਦਾ ਅਜੀਤ ਸਿੰਘ ਨਗਰ

(c) ਪੰਜਾਬ ਸਰਕਾਰ

ਪਹਿਲਾ ਐਡੀਸ਼ਨ 2018..................

All rights including those of translation, reproduction
and annotation etc. are reserved by the
Punjab Government

**ਅਨੁਵਾਦਕ** : ਡਾ.ਐੱਸ.ਪੀ.ਐੱਸ ਬਰਾੜ।

**ਸੋਧਕ** : 1. ਸ੍ਰੀ ਤਰੁਨ ਭਾਰਤੀ ਸ.(ਕੰਨਿਆ) ਸ.ਸ.ਸਕੂਲ, ਘੜੂੰਆ(ਐੱਸ.ਏ.ਐੱਸ.ਨਗਰ)।
2. ਸ੍ਰੀਮਤੀ ਕਮਲੇਸ਼ ਕੁਮਾਰੀ ਸ.ਸ.ਸ.ਸਕੂਲ, ਦਿਆਲਪੁਰਾ (ਐੱਸ.ਏ.ਐੱਸ.ਨਗਰ)।
3. ਸ੍ਰੀਮਤੀ ਅਰਵਿੰਦਰ ਕੌਰ ਸ.ਸ.ਸ.ਸਕੂਲ,ਰਾਹੋਂ(ਸ਼.ਭ.ਸ.ਨਗਰ)
4. ਸ੍ਰੀ ਕੁਲਵੰਤ ਸਿੰਘ ਢੰਡ ਸੇਵਾ-ਮੁਕਤ ਪੰਜਾਬੀ ਲੈਕਚਰਾਰ, #461, ਸੈਕਟਰ-6, ਚੰਡੀਗੜ੍ਹ।
5. ਸ੍ਰੀ ਜਸਵੀਰ ਸਿੰਘ ਲੰਗੜੋਆ ਸੇਵਾ-ਮੁਕਤ ਪੰਜਾਬੀ ਅਧਿਆਪਕ, ਕੁਲ਼ਾਮ ਰੋਡ, ਗਲੀ ਨੰ. 05 ਹਰਿਗੋਬਿੰਦ ਨਗਰ, ਸ਼.ਭ.ਸ. ਨਗਰ।

**ਵਿਸ਼ਾ ਸੋਧਕ** : 1. ਮੈਡਮ ਹਰਪ੍ਰੀਤ ਕੌਰ ਸ. ਸੀ. ਸੈਕੰ. ਸਕੂਲ, ਸਮਗੌਲੀ (ਐਸ. ਏ. ਐਸ. ਨਗਰ)
2. ਸ਼੍ਰੀ ਸੁਖਰਾਜਬੀਰ ਸਿੰਘ ਸ. ਸੀ. ਸੈਕੰ. ਸਕੂਲ ਤੀੜਾ (ਐਸ. ਏ. ਐਸ. ਨਗਰ)

ਚਿਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦ-ਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ : 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।

(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲ਼ੇ ਕਾਗ਼ਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਮੁੱਲ: ..........

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ, ਫੇਜ਼-8 ਸਾਹਿਬਜ਼ਾਦਾ ਅਜੀਤ ਸਿੰਘ ਨਗਰ-160002 ਰਾਹੀਂ ਪ੍ਰਕਾਸ਼ਿਤ ਅਤੇ ਮੈਸ: ..........

## ਦੋ ਸ਼ਬਦ

*ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਦੇ ਸਮੇਂ ਤੋਂ ਹੀ ਸਕੂਲ-ਪੱਧਰ ਦੇ ਪਾਠ-ਕ੍ਰਮ ਨੂੰ ਆਧੁਨਿਕ ਸੋਚ ਅਤੇ ਖੋਜ ਅਨੁਸਾਰ ਢਾਲਣ ਅਤੇ ਇਹਨਾਂ ਪਾਠ-ਕ੍ਰਮਾਂ ਅਨੁਸਾਰ ਪਾਠ ਪੁਸਕਤਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ। ਰਾਸ਼ਟਰੀ ਪੱਧਰ ਦੀ ਸੋਚ ਨੂੰ ਮੁੱਖ ਰੱਖਦੇ ਹੋਏ ਬੋਰਡ ਨੇ ਪੰਜਾਬ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਵੋਕੇਸ਼ਨਲ ਸਿੱਖਿਆ ਨੂੰ ਪ੍ਰੱਫੁਲਿਤ ਕਰਨ ਦਾ ਵਿਸ਼ੇਸ਼ ਪ੍ਰੋਗ੍ਰਾਮ ਉਲੀਕਿਆ ਹੋਇਆ ਹੈ। ਇਹ ਪਾਠ-ਪੁਸਤਕ ਇਸੇ ਪ੍ਰੋਗ੍ਰਾਮ ਦੀ ਇੱਕ ਕੜੀ ਹੈ।*

*ਵੱਧ ਰਹੀ ਬੇਰੁਜ਼ਗਾਰੀ ਅਤੇ ਜਨ-ਸੰਖਿਆ ਕਾਰਨ ਵੋਕੇਸ਼ਨਲ ਸਿੱਖਿਆ ਦੀ ਲੋੜ ਦਿਨੋ-ਦਿਨ ਵਧਦੀ ਜਾ ਰਹੀ ਹੈ ਕਿਉਂਕਿ ਵਿਗਿਆਨ ਅਤੇ ਤਕਨੀਕੀ ਉੱਨਤੀ ਦੇ ਯੁੱਗ ਵਿੱਚ ਕਾਰਜ-ਕੁਸ਼ਲਤਾ ਵਧਾਉਣ ਲਈ ਵੋਕੇਸ਼ਨਲ ਸਿੱਖਿਆ ਦੀ ਲੋੜ ਹੈ। ਹੁਣ ਵਿਸ਼ਵ-ਪੱਧਰ 'ਤੇ ਵੱਧ ਰਹੇ ਮੁਕਾਬਲੇ, ਉਤਪਾਦਨ ਦੀਆਂ ਬਦਲ ਰਹੀਆਂ ਤਕਨੀਕਾਂ ਅਤੇ ਕਾਰਜ-ਖੇਤਰਾਂ ਦੀ ਮੁੜ ਵਿਓਂਤਬੰਦੀ ਲਈ ਵਿਦਿਆਰਥੀਆਂ ਨੂੰ ਢੁੱਕਵੇਂ ਹੁਨਰਾਂ ਰਾਹੀਂ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਬਣਾਉਣ ਦੀ ਜ਼ਰੂਰਤ ਹੈ।*

*ਕਾਰਜ ਖੇਤਰ ਵਿੱਚ ਪੜ੍ਹੇ-ਲਿਖੇ ਮਾਹਿਰ ਹੁਨਰਮੰਦਾਂ ਦੀ ਸਖ਼ਤ ਜ਼ਰੂਰਤ ਹੋਣ ਕਾਰਨ ਕੇਂਦਰ ਸਰਕਾਰ ਦੁਆਰਾ* **'ਨੈਸ਼ਨਲ ਵੋਕੇਸ਼ਨਲ ਐਜੂਕੇਸ਼ਨ ਕੁਆਲੀਫਿਕੇਸ਼ਨ ਫਰੇਮਵਰਕ'** *ਤਿਆਰ ਕਰਕੇ 8 ਅਕਤੂਬਰ, 2011 ਨੂੰ ਵੱਖ-ਵੱਖ ਰਾਜਾਂ ਵਿੱਚ ਲਾਗੂ ਕੀਤਾ ਗਿਆ। ਪੰਜਾਬ ਸਰਕਾਰ ਦੁਆਰਾ ਕੇਂਦਰ ਸਰਕਾਰ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਇਹ ਫਰੇਮਵਰਕ ਅਕਾਦਮਿਕ ਸਾਲ 2014-15 ਤੋਂ* **'ਨੈਸ਼ਨਲ ਸਕਿਲ ਕੁਆਲੀਫਿਕੇਸ਼ਨ ਫਰੇਮਵਰਕ'** *ਤਹਿਤ ਪੰਜਾਬ ਰਾਜ ਦੇ ਕੁੱਝ ਚੋਣਵੇਂ ਸਕੂਲਾਂ ਵਿੱਚ ਨੌਂਵੀਂ ਸ਼੍ਰੇਣੀ ਤੋਂ ਲਾਗੂ ਕੀਤਾ ਗਿਆ ਹੈ। ਪਰ ਖੇਤੀ-ਬਾੜੀ ਵਿਸ਼ਾ ਅਕਾਦਮਿਕ ਸਾਲ 2017-18 ਤੋਂ ਗਿਆਰ੍ਹਵੀਂ ਸ਼੍ਰੇਣੀ ਵਿੱਚ ਲਾਗੂ ਕੀਤਾ ਗਿਆ ਹੈ ਅਤੇ ਇਸ ਵਿਸ਼ੇ ਨਾਲ ਸੰਬੰਧਤ ਇਹ ਪੁਸਤਕ ਵੀ ਤਿਆਰ ਕੀਤੀ ਗਈ ਹੈ। ਫਰੇਮਵਰਕ ਅਧੀਨ ਵੱਖ-ਵੱਖ ਟਰੇਡਜ਼ ਦੇ ਪ੍ਰੀਖਿਆਰਥੀਆਂ ਨੂੰ ਬੋਰਡ ਪ੍ਰੀਖਿਆ ਪਾਸ ਕਰਨ ਦੇ ਨਾਲ-ਨਾਲ ਨੈਸ਼ਨਲ ਸਕਿਲ ਡਵੈਲਪਮੈਂਟ ਕਾਰਪੋਰੇਸ਼ਨ (N.S.D.C) / ਸੈਕਟਰ ਸਕਿਲਜ ਕਾਊਂਸਲ (S.S.C) ਵੱਲੋਂ ਪ੍ਰੀਖਿਆਰਥੀਆਂ ਦੇ ਹੁਨਰ ਦੀ ਮੁਹਾਰਤ ਨੂੰ ਪ੍ਰਮਾਣਿਤ ਕੀਤਾ ਜਾਵੇਗਾ। ਇਸ ਪ੍ਰਮਾਣ-ਪੱਤਰ ਦੇ ਅਧਾਰ 'ਤੇ ਵਿਦਿਆਰਥੀ ਐੱਨ. ਐੱਸ. ਕਿਊ. ਐੱਫ. ਵਲੋਂ ਨਿਰਧਾਰਿਤ ਪੱਧਰ ਅਨੁਸਾਰ ਰੁਜ਼ਗਾਰ ਪ੍ਰਾਪਤ ਕਰਨ ਦੇ ਯੋਗ ਮੰਨਿਆ ਜਾਵੇਗਾ।*

*ਰਾਸ਼ਟਰੀ ਸੋਚ ਨੂੰ ਮੁੱਖ ਰੱਖਦੇ ਹੋਏ ਇਹ ਪੁਸਤਕ ਸਾਲ 2018-19 ਤੋਂ ਪਹਿਲੀ ਵਾਰ ਤਿਆਰ ਕੀਤੀ ਜਾ ਰਹੀ ਹੈ। ਇਹ ਪੁਸਤਕ ਕੇਂਦਰ ਸਰਕਾਰ ਦੁਆਰਾ ਤਿਆਰ ਕੀਤੀ ਅੰਗਰੇਜ਼ੀ ਪੁਸਤਕ ਦਾ ਪੰਜਾਬੀ ਅਨੁਵਾਦ ਹੈ। ਪੁਸਤਕ ਵਿੱਚ ਸੁਧਾਰ ਲਿਆਉਣ ਦੀ ਹਮੇਸ਼ਾ ਗੁੰਜਾਇਸ਼ ਹੁੰਦੀ ਹੈ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਦਾ ਸਤਿਕਾਰ ਕੀਤਾ ਜਾਵੇਗਾ।*

**ਚੇਅਰਮੈਨ**

**ਪੰਜਾਬ ਸਕੂਲ ਸਿੱਖਿਆ ਬੋਰਡ**

**A** **ਯੂਨਿਟ I**

**ਦੁਧਾਰੂ ਪਸ਼ੂਆਂ ਦੀਆਂ ਨਸਲਾਂ** **ਪੰਨਾ ਨੰ.**

**ਲੜੀ ਨੰ:** **ਵਿਸ਼ਾ ਸੂਚੀ**

1.1 *ਮੁੱਖ ਬੰਧ*

1.2 *ਸ਼ਲਾਘਾ ਦੇ ਪਾਤਰ*

1.3 *ਪਸ਼ੂਆਂ ਦੀ ਸਰੀਰਕ ਬਣਤਰ*

1.4 *ਗਊਆਂ ਅਤੇ ਮੱਝਾਂ ਦੀਆਂ ਪ੍ਰਮੱਖ ਨਸਲਾਂ*

(i) *ਦੇਸੀ ਗਊਆਂ ਦੀਆਂ ਨਸਲਾਂ*

(ii) *ਦੇਸੀ ਨਸਲਾਂ ਦੀਆਂ ਗਊਆਂ ਦੇ ਗੁਣਾਂ ਦਾ ਮੁਕਾਬਲਾ*

(iii) *ਵਲਾਇਤੀ ਗਾਵਾਂ*

(iv) *ਦੋਗਲੀ ਨਸਲ ਦੀਆਂ ਗਾਵਾਂ*

(v) *ਭਾਰਤ ਦੀਆਂ ਮੱਝਾਂ*

**B** **ਯੂਨਿਟ II**

**ਪਸ਼ੂਆਂ ਲਈ ਰਹਾਇਸ਼ੀ ਪ੍ਰਬੰਧ-1**

**ਲੜੀ ਨੰ:** **ਵਿਸ਼ਾ ਸੂਚੀ**

*ਅਧਿਐਨ ਦਾ ਫਲ*

*ਭੂਮਿਕਾ*

*ਪਸ਼ੂਆਂ ਦੀ ਰਹਾਇਸ਼ ਸੰਬੰਧੀ ਮੁਢਲੇ ਸਿਧਾਂਤ*

**ਸੈਸ਼ਨ-1**

1.1 *ਪਸ਼ੂਆਂ ਦੀ ਰਿਹਾਇਸ਼ ਦੀ ਮਹੱਤਤਾ*

1.2 *ਪਸ਼ੂ ਘਰਾਂ ਦੀਆਂ ਕਿਸਮਾਂ*

*(ੳ) ਖੁੱਲ੍ਹੇ ਵਾੜੇ*

*(ਅ) ਪੂਰੇ ਛੱਤੇ ਬੰਦ ਮਕਾਨ ਵਾਲੇ ਰਿਵਾਇਤੀ ਪਸ਼ੂ ਘਰ*

*(ੲ) ਪਸ਼ੂ ਪਾਲਣ ਲਈ ਲੋੜੀਂਦੀ ਮਸ਼ੀਨਰੀ ਅਤੇ ਸਾਜ਼ੋ-ਸਮਾਨ*

*(ਸ) ਡੇਅਰੀ ਫਾਰਮਿੰਗ ਦੀ ਨਿਯਮ-ਬੱਧ ਕਾਰਜ ਪ੍ਰਣਾਲੀ*

**C** **ਯੂਨਿਟ III**

**ਪਸ਼ੂਆਂ ਲਈ ਰਹਾਇਸ਼ੀ ਪ੍ਰਬੰਧ -2**

**ਲੜੀ ਨੰ:** **ਵਿਸ਼ਾ ਸੂਚੀ**

**ਸੈਸ਼ਨ 1**

1.1 *ਪਸ਼ੂਆਂ ਲਈ ਸ਼ੈੱਡ ਦੇ ਨਕਸ਼ੇ ਸੰਬੰਧੀ ਸਿਧਾਂਤ*

1.2 *ਪਸ਼ੂਆਂ ਦਾ ਵਰਗੀਕਰਣ*

**ਸੈਸ਼ਨ 2 (ੳ) ਪਸ਼ੂ-ਅਹਾਤਾ**

1. *ਡੰਗਰਾਂ ਦੇ ਸ਼ੈੱਡ*

*(ੳ) ਲਵੇਰੇ ਪਸ਼ੂਆਂ ਲਈ ਸ਼ੈੱਡ*

*(ਅ) ਦੁੱਧ ਚੋਣ ਵਾਲਾ ਕਮਰਾ*

*(ੲ) ਦੁੱਧੋਂ ਭੱਜੇ ਡੰਗਰਾਂ ਲਈ ਸ਼ੈੱਡ*

*(ਸ) ਤਾਜ਼ੇ ਸੂਏ ਡੰਗਰਾਂ ਲਈ ਕਮਰਾ*

*(ਹ) ਕਟੜੂਆਂ/ਵਛੜੂਆਂ ਵਾਲਾ ਸ਼ੈੱਡ*

*(ਕ) ਵਹਿੜਾਂ ਅਤੇ ਵਹਿੜਕਿਆਂ ਲਈ ਰਹਾਇਸ਼*

*(ਖ) ਸਾਨ੍ਹਾ ਵਾਲਾ ਸ਼ੈੱਡ*

*ਸੈਸ਼ਨ* 3-

(2) *ਸਹਾਇਕ ਢਾਂਚੇ*

*(ੳ) ਮਸਨੂਈ ਦੀ ਪ੍ਰਯੋਗਸ਼ਾਲਾ*

*(ਅ) ਸ਼ਕੰਜਾ*

*(ੲ) ਡੰਗਰਾਂ ਨੂੰ ਲਿਵਾਉਣ ਵਾਲਾ ਟੋਆ*

*(ਸ) ਬਿਮਾਰ ਡੰਗਰਾਂ ਵਾਲਾ ਸ਼ੈੱਡ ਅਤੇ ਡਿਸਪੈਂਸਰੀ*

*(ਹ) ਨਵੇਕਲਾ ਰੱਖਣ ਵਾਲ਼ਾ ਸਥਾਨ*

*(ਕ) ਪੋਸਟ-ਮਾਰਟਮ ਪਲੇਟਫਾਰਮ*

*(ਖ) ਖ਼ੁਰਾਕ ਅਤੇ ਤੂੜੀ ਦਾ ਸਟੋਰ*

*(ਗ) .ਫ਼ੀਡ-ਸਟੋਰ*

*(ਘ) ਪੱਠੇ ਕੁਤਰਨ ਲਈ ਸ਼ੈੱਡ*

*(ਙ) ਸਾਈਲੇਜ਼ ਵਾਲੇ ਟੋਏ*

*(ਚ) ਛੱਪੜ*

**(ਅ) ਡੇਅਰੀ ਸੈਕਸ਼ਨ**

1. *ਦੁੱਧ ਪ੍ਰਾਪਤ ਕਰਨ ਵਾਲਾ ਕਮਰਾ*
2. *ਦੁੱਧ ਵਾਲਾ ਮੁੱਖ ਸਟੋਰ*
3. *ਚਾਰਾ- ਸੈਕਸ਼ਨ*

*(ੳ) ਸੰਦਾਂ ਵਾਲੇ ਅਤੇ ਵਰਕਸ਼ਾਪ ਸ਼ੈਡ*

*(ਅ) ਰੂੜੀ ਵਾਲੇ ਟੋਏ*

4. *ਡੇਅਰੀ ਫਾਰਮ ਵਿੱਚ ਰੋਜ਼ਾਨਾ ਦੇ ਕੰਮ-ਧੰਦੇ*

*ਅਭਿਆਸ*

**D** **ਯੂਨਿਟ IV**

**ਡੰਗਰਾਂ ਨੂੰ ਖੁਰਾਕ ਅਤੇ ਪਾਣੀ ਦੇਣ ਦਾ ਪ੍ਰਬੰਧ**

**ਭੂਮਿਕਾ**

**ਸੈਸ਼ਨ**: 1

*ਪਸ਼ੂਆਂ ਦੀ ਖੁਰਾਕ ਵਿੱਚ ਵਰਤੇ ਜਾਂਦੇ ਵੱਖ-ਵੱਖ ਪਦਾਰਥਾਂ ਦੀਆਂ ਵਿਸ਼ੇਸ਼ਤਾਈਆਂ, ਮਿਕਦਾਰ ਅਤੇ ਕੁਆਲਟੀ*

1. *ਖੁਰਾਕੀ ਪਦਾਰਥਾਂ ਦੀਆਂ ਕਿਸਮਾਂ*
2. *ਸੰਤੁਲਿਤ ਖੁਰਾਕ ਦੀਆਂ ਵਿਸ਼ੇਸ਼ਤਾਈਆਂ*
3. *ਖੁਰਾਕ ਦੀ ਬਣਤਰ ਕੁਆਲਟੀ*

*ਅਭਿਆਸ*

**ਸੈਸ਼ਨ: 2**

*ਪਸ਼ੂਆ ਨੂੰ ਖ਼ੁਰਾਕ ਖੁਆਉਣਾ*

1. *ਖ਼ੁਰਾਕੀ ਜਰੂਰਤਾਂ ਦਾ ਅਨੁਮਾਨ ਲਾਉਣ ਲਈ ਸਧਾਰਨ ਤਰੀਕੇ*
2. *ਵਿਗਿਆਨਕ ਪੈਮਾਨੇ ਦੇ ਆਧਾਰ ਤੇ ਖ਼ੁਰਾਕੀ ਜਰੂਰਤਾਂ ਦਾ ਅਨੁਮਾਨ*
3. *ਸੰਤੋਸ਼ਜਨਕ ਸਰੀਰਕ ਵਾਧੇ ਅਤੇ ਪੈਦਾਵਾਰ ਲੈਣ ਲਈ ਕੁੱਝ ਅਤੀਰਿਕਤ ਖੁਰਾਕੀ ਪਦਾਰਥ*
4. *ਖ਼ੁਰਾਕ ਬਣਾਉਣ ਲਈ ਲੋੜੀਂਦੇ ਮੁੱਖ ਅੰਸ਼*

*ਅਭਿਆਸ*

**ਸੈਸ਼ਨ: 3 ਪਸ਼ੂਆਂ ਲਈ ਖ਼ੁਰਾਕ ਤਿਆਰ ਕਰਨਾ**

1. *ਖ਼ੁਰਾਕ ਬਣਾਉਣ ਲਈ ਸਾਜ਼ੋ-ਸਮਾਨ ਦੀ ਲੋੜ*
2. *ਪਸ਼ੂ ਪਾਲਕ ਦੁਆਰਾ ਡੇਅਰੀ ਫਾਰਮ ਤੇ ਫੀਡ ਤਿਆਰ ਕਰਨਾ।*
3. *ਫੀਡ ਦਾ ਹਿਸਾਬ-ਕਿਤਾਬ ਰੱਖਣਾ।*
4. *ਪਸ਼ੂਆਂ ਲਈ ਫੀਡ ਨੂੰ ਸਟੋਰ ਵਿੱਚ ਰੱਖਣ ਦਾ ਢੰਗ*

*ਅਭਿਆਸ*

**ਸੈਸ਼ਨ: 4 ਪਸ਼ੂਆਂ ਨੂੰ ਫੀਡ ਅਤੇ ਪਾਣੀ ਨਿਰਵਿਘਨ ਦੇਣ ਦੀ ਲੋੜ**

1. *ਖੁਰਾਕ ਦੇਣ ਅਤੇ ਪਸ਼ੂਆਂ ਨੂੰ ਪਾਣੀ ਪਿਆਉਣ ਸੰਬੰਧੀ ਕੁਝ ਜ਼ਰੂਰੀ ਨੁਕਤੇ*
2. *ਫੀਡ ਵਿਅਰਥ ਜਾਣ ਦੇ ਕਾਰਣ ਅਤੇ ਇਸ ਦੀ ਰੋਕਥਾਮ ਲਈ ਉਪਰਾਲੇ*

*ਅਭਿਆਸ*

**E** **ਯੂਨਿਟ V**

**ਪਸ਼ੂਆਂ ਦੀ ਸਾਂਭ-ਸੰਭਾਲ:**

**ਲੜੀ ਨੰ:** **ਵਿਸ਼ਾ ਸੂਚੀ**

**ਸੈਸ਼ਨ** : 1

*ਭੂਮਿਕਾ*

1. *ਡੰਗਰਾਂ ਦੀ ਚੰਗੀ ਸਿਹਤ ਲਈ ਮਿਆਰੀ ਪ੍ਰਬੰਧ*
2. *ਟੀਕਾਕਰਨ*
3. *ਡੇਅਰੀ ਫਾਰਮ ਵਿੱਚ ਡੰਗਰਾਂ ਲਈ ਢੁੱਕਵਾਂ ਵਾਤਾਵਰਣ ਸਥਾਪਿਤ ਕਰਨਾ*
4. *ਡੰਗਰਾਂ ਦੇ ਦਬਾਅ ਘਟਾਉਣ ਲਈ ਢੁੱਕਵੇਂ ਪ੍ਰਬੰਧ*
5. *ਡੰਗਰਾਂ ਦੀ ਢੋਆ-ਢੁਆਈ*

*ਅਭਿਆਸ*

**ਸੈਸ਼ਨ : 2**

*ਪਸ਼ੂ ਪਾਲਕਾਂ ਦੀ ਸੁਰੱਖਿਆ ਅਤੇ ਮਲ-ਮੂਤਰ ਤੋਂ ਰੂੜੀ ਦੀ ਖਾਦ ਤਿਆਰ ਕਰਨ ਲਈ ਯੋਗ ਪ੍ਰਬੰਧ*

1. *ਪਸ਼ੂ ਪਾਲਕਾਂ ਦੀ ਸੁਰੱਖਿਆ ਲਈ ਜ਼ਰੂਰੀ ਸਾਜ਼ੋ-ਸਮਾਨ*
2. *ਬਚਾਅ ਦੇ ਸਾਧਨ ਅਤੇ ਸਾਵਧਾਨੀਆਂ*
3. *ਗੋਬਰ ਅਤੇ ਮਲ-ਮੂਤਰ ਦੀ ਸਫਾਈ*
4. *ਗੋਬਰ ਅਤੇ ਮਲ-ਮੂਤਰ ਦੀ ਨਿਕਾਸੀ ਦਾ ਢੰਗ*

*ਅਭਿਆਸ*

F **ਯੂਨਿਟ VI**

**ਪਸ਼ੂਆਂ ਦੀ ਸਾਂਭ-ਸੰਭਾਲ :- ਚਾਰੇ ਵਾਲੀਆਂ ਫਸਲਾਂ ਦੀ ਕਾਸ਼ਤ**

**ਲੜੀ ਨੰ:** **ਵਿਸ਼ਾ ਸੂਚੀ**

*ਭੂਮਿਕਾ*

*ਸੈਸ਼ਨ*:1

*ਹਰੇ ਚਾਰਿਆ ਦੀ ਮਹਤੱਤਾ ਅਤੇ ਭਵਿੱਖ*

1. *ਡੇਅਰੀ ਵਾਲੇ ਪਸ਼ੂਆਂ ਲਈ ਚਾਰੇ ਵਾਲ਼ੀਆਂ ਫਸਲਾਂ*
2. *ਚਾਰਾ ਫਸਲਾਂ ਦੀ ਕਟਾਈ*

*ਸੈਸ਼ਨ*:2

*ਹਰੇ ਚਾਰਿਆ ਨੂੰ ਸੰਭਾਲ ਕੇ ਰੱਖਣ ਅਤੇ ਇਹਨਾਂ ਦੀ ਕੁਆਲਟੀ ਪਰਖਣ ਦੇ ਤਰੀਕੇ*

1. *ਹਰੇ ਚਾਰੇ ਦੀ ਸੰਭਾਲ*
2. *ਹਰੇ ਚਾਰੇ ਨੂੰ ਸੰਭਾਲਣ ਲਈ ਕੁੱਝ ਸ਼ਰਤਾਂ ਅਤੇ ਜਰੂਰੀ ਢੁੱਕਵੇਂ ਹਾਲਾਤ*
3. *ਚਾਰੇ ਨੂੰ ਸੰਭਾਲ ਕੇ ਰੱਖਣ ਲਈ ਲੋੜੀਂਦੀਆਂ ਮਸ਼ੀਨਾਂ ਅਤੇ ਸੰਦ*
4. *ਚਾਰੇ ਨੂੰ ਸੰਭਾਲ ਕੇ ਰੱਖਣ ਦੇ ਢੰਗ*
5. *ਸੁਕਾਏ ਚਾਰੇ ਦੀ ਕੁਆਲਟੀ ਦੀ ਜਾਂਚ*
6. *ਮੌਸਮ ਦੇ ਬੁਰੇ ਅਸਰ ਤੋਂ ਬਚਾਅ ਦੇ ਢੰਗ*


*ਅਭਿਆਸ*

*ਸ਼ਬਦਾਵਲੀ*

## ਯੂਨਿਟ - 1

### 1. ਪਸ਼ੂਆਂ ਦੀ ਸਰੀਰਿਕ ਬਣਤਰ

ਇੱਕ ਸਫ਼ਲ ਪਸ਼ੂ-ਪਾਲਕ ਨੂੰ ਪਸ਼ੂਆਂ ਦੀ ਸਰੀਰਿਕ ਬਣਤਰ ਅਤੇ ਇਸਦੇ ਵੱਖ-ਵੱਖ ਅੰਗਾਂ ਬਾਰੇ ਗਿਆਨ ਹੋਣਾ ਬਹੁਤ ਜ਼ਰੂਰੀ ਹੈ। ਤਸਵੀਰ 3.1 ਵਿੱਚ ਇਕ ਪਸ਼ੂ ਦੀ ਸਰੀਰਿਕ ਬਣਤਰ ਅਤੇ ਇਸਦੇ ਵੱਖ-ਵੱਖ ਅੰਗ ਦਰਸਾਏ ਗਏ ਹਨ।




**ਤਸਵੀਰ 3.1 ਇੱਕ ਪਸ਼ੂ ਦੇ ਵੱਖ-ਵੱਖ ਸਰੀਰਿਕ ਭਾਗ**

### 2. ਗਊਆਂ ਅਤੇ ਮੱਝਾਂ ਦੀਆਂ ਪ੍ਰਮੁੱਖ ਨਸਲਾਂ

ਮਨੁੱਖ ਦੁਆਰਾ ਵਿਕਸਿਤ ਕੀਤਾ ਪਸ਼ੂਆਂ ਦਾ ਇੱਕ ਅਜਿਹਾ ਵਰਗ ਜਾਂ ਸਮੂਹ, ਜਿਸ ਵਿਚਲੇ ਸਾਰੇ ਪਸ਼ੂ ਇੱਕੋ ਵਿਰਾਸਤ ਤੋਂ ਉਪਜੇ ਹੋਣ ਅਤੇ ਇਕ ਸਮਾਨ ਸਰੀਰਿਕ ਬਣਤਰ, ਸਰੀਰਿਕ ਕਿਰਿਆ ਅਤੇ ਲਾਭਕਾਰੀ ਗੁਣ ਰੱਖਦੇ ਹੋਣ, ਨਸਲ ਜਾਂ ਬ੍ਰੀਡ ਕਹਾਉਂਦਾ ਹੈ। ਭਾਰਤ ਵਿੱਚ ਕਈ ਪ੍ਰਕਾਰ ਦੀਆਂ ਦੇਸੀ ਅਤੇ ਦੋਗਲੀ ਨਸਲ ਦੀਆਂ ਗਊਆਂ ਅਤੇ ਮੱਝਾਂ (ਸਾਰਨੀ 3.1) ਦੁੱਧ ਦੀ ਪੈਦਾਵਾਰ ਲਈ ਰੱਖੀਆਂ ਜਾਂਦੀਆਂ ਹਨ। ਦੇਸੀ ਨਸਲ (Bos indicus) ਅਤੇ ਵਲਾਇਤੀ ਨਸਲ (Bos taurus) ਦੇ ਆਪਸੀ ਮਿਲਾਪ ਤੋਂ ਦੋਗਲੀ ਨਸਲ ਦੇ ਪਸ਼ੂ ਪੈਦਾ ਕੀਤੇ ਜਾਂਦੇ ਹਨ। ਵਲਾਇਤੀ ਨਸਲ ਦੀਆਂ ਗਾਈਆਂ ਵਧੇਰੇ ਦੁੱਧ ਦੇਣ ਦੀ ਸਮਰੱਥਾ ਰੱਖਦੀਆਂ ਹਨ ਅਤੇ ਇਹ ਵੱਖਰੀ ਕਿਸਮ ਦੇ ਜਲਵਾਯੂ ਵਿੱਚ ਉਪਜੀਆਂ ਹੋਣ ਕਾਰਨ ਭਾਰਤ ਦੇ ਪੌਣ-ਪਾਣੀ ਨੂੰ ਬਰਦਾਸ਼ਤ ਨਹੀਂ ਕਰਦੀਆਂ। ਇਸ ਕਰਕੇ ਦੇਸੀ ਅਤੇ ਵਲਾਇਤੀ ਨਸਲ ਦੇ ਡੰਗਰਾਂ ਦੇ ਆਪਸੀ ਮਿਲਾਪ ਤੋਂ ਦੋਗਲੀ ਨਸਲ ਪੈਦਾ ਕੀਤੀ ਜਾਂਦੀ ਹੈ, ਜੋ ਭਾਰਤੀ ਪੌਣ-ਪਾਣੀ ਨੂੰ ਸਹਾਰ ਲੈਂਦੀ ਹੈ ਅਤੇ ਦੁੱਧ ਵੀ ਵਧੇਰਾ ਦਿੰਦੀ ਹੈ।

ਭਾਰਤ ਲਈ ਇਹ ਮਾਣ ਵਾਲ਼ੀ ਗੱਲ ਹੈ ਕਿ ਦੁਨੀਆਂ ਵਿੱਚ ਸਭ ਤੋਂ ਵਧੀਆ ਨਸਲ ਦੀਆਂ ਮੱਝਾਂ ਭਿੰਨ-ਭਿੰਨ ਗਿਣਤੀ ਵਿੱਚ ਲਗ-ਪਗ ਹਰ ਸੂਬੇ ਵਿੱਚ ਮਿਲਦੀਆਂ ਹਨ। ਦੇਸ਼ ਦੇ ਦੁੱਧ-ਉਤਪਾਦਨ ਉਦਯੋਗ ਲਈ ਮੱਝਾਂ ਇਕ ਰੀੜ੍ਹ ਦੀ ਹੱਡੀ ਹਨ, ਕਿਉਂਕਿ ਕੁਲ ਡੰਗਰਾਂ ਦੇ ਮੁਕਾਬਲੇ ਮੱਝਾਂ ਦੀ ਗਿਣਤੀ ਭਾਵੇਂ ਅੱਧੀ ਹੈ, ਫਿਰ ਵੀ ਕੁਲ ਦੁੱਧ ਉਤਪਾਦਨ ਦਾ ਅੱਧੇ ਤੋਂ ਵੱਧ ਹਿੱਸਾ ਮੱਝਾਂ ਵੱਲੋਂ ਪੈਦਾ ਕੀਤਾ ਜਾਂਦਾ ਹੈ। ਸਾਡੀਆਂ ਮੱਝਾਂ ਜਲ-ਮੱਝਾਂ ਕਹਿਲਾਉਂਦੀਆਂ ਹਨ। ਮੱਝਾਂ ਦੀਆਂ ਲੱਗ-ਪਗ 13 ਦੇਸੀ ਪ੍ਰਚਲਿਤ ਨਸਲਾਂ ਹਨ।

ਭਾਰਤ ਵਿੱਚ ਗੋਕਾ ਪਸ਼ੂਆਂ ਨੂੰ ਮੁੱਖ ਤੌਰ 'ਤੇ ਦੁੱਧ ਪੈਦਾ ਕਰਨ ਅਤੇ ਭਾਰ ਢੋਣ ਲਈ ਪਾਲ਼ਿਆ ਜਾਂਦਾ ਹੈ। ਗਊਆਂ ਦੀ ਕੁਲ ਗਿਣਤੀ ਵਿੱਚੋਂ ਸਿਰਫ਼ 25 ਫੀਸਦੀ ਡੰਗਰ ਹੀ ਅਜਿਹੇ ਹਨ ਜਿਨ੍ਹਾਂ ਦਾ ਕਿਸੇ ਨਸਲ ਅਨੁਸਾਰ ਪਹਿਚਾਣ ਕਰਕੇ

ਵਰਗੀਕਰਨ ਕੀਤਾ ਜਾ ਸਕਦਾ ਹੈ, ਬਾਕੀਆਂ ਦਾ ਨਹੀਂ। ਵਰਤੋਂ ਦੇ ਆਧਾਰ 'ਤੇ ਇਹਨਾਂ ਡੰਗਰਾਂ ਨੂੰ ਤਿੰਨ ਸ਼੍ਰੇਣੀਆਂ ਵਿੱਚ ਵੰਡਿਆਂ ਜਾ ਸਕਦਾ ਹੈ, ਜਿਵੇਂ ਕਿ ਦੁੱਧ ਦੇਣ ਵਾਲ਼ੀਆਂ ਨਸਲਾਂ, ਢੋਆ-ਢੁਆਈ ਵਾਲੀਆਂ ਨਸਲਾਂ ਅਤੇ ਦੋ ਮੰਤਵੀ ਨਸਲਾਂ। ਭਾਰਤ ਵਿੱਚ ਗਊਆਂ ਦੀਆਂ ਲਗ-ਪਗ 39 ਨਸਲਾਂ ਹਨ ਜਿਨ੍ਹਾਂ ਵਿੱਚ ਪੰਜ: ਸਾਹੀਵਾਲ, ਗਿਰ, ਸਿੰਧੀ, ਥਰਪਾਰਕਰ ਅਤੇ ਹਰਿਆਣਾ ਦੁੱਧ ਦੇਣ ਵਾਲੀਆਂ ਨਸਲਾਂ ਹਨ (ਸਾਰਨੀ 3.2)।

| ਨਸਲ | ਲੋਕਲ ਜਾਂ ਪ੍ਰਚਲਿਤ ਨਾਂ | ਕੁਦਰਤੀ ਰਹਾਇਸ਼ ਵਾਲਾ ਇਲਾਕਾ ਜਾਂ ਸੂਬਾ | ਰੰਗ | ਸਰੀਰਿਕ ਵਿਸ਼ੇਸ਼ਤਾਈਆਂ | ਵਰਤੋਂ/ਉਪਯੋਗਤਾ |
|---|---|---|---|---|---|
| 1. ਗਿਰ | ਕਾਠੀਆਵਾੜ, ਸੂਰਤੀ, ਬਨ ਦੀਗਣ | ਕਾਠੀਆਵਾੜ ਇਲਾਕਾ (ਗੁਜਰਾਤ) | ਲਾਲ ਅਤੇ ਕਾਲ਼ਾ, ਕਦੇ ਕਦੇ ਚਿੱਟੇ ਚਟਾਖ ਹੁੰਦੇ ਹਨ। | ਮੱਥਾ ਫੈਲੀਆ ਹੋਇਆ ਅਤੇ ਵਿਕਸਿਤ ਹੁੰਦਾ ਹੈ। ਗਰਦਨ ਦੇ ਥੱਲੇ ਭਾਰੀ ਝਾਲਰ, ਢੂੰਠ ਵੱਡੀ, ਲੱਤਾਂ ਛੋਟੀਆਂ, ਪਤਲੀਆਂ ਅਤੇ ਚੌੜੀਆਂ ਹੁੰਦੀਆਂ ਹਨ। | ਗਊਆਂ ਕਾਫ਼ੀ ਦੁੱਧ ਦਿੰਦੀਆਂ ਹਨ। ਬਲ਼ਦ ਕਾਫ਼ੀ ਤਾਕਤਵਰ ਹੁੰਦੇ ਹਨ ਪਰ ਹੌਲੀ ਤੁਰਦੇ ਹਨ। |
| 2. ਹਰਿਆਣਾ | | ਹਰਿਆਣਾ, ਪੱਛਮੀ ਯੂ.ਪੀ ਅਤੇ ਪੂਰਬੀ ਰਾਜਸਥਾਨ | ਸਾਂਵਲ਼ਾ ਜਾਂ ਸਫ਼ੈਦ | ਬੂੱਥੀ ਤਿੱਖੀ ਤੇ ਲੰਮੀ ਹੁੰਦੀ ਹੈ। ਸਿੰਗਾਂ ਵਿਚਕਾਰਲਾ ਥਾਂ ਪੋਲਾ ਹੁੰਦਾ ਹੈ। ਸਿੰਗ ਛੋਟੇ ਤੇ ਮੁੜੇ ਹੋਏ ਹੁੰਦੇ ਹਨ। ਕੰਨ੍ਹ ਤਿੱਖੇ ਅਤੇ ਆਕਾਰ ਵਿੱਚ ਛੋਟੇ ਹੁੰਦੇ ਹਨ। ਗਰਦਨ ਹੇਠ ਝਾਲਰ ਛੋਟੀ ਹੁੰਦੀ ਹੈ ਅਤੇ ਲੇਵਾ ਚੰਗੀ ਦਿੱਖ ਵਾਲ਼ਾ ਹੁੰਦਾ ਹੈ। | ਖੇਤੀ ਦਾ ਕੰਮ ਕਰਨ ਲਈ ਅਤੇ ਢੋਆ-ਢੁਆਈ ਲਈ ਬਲ਼ਦ ਤਕੜੇ ਤੇ ਤਿੱਖੇ ਹੁੰਦੇ ਹਨ। ਗਊਆਂ ਕਾਫ਼ੀ ਦੁੱਧ ਦਿੰਦੀਆਂ ਹਨ। |
| 3. ਸਾਹੀਵਾਲ | ਮਿੰਟਗੁਮਰੀ, ਲੰਬੀ ਬੇਰ, ਲੋਂਨਾ | ਮਿੰਟਗੁਮਰੀ ਜ਼ਿਲ੍ਹਾ (ਪਾਕਿਸਤਾਨ) | ਲਾਲ-ਭੂਰਾ ਅਤੇ ਸਫ਼ੈਦ | ਸਰੀਰ ਦਰਮਿਆਨਾ, ਮੱਥਾ ਚੌੜਾ, ਚਮਕਦੀਆਂ ਅੱਖਾਂ ਅਤੇ ਮੋਟੇ ਭਾਰੇ ਸਿੰਗ, ਲੇਵਾ ਤੇ ਪਸ਼ੂਆਂ ਦਾ ਪਿੱਛਾ ਭਾਰੀ ਹੁੰਦਾ ਹੈ। | ਇਸ ਨਸਲ ਦੇ ਬਲਦ ਖੇਤੀ ਦੇ ਕੰਮ ਅਤੇ ਢੋਆ-ਢੁਆਈ ਲਈ ਤੇਜ਼ ਹੁੰਦੇ ਹਨ। ਗਊਆਂ ਕਾਫ਼ੀ ਦੁੱਧ ਦਿੰਦੀਆਂ ਹਨ। |
| 4. ਲਾਲ-ਸਿੰਧੀ | ਸਿੰਧੀ | ਕਰਾਚੀ ਤੇ ਹੈਦਰਾਬਾਦ ਜੋ ਹੁਣ ਪਾਕਿਸਤਾਨ ਵਿੱਚ ਹਨ। | ਲਾਲ ਗੂੜ੍ਹਾ ਰੰਗ | ਮੱਥੇ ਉੱਤੇ ਚਿੱਟਾ ਚਟਾਕ ਹੁੰਦਾ ਹੈ। ਗੁੰਦਵਾਂ ਦਰਮਿਆਨਾ ਸਰੀਰ, ਮੱਥਾ ਚੌੜਾ, ਸਿੰਗ ਛੋਟੇ ਤੇ ਮੋਟੇ। ਢੱਠ ਗਰਦਨ ਹੇਠਲੀ ਝਾਲਰ ਅਤੇ ਦੁੱਧ ਦੀ ਨਾੜੀ ਵੱਡੇ ਆਕਾਰ ਦੀ ਹੁੰਦੀ ਹੈ। | ਗਊਆਂ ਕਾਫ਼ੀ ਦੁੱਧ ਦੇਣ ਦੀ ਸਮਰੱਥਾ ਰੱਖਦੀਆਂ ਹਨ। ਬਲ਼ਦ ਢੋਆ-ਢੁਆਈ ਲਈ ਕਾਫ਼ੀ ਤਾਕਤਵਰ ਹੁੰਦੇ ਹਨ। |
| 5. ਥਰਪਾਰਕਰ | ਥਾਰੀ | ਮਾਰਵਾੜ ਦਾ ਇਲਾਕਾ ਜੋ ਰਾਜਸਥਾਨ ਤੇ ਗੁਜਰਾਤ ਵਿੱਚ ਹੈ। | ਸਫ਼ੈਦ ਜਾਂ ਸਲੇਟੀ | ਸਰੀਰ ਦਰਮਿਆਨਾ, ਛੋਟੀਆਂ ਪਰ ਤਕੜੀਆਂ ਲੱਤਾਂ, ਲੰਮੀ ਵੇਲ ਅਤੇ ਸਿੰਗਾਂ ਦਰਮਿਆਨ ਚੌੜੀ ਜਗ੍ਹਾ ਹੁੰਦੀ ਹੈ। ਆਮ ਤੌਰ ਤੇ ਛੋਟੇ ਜਾਨਵਰ (Calf) ਵਿੱਚ ਕੰਗਰੋੜ ਜਾਂ ਰੀੜ੍ਹ ਦੀ ਹੱਡੀ ਉੱਪਰ ਅਕਸਰ ਇੱਕ ਸਫ਼ੈਦ ਜਾਂ ਸਲੇਟੀ ਲਕੀਰ ਹੁੰਦੀ ਹੈ। | ਬਲ਼ਦ ਖੇਤੀ ਦੇ ਕੰਮ ਅਤੇ ਢੋਆ-ਢੁਆਈ ਲਈ ਤਾਕਤਵਰ ਹੁੰਦੇ ਹਨ। ਗਊਆਂ ਕਾਫ਼ੀ ਦੁੱਧ ਦਿੰਦੀਆਂ ਹਨ। |

3.1. ਸਾਰਨੀ

ਸਾਰਨੀ ਗ੍ਰਾਣੀ 3.2 : ਦੇਸੀ ਨਸਲਾਂ ਦੀਆਂ ਗਊਆਂ ਦੇ ਗੁਣਾਂ ਦਾ ਮੁਕਾਬਲਾ

| ਨਸਲ | ਪਹਿਲੇ ਸੂਏ ਵੇਲ਼ੇ ਉੱਪਰ (ਮਹੀਨੇ) | ਦੋ ਸੂਇਆਂ ਵਿਚਕਾਰਲਾ ਸਮਾਂ (ਮਹੀਨੇ) | ਇੱਕ ਸੂਏ ਦਾ ਔਸਤਨ ਦੁੱਧ (ਲਿਟਰ) | ਦੁੱਧ ਵਿੱਚ ਚਿਕਨਾਈ (ਪ੍ਰਤਿਸ਼ਤ) |
|---|---|---|---|---|
| 1. ਗਿਰ | 46.0 | 13.4 | 2110 | 4.6 |
| 2. ਹਰਿਆਣਾ | 51.3 | 15.8 | 997 | 4.5 |
| 3. ਸਾਹੀਵਾਲ | 41.7 | 15.6 | 2325 | 4.9 |
| 4. ਸਿੰਧੀ | 43.5 | 14.5 | 1840 | 4.5 |
| 5. ਥਰਪਾਰਕਰ | 41.3 | 14.1 | 1749 | 4.8 |

ਗਿਰ



ਹਰਿਆਣਾ



ਸਾਹੀਵਾਲ



ਲਾਲ-ਸਿੰਧੀ



ਥਰਪਾਰਕਰ



**ਤਸਵੀਰ 3.2: ਦੇਸੀ ਨਸਲਾਂ ਦੀਆਂ ਗਊਆਂ ਦੀਆਂ ਤਸਵੀਰਾਂ**

**ਵਲਾਇਤੀ ਗਾਵਾਂ** (Bos taurus)

ਦੁੱਧ ਦੀ ਪੈਦਾਵਾਰ ਵਧਾਉਣ ਦੇ ਮੰਤਵ ਨਾਲ਼ ਭਾਰਤ ਵਿੱਚ ਵਲਾਇਤੀ ਗਾਂਵਾਂ ਦੀ ਵਰਤੋਂ ਕੀਤੀ ਗਈ ਹੈ। ਵਲਾਇਤੀ ਗਾਂਵਾਂ ਦੀਆਂ ਮਸ਼ਹੂਰ ਨਸਲਾਂ ਇਹ ਹਨ:

ਹੌਲਸਟੀਨ ਫ਼ਰੀਜ਼ੀਅਨ (H.F) ਬ੍ਰਾਊਨ ਸਵਿੱਸ, ਜਰਸੀ ਅਤੇ ਆਇਰਸ਼ਾਇਰ (ਸਾਰਨੀ 3.3)।

**ਸਾਰਨੀ 3.3 ਵਲਾਇਤੀ ਗਾਂਵਾਂ ਦੀਆਂ ਨਸਲਾਂ**

| ਨਸਲ | ਕੁਦਰਤੀ ਰਿਹਾਇਸ਼ ਵਾਲ਼ਾ ਇਲਾਕਾ ਜਾਂ ਦੇਸ | ਚਮੜੀ ਜਾ ਰੰਗ | ਇੱਕ ਸੂਏ ਦਾ ਔਸਤਨ ਦੁੱਧ (ਲਿਟਰ) | ਦੁੱਧ ਵਿੱਚ ਚਿਕਨਾਈ |
|---|---|---|---|---|
| ਹੌਲਸਟੀਨ ਫਰੀਜ਼ਅਨ | ਹਾਲੈਂਡ | ਕਾਲ਼ਾ ਅਤੇ ਸਫ਼ੈਦ | 6100-6200 | 3.5 |
| ਜਰਸੀ | ਅੰਗੇਰਜ਼ੀ ਚੈਨਲ ਵਿੱਚ ਜਰਸੀ ਟਾਪੂ | ਹਿਰਨੀ ਦੇ ਰੰਗ ਵਰਗਾ ਰੰਗ ਵਿੱਚ ਸਫ਼ੈਦ ਚਟਾਕ ਹੋ ਸਕਦਾ ਹੈ। | 4000-4500 | 5.5 |
| ਬ੍ਰਾਊਨ ਸਵਿੱਸ | ਸਵਿਟਜ਼ਰਲੈਂਡ | ਗੂੜ੍ਹਾ ਭੂਰਾ ਰੰਗ | 5200-5400 | 4.0 |
| ਆਇਰਸ਼ਾਇਰ ਜਾਂ ਏਯਰਸ਼ਾਯਰ | ਸਕਾਟਲੈਂਡ | ਹਲਕਾ ਜਾਂ ਗੂੜ੍ਹਾ ਭੂਰਾ ਰੰਗ ਜਿਸ ਵਿੱਚ ਕਾਲ਼ੇ ਰੰਗ ਦੀ ਝਲਕ ਹੁੰਦੀ ਹੈ। | 4800-5000 | 4.1 |

**ਦੋਗਲੀ ਨਸਲ ਦੀਆਂ ਗਾਂਵਾਂ**

ਦੋ ਵੱਖਰੀਆਂ ਨਸਲਾਂ ਜਾਂ ਪ੍ਰਜਾਤੀਆਂ ਜਿਵੇਂ ਕਿ ਹੋਲਸਟੀਨ ਫ਼ਰੀਜ਼ੀਅਨ (H.F) ਸਾਨ੍ਹ ਅਤੇ ਸਾਹੀਵਾਲ ਗਾਂ ਦਰਮਿਆਨ ਮਿਲ਼ਾਪ ਨੂੰ ਕ੍ਰਾਸ-ਬ੍ਰੀਡਿੰਗ ਕਿਹਾ ਜਾਂਦਾ ਹੈ। ਅਜਿਹੇ ਮਿਲਾਪ ਤੋਂ ਪੈਦਾ ਹੋਈ ਸੰਤਾਨ ਕਰਾਸ ਬ੍ਰੀਡ ਜਾਂ ਦੋਗਲੀ ਨਸਲ ਕਹਾਉਂਦੀ ਹੈ। ਦੋਗਲੇ ਪਸ਼ੂਆਂ ਵਿੱਚ ਆਪਣੀ ਮਾਂ (ਸਾਹੀਵਾਲ ਗਾਂ) ਅਤੇ ਬਾਪ (ਹੌਲਸਟੀਅਨ ਫ਼ਰੀਜ਼ੀਅਨ ਸਾਨ੍ਹ) ਦੋਹਾਂ ਦੇ ਗੁਣ (ਵਿਸ਼ੇਸ਼ਤਾਈਆਂ) ਆ ਜਾਂਦੇ ਹਨ। ਦੁਧਾਰੂ ਪਸ਼ੂਆਂ ਦੇ ਇਸ ਨਸਲ-ਸੁਧਾਰ ਪ੍ਰੋਗਰਾਮ ਨੇ ਭਾਰਤ ਦੁਆਰਾ ਵਿਸ਼ਵ ਦੇ ਸਭ ਤੋਂ ਵੱਡੇ ਦੁੱਧ ਉਤਪਾਦਕ ਦੇਸ ਦੇ ਰੁਤਬੇ ਨੂੰ ਹਾਸਲ ਕਰਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਦੋਗਲੀ ਨਸਲ ਦੀਆਂ ਗਾਂਵਾਂ ਦੀਆਂ ਕੁਝ ਵੰਨਗੀਆਂ, ਉਨ੍ਹਾਂ ਵਿੱਚ ਦੇਸੀ ਅਤੇ ਵਲਾਇਤੀ ਵੰਸ਼ ਦੇ ਗੁਣ ਅਤੇ ਉਤਪਤੀ ਦੇ ਇਲ਼ਾਕੇ ਬਾਰੇ ਜਾਣਕਾਰੀ ਸਾਰਨੀ 3.4 ਵਿੱਚ ਦਰਸਾਈ ਗਈ ਹੈ। ਸਾਰਨੀ 3.4.1 ਵਿੱਚ ਦੇਸੀ ਅਤੇ ਵਲਾਇਤੀ ਗਾਂਈਆਂ ਦੇ ਗੁਣਾਂ ਦਾ ਮੁਕਾਬਲਾ ਕੀਤਾ ਗਿਆ ਹੈ।

**ਸਾਰਨੀ 3.4: ਭਾਰਤ ਵਿੱਚ ਪਾਈਆਂ ਜਾਂਦੀਆਂ ਦੋਗਲੀਆਂ ਗਾਵਾਂ**

| ਕ੍ਰਮ-ਅੰਕ | ਦੋਗਲੀ ਨਸਲ ਦਾ ਨਾਂ | ਆਪਸੀ ਮਿਲ਼ਾਪ ਵਾਲੇ ਮਾਪੇ ਦੇਸੀ ਨਸਲ ਦੀ ਗਾਂ | ਵਲਾਇਤੀ ਸਾਨ੍ਹ | ਉਤਪਤੀ ਦਾ ਸਥਾਨ |
|---|---|---|---|---|
| 1 | ਸੁਨੰਨਦੀਨੀ | ਦੇਸੀ ਗਾਂ (37.5%) | ਬ੍ਰਾਊਨ ਸਵਿੱਸ (62.5%) | ਕੇਰਲਾ |
| 2 | ਕਰਨ ਸਵਿਸ | ਸਾਹੀਵਾਲ ਅਤੇ ਲਾਲ ਸਿੰਧੀ | ਬ੍ਰਾਊਨ ਸਵਿੱਸ | ਹਰਿਆਣਾ, ਕਰਨਾਲ |
| 3 | ਫ਼ਰਿਜ਼ਵਾਲ | ਸਾਹੀਵਾਲ (37.5%) | ਹੌਲਸੀਅਨ ਫਰੀਜ਼ੀਅਨ (62.5%) | ਮਿਲਟਰੀ ਡੇਅਰੀ ਫਾਰਮ |
| 4 | ਕਰਨ ਫ਼ਰੀਜ਼ | ਥਰਪਾਰਕਰ | ਹੌਲਸਟੀਅਨ ਫ਼ਰੀਜ਼ੀਅਨ | ਕਰਨਾਲ, (ਹਰਿਆਣਾ) |
| 5 | ਫੁਲੇ ਤ੍ਰਿਵੇਨੀ | ਗਿਰ (25%) | ਹੌਲਸਟੀਅਨ ਫ਼ਰੀਜ਼ੀਅਨ (50%), ਜਰਸੀ (25%) | ਮਹਾਂਰਾਸ਼ਟਰ |

**ਭਾਰਤ ਦੀਆਂ ਮੱਝਾਂ**

ਭਾਰਤ ਵਿੱਚ ਦੋ ਤਰ੍ਹਾਂ ਦੀਆਂ ਮੱਝਾਂ ਮਿਲ਼ਦੀਆਂ ਹਨ, ਜਿਵੇਂ ਕਿ ਦਲਦਲੀ ਮੱਝਾਂ ਅਤੇ ਦਰਿਆਈ ਮੱਝਾਂ। ਦਲਦਲੀ ਮੱਝਾਂ ਸਿੱਲ੍ਹੇ ਤੇ ਦਲਦਲ ਵਾਲ਼ੇ ਇਲਾਕਿਆਂ ਵਿੱਚ ਮਿਲਦੀਆਂ ਹਨ ਜਿੱਥੇ ਇਹ ਗਾਰੇ ਵਿੱਚ ਲਿਟਣਾ ਅਤੇ ਉੱਥੋਂ ਦੇ ਘਾਹ-ਫੂਸ ਨੂੰ ਖਾਣਾ ਪਸੰਦ ਕਰਦੀਆਂ ਹਨ। ਇਹ ਮੁੱਖ ਤੌਰ ਤੇ ਅਸਾਮ ਅਤੇ ਤਾਮਿਲਨਾਡੂ ਵਿੱਚ ਮਿਲ਼ਦੀਆਂ ਹਨ, ਜਿਵੇਂ ਕਿ ਟੋਡਾ। ਦਰਿਆਈ ਮੱਝਾਂ ਨਹਿਰਾਂ, ਟੋਭਿਆਂ ਅਤੇ ਦਰਿਆਵਾਂ ਦੇ ਸਾਫ਼ ਸੁਥਰੇ ਪਾਣੀ ਵਿੱਚ ਤਾਰੀਆਂ ਲਾਉਣਾ ਪਸੰਦ ਕਰਦੀਆਂ ਹਨ। ਇਹ ਇਹਨਾਂ ਦੀ ਕੁਦਰਤੀ ਰਿਹਾਇਸ਼ ਹੈ। ਦਰਿਆਈ ਮੱਝਾਂ ਦੀਆਂ ਪ੍ਰਮੁੱਖ ਨਸਲਾਂ ਇਹ ਹਨ; ਮੁਰ੍ਹਾਂ, ਨੀਲੀ ਰਾਵੀ, ਸੁਰਤੀ, ਮਹਿਸਾਣਾ, ਜ਼ਫਰਾਬਾਦੀ ਅਤੇ ਭੱਦਾਵਰੀ। ਦੁੱਧ ਪੈਦਾਵਾਰ ਲਈ ਇਨ੍ਹਾਂ ਦੀ ਵੱਡੇ ਪੱਧਰ 'ਤੇ ਵਰਤੋਂ ਕੀਤੀ ਜਾਂਦੀ ਹੈ ਅਤੇ ਇਹਨਾਂ ਦੇ ਦੁੱਧ ਵਿੱਚ ਚਿਕਨਾਈ ਦੀ ਮਾਤਰਾ ਅਧਿਕ ਹੁੰਦੀ ਹੈ। ਇਲਾਕੇ ਦੇ ਆਧਾਰ 'ਤੇ ਭਾਰਤ ਵਿੱਚ ਮਿਲਣ ਵਾਲ਼ੀਆਂ ਮੱਝਾਂ ਨੂੰ ਪੰਜ ਵੱਖ-ਵੱਖ ਵਰਗਾਂ ਵਿੱਚ ਵੰਡਿਆਂ ਜਾ ਸਕਦਾ ਹੈ, ਜਿਵੇਂ ਸਾਰਨੀ ਨੰ: 3.5 ਵਿੱਚ ਦਰਸਾਇਆ ਗਿਆ ਹੈ। ਰਿਹਾਇਸ਼ ਦੇ ਲਿਹਾਜ਼ ਅਨੁਸਾਰ ਮੱਝਾਂ ਦੀਆਂ ਪ੍ਰਮੁੱਖ ਨਸਲਾਂ ਦੇ ਗੁਣ/ਵਿਸ਼ੇਸ਼ਤਾਈਆਂ ਸਾਰਨੀ ਨੰ: 3.6 ਵਿੱਚ ਦਿੱਤੀਆਂ ਜਾਂਦੀਆਂ ਹਨ।

**ਸਾਰਨੀ 3.5 ਭਾਰਤੀ ਮੱਝਾਂ ਦੇ ਵਰਗ, ਉਤਪਤੀ-ਸਥਾਨ ਅਤੇ ਸਿੰਗਾਂ ਦੀਆਂ ਵਿਸ਼ੇਸ਼ਤਾਈਆਂ**

| ਵਰਗ | ਨਸਲ | ਉਤਪਤੀ-ਸਥਾਨ | ਸਿੰਗਾ ਦੇ ਗੁਣ |
|---|---|---|---|
| ਪੰਜਾਬ ਅਤੇ | 1. ਮੁਰ੍ਹਾ | ਰੋਹਤਕ, ਜੀਂਦ, ਹਿਸਾਰ ਭਿਵਾਨੀ, ਸੋਨੀਪਤ ਜ਼ਿਲ੍ਹੇ (ਹਰਿਆਣਾ) | ਪੱਧਰੇ, ਛੋਟੇ ਅਤੇ ਮੁੜੇ ਹੋਏ ਕੁੰਢੇ ਸਿੰਗ |
| ਹਰਿਆਣਾ | 2. ਨੀਲੀ ਰਾਵੀ | ਪੰਜਾਬ ਅਤੇ ਫਿਰੋਜ਼ਪੁਰ | ਛੋਟੇ ਅਤੇ ਘੁਮਾਅਦਾਰ ਕੁੰਢੇ |
| ਗੁਜਰਾਤ | 1. ਸੁਰਤੀ | ਕਾਇਰਾ ਅਤੇ ਬੜੋਦਾ | ਪੱਧਰੇ, ਦਾਤਰੀ ਦੀ ਸ਼ਕਲ ਵਰਗੇ, ਸਿੰਗਾਂ ਦੀ ਨੋਕ ਇੱਕ ਹੁੱਕ ਵਾਂਗ ਮੁੜੀ ਹੁੰਦੀ ਹੈ। |
| | 2. ਜ਼ਫਰਾਬਾਦੀ | ਕੱਛ, ਜੂਨਾਗੜ ਅਤੇ ਜਾਮਨਗਰ | ਭਾਰੇ ਮੋਟੇ ਤਾਜ਼ੇ ਸਿੰਗ ਹੁੰਦੇ ਹਨ, ਜੋ ਗਰਦਨ ਤੋਂ ਹੇਠਾਂ ਲਟਕੇ ਹੁੰਦੇ ਹਨ। |
| | 3. ਮਹਿਸਾਣਾ | ਮਹਿਸਾਣਾ, ਸਾਬਰਕੰਠਾ, ਬਨਾਸਕੰਠਾ | ਮੁਰ੍ਹਾ ਨਾਲ਼ੋਂ ਸਿੰਗ ਵੱਡੇ ਹੁੰਦੇ ਹਨ ਅਤੇ ਵੱਡੇ ਘੇਰੇ ਵਿੱਚ ਮੁੜੇ ਹੋਏ ਬੇਢਬੇ ਸਿੰਗ ਹੁੰਦੇ ਹਨ। |
| | 4. ਬਾਨੀ | ਗੁਜਰਾਤ | ਸਿੰਗ ਸਿੱਧੇ ਉਤਾਂਹ ਵੱਲ ਅਤੇ ਸਿਰੇ ਤੋਂ ਲਟਕਵੇਂ ਇੱਕ ਜਾਂ ਦੋ ਕੁੰਡਲ ਬਣਾਉਂਦੇ ਹਨ। |

| ਵਰਗ | ਨਸਲ | ਉਤਪਤੀ-ਸਥਾਨ | ਸਿੰਗਾ ਦੇ ਗੁਣ |
|---|---|---|---|
| ਉੱਤਰ-ਪ੍ਰਦੇਸ਼ | 1. ਭੱਦਾਵਰੀ | ਆਗਰਾ ਦੀ ਬੀਹ ਤਹਿ-ਸੀਲ ਦੇ ਭੱਦਾਵਰੀ ਦਾ ਇਲਾਕਾ, ਇਟਾਵਾ ਤੇ ਗਵਾਲੀਅਰ ਜਿਲਾ (ਯੂ.ਪੀ) | ਸਿੰਗ ਉਤਾਂਹ ਵੱਲ ਫੇਰ ਪਿਛਾਂਹ ਵੱਲ ਗਰਦਨ ਦੇ ਸਮਾਨਾਂਤਰ ਮੁੜ ਕੇ ਅੰਤ ਉਤਾਂਹ ਵੱਲ ਮੁੜ ਜਾਂਦੇ ਹਨ। |
| | 2. ਤਰਾਈ | ਉੱਤਰਪ੍ਰਦੇਸ਼ ਦਾ ਤਰਾਈ-ਇਲਾਕਾ | ਲੰਮੇ, ਚਪਟੇ ਤਿੱਖੇ ਸਿੰਗ ਜੋ ਪਿਛਾਂਹ ਮੁੜ ਕੇ ਫੇਰ ਉਤਾਂਹ ਵੱਲ ਮੁੜ ਜਾਂਦੇ ਹਨ। |
| ਮੱਧ ਭਾਰਤ | 1. ਨਾਗਪੁਰੀ | ਮਹਾਰਾਸ਼ਟਰ ਦੇ ਨਾਗਪੁਰ, ਅਕੋਲਾ ਅਤੇ ਅਮਰਾਵਤੀ ਜਿਲ੍ਹੇ | ਇਹਨਾਂ ਦੇ ਸਿੰਗ ਲੰਮੇ, ਚਪਟੇ ਤਲਵਾਰ ਵਰਗੇ ਪਿਛਾਂਹ ਨੂੰ ਮੁੜੇ ਹੋਏ ਹੁੰਦੇ ਹਨ। |
| | 2. ਮਰਾਠਵਾੜੀ | ਮਹਾਰਾਸ਼ਟਰ ਦੇ ਬੀਡ, ਪਰਬਨੀ, ਜਾਲਨਾ ਜ਼ਿਲ੍ਹੇ ਅਤੇ ਨੰਦੇੜ, ਲਾਤੂਰ, ਹਿੰਗੋਲੀ ਅਤੇ ਉਸਮਾਨਾਬਾਦ ਜ਼ਿਲ੍ਹਿਆਂ ਦੇ ਕੁਝ ਇਲਾਕੇ | ਇਹਨਾਂ ਦੇ ਸਿੰਗ ਗੋਲ ਮੁਕਾਬਲਤਨ ਛੋਟੇ, ਹਲਕੇ ਮੁੜੇ ਹੋਏ, ਗਰਦਨ ਦੇ ਸਮਾਨਾਂਤਰ ਪਿਛਾਂਹ ਵੱਲ ਜਾਂਦੇ ਹਨ ਜੋ ਢੂੱਠ ਤੋਂ ਪਿਛਾਂਹ ਨਹੀਂ ਜਾਂਦੇ। |
| | 3. ਪੰਡਾਰਪੁਰੀ | ਪੱਛਮੀ ਆਂਧਰਾ ਪ੍ਰਦੇਸ਼, ਉੱਤਰੀ ਕਰਨਾਟਕਾ, ਆਂਧਰਾ ਪ੍ਰਦੇਸ਼ ਅਤੇ ਉੜੀਸਾ ਦਾ ਪਰਬਤੀ ਇਲਾਕਾ ਅਤੇ ਛੱਤੀਸਗੜ੍ਹ ਦਾ ਬਿਲਾਸਪੁਰ ਜ਼ਿਲ੍ਹਾ | ਲੰਮੇ ਤਲਵਾਰ ਵਰਗੇ ਟੇਢੇ-ਮੇਢੇ ਸਿੰਗ। |
| | 4. ਕਾਲਾਹਾਂਡੀ | ਆਂਧਰਾ ਪ੍ਰਦੇਸ਼ ਦਾ ਪੂਰਬੀ ਹਿੱਸਾ ਅਤੇ ਨਾਲ਼ ਲੱਗਦੇ ਉੜੀਸਾ ਦੇ ਕੁਝ ਇਲਾਕੇ | ਮੋਟੇ, ਚੌੜੇ, ਅੱਧੇ ਮੁੜੇ ਹੋਏ ਸਿੰਗ ਜੋ ਨੋਕਾਂ ਤੋਂ ਪਿਛਾਂਹ ਵੱਲ ਮੁੜ ਜਾਂਦੇ ਹਨ। |
| | 5. ਚਿਲੀਕਾ | ਉੜੀਸਾ ਦੀ ਚਿਲੀਕਾ ਨਦੀ ਦੇ ਆਸ-ਪਾਸ ਦੇ ਇਲਾਕੇ | ਪਸ਼ੂ ਦੀ ਉਮਰ ਵੱਧਣ ਦੇ ਨਾਲ-ਨਾਲ ਸਿੰਗ ਉਪਰ ਵੱਲ ਅਤੇ ਪਾਸਿਆਂ ਵੱਲ, ਲਗਾਤਾਰ ਵੱਧਦੇ ਰਹਿੰਦੇ ਹਨ ਅਤੇ ਅੰਤ ਅੰਦਰ ਵੱਲ ਮੁੜ ਜਾਂਦੇ ਹਨ। ਇੰਞ ਦਾਤਰੀ ਦੀ ਸ਼ਕਲ ਵਰਗੇ ਸਿੰਗ ਬਣ ਜਾਂਦੇ ਹਨ। ਕਈ ਵੇਰ ਦੋਹਾਂ ਸਿੰਗਾਂ ਦੇ ਸਿਰੇ ਇੱਕ ਦੂਸਰੇ ਦੇ ਨਜ਼ਦੀਕ ਆਉਣ ਨਾਲ਼ ਇੱਕ ਚੱਕਰ ਵਾਂਗ ਬਣ ਜਾਂਦੇ ਹਨ। |
| ਦੱਖਣ ਭਾਰਤ | 6. ਟੋਡਾ | ਤਾਮਿਲਨਾਡੂ ਦੇ ਨੀਲਗਿਰੀ ਪਰਬਤ | ਇਹਨਾਂ ਦੇ ਸਿੰਗ ਬਾਹਰ ਵੱਲ, ਅਗਾਂਹ ਵੱਲ ਅਤੇ ਅੰਦਰ ਵੱਲ ਵੱਧਣ ਕਾਰਨ ਇੱਕ ਅਰਧ-ਚੱਕਰ ਜਾਂ ਚੰਦਰਮਾ ਵਰਗੀ ਸ਼ਕਲ ਬਣਾਉਂਦੇ ਹਨ। |

ਸਾਰਨੀ 3.6: ਮੱਝਾਂ ਦੀਆਂ ਪ੍ਰਮੁੱਖ ਨਸਲਾਂ ਦੀਆਂ ਵਿਸ਼ੇਸ਼ਤਾਈਆਂ

| ਨਸਲ | ਕੁਦਰਤੀ ਰਿਹਾਇਸ਼ ਵਾਲ਼ਾ ਇਲਾਕਾ | ਪਹਿਲੇ ਸੂਏ ਵੇਲ਼ੇ ਉਮਰ (ਮਹੀਨੇ) | ਦੋ ਸੂਇਆਂ ਵਿਚਕਾਰ ਵਕਫ਼ਾ (ਮਹੀਨੇ) | ਦੁੱਧ ਦੀ ਔਸਤ ਪੈਦਾਵਾਰ (ਲਿਟਰ) | ਚਿਕਨਾਈ(%) |
|---|---|---|---|---|---|
| ਮੁਰ੍ਹਾ | ਰੋਹਤਕ, ਕਰਨਾਲ, ਹਿਸਾਰ, ਗੁੜਗਾਓਂ | 42–52 | 14–16 | 1400–2300 | 6.9 |
| ਜਫ਼ਰਾਬਾਦੀ | ਕਾਠੀਆਵਾੜ ਦੇ ਗਿਰ ਜੰਗਲ, ਜੂਨਾਗੜ੍ਹ, ਜ਼ਫ਼ਰਾਬਾਦ, ਜਾਮਨਗਰ, ਕੱਛ (ਗੁਜਰਾਤ) | 40–45 | 14–15 | 1300–1400 | 9–10 |
| ਬੱਧਾਵਰੀ | ਬੱਧਾਵਰੀ ਇਲਾਕਾ (ਆਗਰਾ), ਗਵਾਹਰ, ਇਟਾਵਾ, ਯੂ.ਪੀ | 50–52 | 14–15 | 1100–1300 | 7–13 |
| ਸੁਰਤੀ | ਅਨੰਦ, ਬੜੋਦਾ ਅਤੇ ਸੂਰਤ (ਗੁਜਰਾਤ) | 36–38 | 15–16 | 1300–1400 | 7.5 |
| ਨੀਲੀ ਰਾਵੀ | ਫ਼ਿਰੋਜ਼ਪੁਰ (ਪੰਜਾਬ) | 41–53 | 15–17 | 2000 | 6.5 |
| ਮਹਿਸਾਨਾ | ਮਹਿਸਾਨਾ (ਗੁਜਰਾਤ) | 34–36 | 16 | 1800–2700 | 6.6–8.1 |
| ਨਾਗਪੁਰੀ | ਨਾਗਪੁਰ, ਵਾਰਧਾ (ਮਹਾਰਾਂਸ਼ਟਰ) ਅਤੇ ਬੇਰਾਰ (ਮੱਧ ਪ੍ਰਦੇਸ਼) | 36–40 | | 825 | 7.0 |


ਮੁਰ੍ਹਾ



ਜ਼ਫਰਾਬਾਦੀ



ਬੱਧਾਵਰੀ



ਸੁਰਤੀ



ਨੀਲੀ ਰਾਵੀ



ਮਹਿਸਾਨਾ



ਨਾਗਪੁਰੀ



**ਤਸਵੀਰਾਂ 3.3: ਭਾਰਤੀ ਮੱਝਾਂ ਦੀਆਂ ਵੱਖ-ਵੱਖ ਨਸਲਾਂ ਦੀਆਂ ਤਸਵੀਰਾਂ**

## ਅਭਿਆਸ

**ਗਤੀਵਿਧੀ** 1. : ਗਊਆਂ ਅਤੇ ਮੱਝਾਂ ਦੀਆਂ ਵੱਖ-ਵੱਖ ਨਸਲਾਂ ਨੂੰ ਪਛਾਣੋ

**ਲੁੜੀਂਦਾ ਸਮਾਨ:**

1. ਗਾਂਵਾਂ ਅਤੇ ਮੱਝਾਂ ਦੀਆਂ ਨਸਲਾਂ ਦਾ ਚਾਰਟ।
2. ਗਾਂਵਾਂ ਅਤੇ ਮੱਝਾਂ ਦੀਆਂ ਵੱਖ-ਵੱਖ ਨਸਲਾਂ ਦੀਆਂ ਵਿਸ਼ੇਸ਼ਤਾਈਆਂ।

**ਕਾਰਜ ਪ੍ਰਨਾਲੀ**

1. ਇਕ ਡੇਅਰੀ-ਫ਼ਾਰਮ ਦਾ ਦੌਰਾ ਕਰੋ।
2. ਵੱਖ-ਵੱਖ ਡੰਗਰਾਂ ਦੀਆਂ ਵਿਸ਼ੇਸ਼ਤਾਈਆਂ ਦਾ ਨਿਰੀਖਣ ਕਰਕੇ ਨੋਟ ਕਰੋ।
3. ਖ਼ੁਦ ਨਸਲ ਦੀ ਪਹਿਚਾਣ ਕਰੋ।

## ਆਪਣੀ ਪ੍ਰਗਤੀ ਦੀ ਪਰਖ ਕਰੋ

**ੳ) ਸਹੀ ਉੱਤਰ ਦੀ ਚੋਣ ਕਰੋ-**

1. ਹੇਠ ਲਿਖੀਆਂ ਵਿੱਚੋਂ ਕਿਹੜੀ ਵਲਾਇਤੀ ਗਾਂਵਾਂ ਦੀ ਨਸਲ ਨਹੀਂ ਹੈ ?

   ੳ) ਜਰਸੀ  ਅ) ਹੌਲਸਟੀਨ ਫ਼ਰੀਜ਼ੀਅਨ  ੲ) ਥਾਰਪਾਰਕਰ  ਸ) ਬ੍ਰਾਊਨ ਸਵਿੱਸ

2. ਹੇਠ ਲਿਖੀਆਂ ਵਿੱਚੋਂ ਮੱਝ ਦੀ ਨਸਲ ਕਿਹੜੀ ਹੈ?

   ੳ) ਮੁਰ੍ਹਾ  ਅ) ਸਾਹੀਵਾਲ  ੲ) ਥਰਪਾਰਕਰ  ਸ) ਗਿਰ

3. ਹੇਠ ਲਿਖੀਆਂ ਵਿੱਚ ਕਿਹੜੀ ਨਸਲ ਦੋਗਲੀ ਨਹੀਂ ਹੈ ?

   ੳ) ਕਰਨ ਸਵਿੱਸ  ਅ) ਕਰਨ ਫ਼ਰਾਈਜ਼  ੲ) ਸੁੱਨਨਦੀਨੀ  ਸ) ਗਿਰ

4. ਪੋਲ ਕਿੱਥੇ ਸਥਿਤ ਹੁੰਦਾ ਹੈ?

   ੳ) ਪਸ਼ੂ ਦੇ ਮੁੱਢ ਵਿੱਚ (ਅ) ਵੱਖੀ ਵਿੱਚ (ੲ) ਦੋ ਸਿੰਗਾਂ ਵਿਚਕਾਰ (ਸ) ਇਹਨਾਂ ਵਿੱਚੋਂ ਕਿਤੇ ਵੀ ਨਹੀਂ

5. ਹੇਠ ਦਿੱਤੀਆਂ ਜਾਤੀਆਂ ਵਿੱਚੋਂ ਕਿਸ ਜਾਤੀ ਵਿੱਚ ਗਰਦਨ ਹੇਠਲੀ ਝਾਲਰ ਹੁੰਦੀ ਹੈ?

   ੳ) ਗਾਂਵਾ  (ਅ) ਮੱਝਾਂ  (ੲ) ੳ ਅਤੇ ਅ ਦੋਵੇਂ  (ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ

**ਅ) ਖਾਲੀ ਥਾਂਵਾਂ ਭਰੋ-**

1. .............. ਗਾਂਵਾਂ ਦੇਸੀ ਅਤੇ ਵਲਾਇਤੀ ਨਸਲਾਂ ਤੋਂ ਵਿਕਸਿਤ ਕੀਤੀਆਂ ਜਾਂਦੀਆਂ ਹਨ।
2. .............. ਮੱਝਾਂ ਦੀ ਸਭ ਤੋਂ ਵਧੀਆ ਨਸਲ ਸਮਝੀ ਜਾਂਦੀ ਹੈ।
3. ਦੋਗਲੀਆਂ ਅਤੇ ਸੁੱਨਨਦੀਨੀ ਗਾਂਵਾਂ .............. ਵਿੱਚ ਮਿਲਦੀਆਂ ਹਨ।
4. ਮੱਝਾਂ ਦੀ .............. ਨਸਲ ਦੇ ਸਿੰਗ ਦਾਤਰੀ ਵਰਗੇ ਹੁੰਦੇ ਹਨ।
5. ਵਲਾਇਤੀ ਗਾਂਵਾਂ ਦਾ ਵਿਗਿਆਨਿਕ ਨਾਂ .............. ਹੈ।

**ੲ) ਸਹੀ ਜਾਂ ਗ਼ਲਤ ਦੱਸੋ-**

1. ਵਲਾਇਤੀ ਗਾਂਵਾਂ ਦੁੱਧ ਵਧੇਰੇ ਦਿੰਦੀਆਂ ਹਨ ਅਤੇ ਇਹ ਵੱਖਰੇ ਵਾਤਾਵਰਨ ਵਿੱਚ ਉਪਜੀਆਂ ਹਨ।
2. ਵਲਾਇਤੀ ਗਾਂਵਾਂ ਭਾਰਤ ਦੇ ਪੌਣ-ਪਾਣੀ ਨੂੰ ਸਹਾਰ ਲੈਂਦੀਆਂ ਹਨ।
3. ਮੱਝਾਂ ਦੀ ਜ਼ਫਰਾਵਾਦੀ ਨਸਲ ਰਾਜਸਥਾਨ ਵਿੱਚ ਮਿਲ਼ਦੀ ਹੈ।
4. ਗਾਂਵਾਂ ਦੀ ਜਰਸੀ ਨਸਲ ਡੈੱਨਮਾਰਕ ਵਿੱਚ ਮਿਲਦੀ ਹੈ।
5. ਗਾਂਵਾਂ ਦੀ ਬ੍ਰਾਊਨ ਸਵਿੱਸ ਨਸਲ ਮੁੱਖ ਤੌਰ 'ਤੇ ਸਵਿਟਜ਼ਰਲੈਂਡ ਵਿੱਚ ਮਿਲਦੀ ਹੈ।

ਸ) ਦੋ ਢੁੱਕਵੇਂ ਕਾਲਮਾਂ ਦਾ ਮੇਲ ਕਰੋ

| ਕਾਲਮ ੳ | ਕਾਲਮ (ਅ) ਤੋਂ ਚੁਣ ਕੇ ਲਿਖੋ | ਕਾਲਮ ਅ |
|---|---|---|
| 1. ਸਾਹੀਵਾਲ | | ਗੁਜਾਰਤ |
| 2. ਮਹਿਸਾਨਾ | | ਸਵਿਟਜ਼ਰਲੈਂਡ |
| 3. ਸੁਨੱਨਦੀਨੀ | | ਪੰਜਾਬ |
| 4. ਬੱਧਦਾਵਰੀ | | ਕੇਰਲਾ |
| 5. ਬ੍ਰਾਊਨ ਸਵਿੱਸ | | ਯੂ.ਪੀ. |

ਹ) ਢੁਕਵੇਂ ਸ਼ਬਦਾਂ ਨੂੰ ਜੋੜੋ/ਭਰੋ

| | | | | |
|---|---|---|---|---|
| 1 ਨੀ | | | ਵੀ | ਤ |
| | 4 | 5 | 6 | ਟ |
| | | | ਨ | |
| 2 | ਤੀ | ਸੀ | | |
| ਠ | | | | |

**ਹੇਠਾਂ ਅਤੇ ਉੱਪਰ (Up and down)**

1. ਸਭ ਤੋਂ ਵੱਧ ਦੁੱਧ ਦੇਣ ਵਾਲ਼ੀ ਮੱਝਾਂ ਦੀ ਨਸਲ
2. ਦੇਸੀ ਗਾਂਵਾਂ ਦਾ ਸਰੀਰਿਕ ਭਾਗ
3. ਪਿਛਲੀਆਂ ਲੱਤਾਂ ਦਾ ਇੱਕ ਭਾਗ
4. ਗੁਜਰਾਤ ਦੀਆਂ ਮੱਝਾਂ ਦੀ ਨਸਲ
5. ਮਸ਼ਹੂਰ ਵਲਾਇਤੀ ਗਾਂਵਾਂ ਦੀ ਨਸਲ
6. ਮੂੰਹ ਦਾ ਇੱਕ ਭਾਗ

## ਇਕਾਈ 2 : ਪਸ਼ੂਆਂ ਲਈ ਰਹਾਇਸ਼ੀ ਪ੍ਰਬੰਧ-1

**ਅਧਿਐਨ ਦਾ ਫਲ਼**

ਇਸ ਇਕਾਈ ਦੇ ਅਧਿਐਨ ਉਪਰੰਤ ਵਿਦਿਆਰਥੀ :

- ਪਸ਼ੂਆਂ ਦੀ ਰਿਹਾਇਸ਼ ਲਈ ਲੁੜੀਂਦੇ ਸ਼ੈੱਡ ਜਾਂ ਵਾੜੇ ਤਿਆਰ ਕਰਨ ਯੋਗ ਹੋ ਜਾਣਗੇ।
- ਪਸ਼ੂਆਂ ਦੇ ਸ਼ੈੱਡ ਜਾਂ ਵਾੜੇ ਦੀ ਸੁੱਚਜੀ ਸੰਭਾਲ਼ ਕਰਨ ਦੇ ਕਾਬਲ ਹੋ ਜਾਣਗੇ।


## ਭੂਮਿਕਾ

ਪਸ਼ੂ-ਪਾਲਣ ਧੰਦੇ ਤੋਂ ਵੱਧ ਤੋਂ ਵੱਧ ਪੈਦਾਵਾਰ ਲੈਣ ਲਈ ਪਸ਼ੂਆਂ ਵਾਸਤੇ ਵਿਗਿਆਨਿਕ ਤਰੀਕੇ ਅਨੁਸਾਰ ਰਿਹਾਇਸ਼ੀ ਪ੍ਰਬੰਧ ਕਰਨਾ, ਡੇਅਰੀ ਪ੍ਰਬੰਧ ਦਾ ਇੱਕ ਮਹੱਤਵਪੂਰਨ ਪਹਿਲੂ ਹੈ। ਪਸ਼ੂਆਂ ਨੂੰ ਸਾਫ਼-ਸੁਥਰੇ ਅਤੇ ਆਰਾਮਦਾਇਕ ਘਰਾਂ ਜਾਂ ਸ਼ੈੱਡਾਂ ਵਿੱਚ ਰੱਖਣ ਨਾਲ਼ ਡੰਗਰਾਂ ਦੀ ਸਿਹਤ 'ਤੇ ਚੰਗਾ ਪ੍ਰਭਾਵ ਪੈਂਦਾ ਹੈ। ਘਟੀਆ ਅਤੇ ਬੇਤਰੀਬੀ ਰਿਹਾਇਸ਼ ਦੇ ਕਾਰਨ ਸਾਂਭ-ਸੰਭਾਲ ਤੇ ਖ਼ਰਚੇ ਵੱਧ ਜਾਂਦੇ ਹਨ ਅਤੇ ਮੁਨਾਫ਼ਾ ਘੱਟ ਜਾਂਦਾ ਹੈ। ਇਸ ਲਈ ਡੇਅਰੀ-ਸ਼ੈੱਡ ਜਾਂ ਵਾੜਾ ਏਹੋ-ਜਿਹਾ ਹੋਣਾ ਚਾਹੀਦਾ ਹੈ ਜਿੱਥੇ ਪਸ਼ੂ ਅਰਾਮ ਨਾਲ਼ ਰਹਿ ਸਕਣ, ਉਨ੍ਹਾਂ ਦੀ ਸਿਹਤ ਲਈ ਢੁੱਕਵਾਂ ਹੋਵੇ ਤਾਂ ਜੋ ਸਾਂਭ-ਸੰਭਾਲ ਤੇ ਘੱਟ ਖਰਚਾ ਕਰਕੇ ਵੱਧ ਤੋਂ ਵੱਧ ਸਾਫ਼-ਸੁਥਰਾ ਦੁੱਧ ਪੈਦਾ ਕੀਤਾ ਜਾ ਸਕੇ। ਘਟੀਆ ਅਤੇ ਗੰਦੇ ਸ਼ੈੱਡਾਂ ਵਿੱਚ ਰੋਸ਼ਨੀ, ਪਾਣੀ ਅਤੇ ਮਲ-ਮੂਤਰ ਦੇ ਨਿਕਾਸ ਦਾ ਸੁਚੱਜਾ ਪ੍ਰਬੰਧ ਨਹੀਂ ਹੁੰਦਾ ਜਿਸ ਕਰਕੇ ਪਸ਼ੂਆਂ ਨੂੰ ਗਰਮੀ ਜਾਂ ਠੰਡ ਲੱਗਣ ਕਾਰਨ ਕਈ ਕਿਸਮ ਦੀਆਂ ਬਿਮਾਰੀਆਂ ਲੱਗਣ ਦਾ ਡਰ ਰਹਿੰਦਾ ਹੈ। ਨਤੀਜੇ ਵਜੋਂ ਉਹਨਾਂ ਦੀ ਜਨਣ-ਸ਼ਕਤੀ ਅਤੇ ਦੁੱਧ ਦੀ ਪੈਦਾਵਾਰ 'ਤੇ ਮਾਰੂ ਪ੍ਰਭਾਵ ਪੈਂਦਾ ਹੈ। ਇਸ ਲਈ ਇਸ ਇਕਾਈ ਵਿੱਚ ਡੇਅਰੀ-ਫ਼ਾਰਮਿੰਗ ਲਈ ਢੁੱਕਵੇਂ, ਸਾਫ਼-ਸੁਥਰੇ ਸ਼ੈੱਡ ਬਣਾਉਣ ਅਤੇ ਮਲਮੂਤਰ ਦੀ ਸੁੱਚਜੀ ਨਿਕਾਸੀ ਬਾਰੇ ਗਿਆਨ ਪ੍ਰਦਾਨ ਕੀਤਾ ਜਾਵੇਗਾ।

## ਸੈਸ਼ਨ-1: ਪਸ਼ੂਆਂ ਦੀ ਰਿਹਾਇਸ਼ ਸੰਬੰਧੀ ਮੁਢਲੇ ਸਿਧਾਂਤ

### 1. ਪਸ਼ੂਆਂ ਲਈ ਰਿਹਾਇਸ਼ ਦੀ ਮਹੱਤਤਾ


ਇੱਕ ਢੁੱਕਵੇਂ ਡੇਅਰੀ-ਸ਼ੈੱਡ ਅਤੇ ਵਾੜੇ ਤੋਂ ਬਗੈਰ ਪਸ਼ੂਆਂ ਦੀ ਸਾਂਭ-ਸੰਭਾਲ਼ ਅਧੂਰੀ ਰਹਿੰਦੀ ਹੈ। ਗਲਤ ਤਰੀਕੇ ਨਾਲ਼ ਬਣੀ ਹੋਈ ਰਿਹਾਇਸ਼ ਦੇ ਕਾਰਨ ਲੇਬਰ 'ਤੇ ਵਧੇਰੇ ਖਰਚ ਆਵੇਗਾ ਅਤੇ ਡੇਅਰੀ ਮਾਲਕ ਦਾ ਮੁਨਾਫ਼ਾ ਘਟੇਗਾ। ਗਾਵਾਂ ਦੇ ਡੇਅਰੀ ਫਾਰਮ ਲਈ ਮਕਾਨ ਜਾਂ ਸ਼ੈਡ ਬਣਾਉਣ ਲਈ ਕੁਝ ਜ਼ਰੂਰੀ ਨੁਕਤੇ ਹਨ ਜਿਵੇਂ ਕਿ ਇਹ ਪਸ਼ੂਆਂ ਲਈ ਅਰਾਮਦੇਹ ਹੋਣ, ਪਸ਼ੂਆਂ ਦੀ ਚੰਗੀ ਸਿਹਤ ਲਈ ਸਾਫ਼ ਸੁਥਰੇ ਹੋਣ, ਸੁੱਚਜੀ ਸਾਂਭ ਸੰਭਾਲ 'ਤੇ ਘੱਟ ਤੋਂ ਘੱਟ ਲੇਬਰ ਖਰਚ ਹੋਵੇ ਅਤੇ ਸਾਫ਼-ਸੁਥਰਾ ਦੁੱਧ ਪੈਦਾ ਕਰਨ ਲਈ ਸਹਾਈ ਹੋਵੇਗਾ। ਪਸ਼ੂਆਂ ਲਈ ਰਿਹਾਇਸ਼ੀ ਸ਼ੈੱਡ ਜਾਂ ਵਾੜੇ ਬਣਾਉਣ ਦਾ ਮੰਤਵ ਇਹ ਹੈ ਕਿ ਪਸ਼ੂਆਂ ਨੂੰ ਚੋਰੀ, ਸਖ਼ਤ ਮੌਸਮੀ ਹਾਲਤਾਂ, ਬਿਮਾਰੀਆਂ ਆਦਿ ਤੋਂ ਬਚਾਇਆ ਜਾਵੇ। ਅਜਿਹੇ ਮੰਤਵ ਚਾਰਟ-4.1 ਵਿੱਚ ਪ੍ਰਦਰਸ਼ਤ ਕੀਤੇ ਗਏ ਹਨ :




ਪਸ਼ੂਆਂ ਲਈ ਰਿਹਾਇਸ਼ ਦੇ ਛੇ ਮਹੱਤਵਪੂਰਨ ਪੱਖ ਚਾਰਟ :4 : 1 ਪਸ਼ੂਆਂ ਲਈ ਰਿਹਾਇਸ਼ ਦੇ ਮੰਤਵ

- ਜਗ੍ਹਾ: ਜਗ੍ਹਾ ਖੁੱਲ੍ਹੀ-ਡੁੱਲ੍ਹੀ ਹੋਵੇ ਤਾਂ ਜੋ ਪਸ਼ੂ ਆਸਾਨੀ ਨਾਲ਼ ਤੁਰ ਕੇ ਖੁਰਲੀ ਤੋਂ ਖੁਰਾਕ ਖਾ ਲੈਣ ਅਤੇ ਚੁਬੱਚੇ ਤੋਂ ਪਾਣੀ ਪੀ ਸਕਣ। ਇਸ ਸੰਬੰਧੀ ਹੋਰ ਜਾਣਕਾਰੀ ਅਗਲੀਆਂ ਇਕਾਈਆਂ ਵਿੱਚ ਦਿੱਤੀ ਗਈ ਹੈ।
- ਖੁਰਾਕ : ਪਸ਼ੂਆਂ ਨੂੰ ਜ਼ਾਇਕੇਦਾਰ ਅਤੇ ਸੰਤੁਲਿਤ ਖੁਰਾਕ ਦੇਣੀ ਚਾਹੀਦੀ ਹੈ ਜੋ ਕਿ ਪਸ਼ੂ ਸਾਮ੍ਹਣੇ ਲਗ-ਪਗ 21 ਘੰਟੇ ਉਪਲੱਬ੍ਧ ਹੋਣੀ ਜ਼ਰੂਰੀ ਹੈ।
- ਪਾਣੀ : ਇੱਕ ਦਿਨ ਵਿੱਚ ਸਾਫ਼-ਸੁਥਰਾ ਪਾਣੀ ਘੱਟੋ-ਘੱਟ 21 ਘੰਟੇ ਪਸ਼ੂ ਲਈ ਉਪਲੱਬਧ ਹੋਣਾ ਚਾਹੀਦਾ ਹੈ।
- ਹਵਾ : ਪਸ਼ੂਆਂ ਨੂੰ ਸਾਫ਼-ਸੁਥਰੀ ਤਾਜ਼ੀ ਹਵਾ ਮਿਲਣੀ ਚਾਹੀਦੀ ਹੈ।
- ਰੋਸ਼ਨੀ : ਪਸ਼ੂਆਂ ਨੂੰ ਹਰ ਰੋਜ਼ ਘੱਟੋ-ਘੱਟ 6 ਘੰਟਿਆਂ ਲਈ ਹਨੇਰੇ ਵਿੱਚ ਰੱਖਣਾ ਚਾਹੀਦਾ ਹੈ।
- ਆਰਾਮ : ਜਗ੍ਹਾ ਖੁਸ਼ਕ, ਸਾਫ਼-ਸੁਥਰੀ ਹੋਵੇ ਜਿੱਥੇ ਡੰਗਰ ਹਰ ਰੋਜ਼ ਘੱਟੋ-ਘੱਟ 13 ਘੰਟਿਆਂ ਲਈ ਲੇਟ ਕੇ ਆਰਾਮ ਕਰ ਸਕਣ।

**2. ਪਸ਼ੂ-ਘਰਾਂ ਦੀਆਂ ਕਿਸਮਾਂ**




**ਚਾਰਟ 4. 2 ਵਿੱਚ ਵੱਖ-ਵੱਖ ਤਰ੍ਹਾਂ ਦੇ ਰਹਾਇਸ਼ੀ ਸਿਸਟਮ ਦਿੱਤੇ ਗਏ ਹਨ।**

**ਚਾਰਟ 4.2 : ਪਸ਼ੂ-ਘਰਾਂ ਦੀਆਂ ਕਿਸਮਾਂ**

ੳ) ਖੁੱਲ੍ਹੇ ਵਾੜੇ: ਰਿਹਾਇਸ਼ ਦੀ ਇਸ ਪ੍ਰਨਾਲ਼ੀ ਵਿੱਚ 40-50 ਡੰਗਰਾਂ ਦੇ ਵੱਗ ਨੂੰ ਖੁੱਲ੍ਹੇ ਘਾਹ ਦੇ ਮੈਦਾਨ ਵਿੱਚ ਰਾਤ-ਦਿਨ ਰੱਖਿਆ ਜਾਂਦਾ ਹੈ ਅਤੇ ਦੁੱਧ ਚੋਣ ਵੇਲੇ ਜਾਂ ਬਿਮਾਰੀ ਦਾ ਇਲਾਜ ਕਰਨ ਵੇਲੇ ਜਾਂ ਮਿਲਾਪ ਦੇ ਸਮੇਂ ਡੰਗਰ ਨੂੰ ਬੰਨ੍ਹਿਆਂ ਜਾਂਦਾ ਹੈ। ਅਜਿਹੀ ਰਹਾਇਸ਼ ਵਿੱਚ ਖੁੱਲੀ ਜਗ੍ਹਾ ਜਾਂ ਘਾਹ ਦਾ ਮੈਦਾਨ ਜਾਂ ਅਰਾਮ ਕਰਨ ਲਈ ਸ਼ੈੱਡ ਹੋ ਸਕਦਾ ਹੈ।

ਜਿਵੇਂ ਤਸਵੀਰ 4.1 ਵਿੱਚ ਦਿਖਾਇਆ ਗਿਆ ਹੈ : ਖੁੱਲੀ ਜਗ੍ਹਾ ਦੇ ਇਕ ਪਾਸੇ ਸ਼ੈਡ ਹੈ ਜਿਸ ਹੇਠ ਮੀਂਹ, ਹਨੇਰੀ,

ਗਰਮੀ ਤੇ ਸਰਦੀ ਦੇ ਸਮੇਂ ਪਸ਼ੂ ਆ ਕੇ ਆਪਣਾ ਬਚਾਅ ਕਰ ਸਕਦੇ ਹਨ। ਰਹਾਇਸ਼ ਦੇ ਇਸ ਸਿਸਟਮ ਵਿੱਚ ਪਸ਼ੂਆਂ ਨੂੰ ਇੱਕ ਖੁੱਲ੍ਹੀ ਅਤੇ ਸਾਂਝੀ ਖੁਰਲੀ (ਤਸਵੀਰ 4.2) ਵਿੱਚ ਚਾਰਾ ਅਤੇ ਖ਼ੁਰਾਕ ਦਿੱਤੀ ਜਾਂਦੀ ਹੈ ਅਤੇ ਇੱਕ ਸਾਂਝੇ ਚੁਬੱਚੇ ਵਿੱਚ ਪੀਣ ਲਈ ਪਾਣੀ ਦਿੱਤਾ ਜਾਂਦਾ ਹੈ। ਇਸ ਪ੍ਰਕਾਰ ਦੀ ਰਹਾਇਸ਼ ਦਾ ਸਾਰਾ ਰਕਬਾ ਇੱਕ 5 ਫੁੱਟ ਉੱਚੀ ਦੀਵਾਰ ਜਾਂ ਲੋਹੇ ਦੀਆਂ ਪਾਈਪਾਂ ਦੇ ਜੰਗਲੇ ਨਾਲ਼ ਘੇਰਿਆ ਹੁੰਦਾ ਹੈ। (ਤਸਵੀਰ 4.3)

ਅਜਿਹੀ ਰਹਾਇਸ਼ ਵਿੱਚ ਇੱਕ ਵੱਖਰਾ ਕਮਰਾ ਹੋਣਾ ਚਾਹੀਦਾ ਹੈ ਜਿੱਥੇ ਦੁੱਧ ਚੋਣ ਲਈ ਲੁੜੀਂਦੀਆਂ ਸਾਰੀਆਂ ਸਹੂਲਤਾਂ ਹੋਣ।

ਡੰਗਰਾਂ ਲਈ ਅਜਿਹੀ ਰਹਾਇਸ਼ ਉਹਨਾਂ ਇਲਾਕਿਆਂ ਲਈ ਵਧੇਰੇ ਢੁੱਕਵੀਂ ਹੈ ਜਿੱਥੇ ਬਾਰਸ਼ਾਂ ਘੱਟ ਹੁੰਦੀਆ ਹਨ; ਜਿਵੇਂ ਕਿ ਪੰਜਾਬ, ਹਰਿਆਣਾ, ਰਾਜਸਥਾਨ, ਪੱਛਮੀ ਉੱਤਰ ਪ੍ਰਦੇਸ਼, ਗੁਜਰਾਤ, ਮੱਧ ਪ੍ਰਦੇਸ਼ ਤੇ ਮਹਾਰਾਸ਼ਟਰ ਦੇ ਕੁੱਝ ਇਲਾਕੇ। ਇਸ ਸਿਸਟਮ ਵਿੱਚ ਕੁਝ ਤਬਦੀਲੀਆਂ ਕਰ ਕੇ ਇਸ ਨੂੰ ਦੂਸਰੇ ਇਲਾਕਿਆਂ ਵਿੱਚ ਵਰਤਿਆ ਜਾ ਸਕਦਾ ਹੈ।



**ਤਸਵੀਰ** 4.1 : ਖੁੱਲ੍ਹਾ ਵਾੜਾ, ਜਿਸ ਵਿੱਚ ਸ਼ੈਡ ਅਤੇ ਖੁੱਲੀ ਜਗ੍ਹਾ ਹੈ, ਜੋ ਚਾਰ-ਚੁਫੇਰੇ ਤੋਂ ਲੋਹੇ ਦੀਆਂ ਪਾਈਪਾਂ ਦੇ ਜੰਗਲੇ ਨਾਲ਼ ਵਲ਼ਿਆ ਹੋਇਆ ਹੈ।



**ਤਸਵੀਰ** 4.2 : ਖੁੱਲ੍ਹੇ ਵਾੜੇ ਵਿੱਚ ਇਕ ਸਾਂਝੀ ਖੁਰਲੀ ਵਿੱਚ ਚਾਰਾ ਖਾਂਦੀਆਂ ਮੱਝਾਂ

**ਤਸਵੀਰ** 4.3 : ਖੁੱਲ੍ਹੇ ਵਾੜੇ ਦਾ ਇੱਕ ਦ੍ਰਿਸ਼

**ਫ਼ਰਸ਼**



ਵਾੜੇ ਜਾਂ ਸ਼ੈਡ ਦੇ ਫ਼ਰਸ਼ ਖੁਰਦਰੇ, ਨਾ ਤਿਲਕਣ ਵਾਲੇ, ਪਾਣੀ ਤੇ ਮਲ-ਮੂਤਰ ਨਾ ਚੂਸਣ ਵਾਲੇ, ਠੀਕ ਢਲਾਣ ਵਾਲੇ ਤੇ ਜਲਦੀ ਸੁੱਕਣ ਵਾਲ਼ੇ ਹੋਣੇ ਚਾਹੀਦੇ ਹਨ। ਇਹ ਪੱਕੀਆਂ ਇੱਟਾਂ ਦੇ ਹੋ ਸਕਦੇ ਹਨ। ਸੀਮਿੰਟ-ਬਜਰੀ ਤੋਂ ਬਣੇ ਪੱਕੇ ਫ਼ਰਸ਼ ਹੋਰ ਵੀ ਬਿਹਤਰ ਹਨ।

## ਸੈਸ਼ਨ 2 : ਪਸ਼ੂਆਂ ਦੀ ਰਿਹਾਇਸ਼ ਸੰਬੰਧੀ ਮੁਢਲੇ ਸਿਧਾਂਤ

1.0

**(ਵਰਗ ਮੀਟਰ) ਖੁੱਲ੍ਹੀ ਜਗ੍ਹਾ**
**/ਘਾਹ ਦਾ ਮੈਦਾਨ/ਚਰਾਂਦ**

7.0

8.0

4.0

2.0

**ਵੱਗ ਵਿੱਚ**

| **ਪਸ਼ੂਆਂ ਦੀ ਗਿਣਤੀ** | **ਬਨੇਰੇ ਤੱਕ ਸ਼ੈੱਡ ਦੀ** | ਹਲਕੀ ਬਾਰਿਸ਼ ਵਾਲੇ ਜਾਂ ਬਰਾਨੀ ਇਲਾਕਿਆਂ ਵਿੱਚ | ਮਨਮਰਜ਼ੀ ਨਾਲ ਪਸ਼ੂ ਖੁਰਾਕ ਖਾ ਸਕੇ ਅਤੇ | ਦਾ ਚੁਬੱਚਾ, ਸੀਮਿੰਟ, ਬਜਰੀ ਦੇ ਕੰਕਰੀਟ ਤੋਂ ਜਾਂ |
|---|---|---|---|---|
| 40 | **ਉਚਾਈ** | 220 ਸੈ: ਮੀ: | ਪਾਣੀ ਪੀ ਸਕੇ | ਪੱਕੀਆਂ ਇੱਟਾਂ ਤੋਂ ਬਣਾਏ |
| 40 | ਦਰਮਿਆਨੀ | **ਖੁਰਲੀ ਅਤੇ ਪਾਣੀ ਦਾ ਚੁਬੱਚਾ** | ਪਾਣੀ ਦਾ ਚੁਬੱਚਾ | ਜਾ ਸਕਦੇ ਹਨ। ਖੁਰਲੀਆਂ |
| 1 | ਅਤੇ ਭਾਰੀ | ਡੰਗਰ ਦੀ ਚੰਗੀ | ਖੁਰਲੀ ਦੇ ਨਜ਼ਦੀਕ | ਵਿਚਲੀ ਜਗ੍ਹਾ ਪੱਧਰੀ, |
| 1 | ਬਾਰਿਸ਼ ਵਾਲੇ | ਸਿਹਤ ਲਈ ਲੋੜ ਅਨੁਸਾਰ | ਹੋਵੇ ਨਾ ਕਿ ਪਸ਼ੂਆਂ | ਢਾਲੂ ਅਤੇ ਮੁਲਾਇਮ ਹੋਵੇ |
| 30 | ਇਲਾਕਿਆਂ | ਖੁੱਲੀ ਜਗ੍ਹਾਂ ਜ਼ਰੂਰੀ ਹੈ ਤਾਂ ਜੋ | ਦੇ ਅਰਾਮ ਕਰਨ | ਤਾਂ ਜੋ ਖੁਰਲੀਆਂ ਅਸਾਨੀ |
| 30 | ਵਿੱਚ 175 ਸੈਂ: | | ਵਾਲੀ ਜਗ੍ਹਾ ਵਿੱਚ | ਨਾਲ ਸਾਫ਼ ਹੋ ਸਕਣ ਅਤੇ |
| | ਮੀ: ਅਤੇ | | ਖੁਰਲੀ ਅਤੇ ਪਾਣੀ | |

ਡੰਗਰਾਂ ਨੂੰ ਖੁਰਾਕ ਖਾਣ ਵਿੱਚ ਕੋਈ ਦਿੱਕਤ ਨਾ ਆਵੇ। ਖੁਰਲੀਆਂ ਅਤੇ ਪਾਣੀ ਦਾ ਚੁਬੱਚਾ ਤਸਵੀਰ 4.2 ਵਿੱਚ ਦਿਖਾਇਆ ਗਿਆ ਹੈ। ਚੁਬੱਚੇ ਵਿੱਚ ਪਾਣੀ ਘੱਟੋ-ਘੱਟ 3 ਇੰਚ ਡੂੰਘਾ ਜ਼ਰੂਰ ਹੋਣਾ ਚਾਹੀਦਾ ਹੈ ਜਿਸ ਵਿੱਚ ਡੰਗਰ ਦੀ ਬੂਥੀ ਜਾਂ ਮੂੰਹ 1 ਤੋਂ 2 ਇੰਚ ਡੁੱਬ ਸਕੇ। 15-20 ਗਾਂਵਾਂ ਲਈ ਘੱਟੋ-ਘੱਟ ਇੱਕ ਚੁਬੱਚਾ ਜ਼ਰੂਰੀ ਹੈ। ਗਾਵਾਂ ਦੇ ਇੱਕ ਵੱਗ ਲਈ ਘੱਟੋ-ਘੱਟ ਦੋ ਜਗ੍ਹਾ ਤੇ ਪਾਣੀ ਮੁੱਹਈਆ ਕਰਵਾਉਣਾ ਜ਼ਰੂਰੀ ਹੈ। ਬਹੁਤ ਛੋਟੇ ਕਟੜੂਆਂ ਜਾਂ ਵਛੜੂਆਂ ਨੂੰ ਪਾਣੀ ਅਜਿਹੇ ਸਮਿਆਂ ’ਤੇ ਪਿਆਉਣਾ ਚਾਹੀਦਾ ਹੈ ਜਦੋਂ ਉਹਨਾਂ ਨੂੰ ਦੁੱਧ ਜਾਂ ਉਸ ਦੇ ਵਿਕਲਪ ਵਜੋਂ ਕੋਈ ਪਦਾਰਥ ਨਾ ਦਿੱਤਾ ਗਿਆ ਹੋਵੇ ਤਾਂਕਿ ਉਹਨਾਂ ਦੇ ਪੇਟ ਵਿੱਚ ਦਹੀਂ ਬਣਨ ਦੀ ਪ੍ਰਕਿਰਿਆ ਵਿੱਚ ਕੋਈ ਵਿਘਨ ਨਾ ਪਵੇ।

**ਸਾਰਨੀ 4.2 : ਖੁੱਲ੍ਹੇ ਵਾੜਿਆਂ ਜਾਂ ਚਰਾਂਦਾਂ ਵਿੱਚ ਖ਼ੁਰਾਕ ਅਤੇ ਪਾਣੀ**

| **ਡੰਗਰ ਦੀ ਕਿਸਮ** | **ਡੰਗਰ ਦੀ ਲੰਬਾਈ (ਮੀਟਰ)** | **ਖੁਰਲੀ ਦੀ ਲੰਬਾਈ (ਮੀਟਰ ਪ੍ਰਤਿ 100 ਡੰਗਰ)** | **ਚੁਬਚੇ ਦੀ ਲੰਬਾਈ (ਮੀਟਰ ਪ੍ਰਤਿ 100 ਡੰਗਰ)** | **ਖੁਰਲੀ/ਚੁਬੱਚੇ ਦਾ ਸਾਈਜ਼** | | |
|---|---|---|---|---|---|---|
| | | | | **ਕੰਧ ਦੀ ਉਚਾਈ ਸੈਂ:ਮੀ:** | **ਡੂੰਘਾਈ ਸੈਂ. ਮੀ.** | **ਚੌੜਾਈ ਸੈਂ. ਮੀ.** |
| ਵੱਡੀਆ ਗਾਂਵਾਂ ਅਤੇ ਮੱਝਾਂ | 0.6-0.7 | 60-75 | 6.0-7.5 | 60 | 40 | 50 |
| ਕੱਟੇ ਜਾਂ ਵੱਛੇ | 0.4-0.5 | 40-60 | 4.0-5.0 | 40 | 15 | 20 |

**ਅਰਾਮ ਲਈ ਜਗ੍ਹਾ**

ਅਜਿਹੀ ਜਗ੍ਹਾ ਖੁੱਲੀ ਥਾਂ ਵਿੱਚ ਜਾਂ ਸ਼ੈੱਡ ਵਿੱਚ ਹੋ ਸਕਦੀ ਹੈ ਜਿੱਥੇ ਲੇਟ ਕੇ ਪਸ਼ੂ ਅਰਾਮ ਕਰ ਸਕਣ।

ਠੰਢੀਆਂ ਹਵਾਵਾਂ, ਬਰਫ਼ਬਾਰੀ, ਬਾਰਿਸ਼ ਅਤੇ ਗਰਮੀ ਤੋਂ ਪਸ਼ੂਆਂ ਨੂੰ ਬਚਾਉਣ ਲਈ ਅਜਿਹੀ ਜਗ੍ਹਾ ਛੱਤੀ ਹੋਈ ਹੋਵੇ। ਦੁੱਧ ਚੋਣ ਵਾਲ਼ੇ ਕਮਰੇ ਵਿੱਚ ਪਸ਼ੂਆਂ ਨੂੰ ਲਿਜਾਣ ਜਾਂ ਬਾਹਰ ਕੱਢਣ ਲਈ ਅਜਿਹੀ ਜਗ੍ਹਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਅਰਾਮ ਕਰਨ ਵਾਲੀ ਜਗ੍ਹਾ ਵਿੱਚ ਖੁਰਲੀ ਜਾਂ ਚੁਬੱਚਾ ਨਹੀਂ ਹੋਣਾ ਚਾਹੀਦਾ।




**ਤਸਵੀਰ** 4.4: ਅਰਾਮ ਕਰਨ ਲਈ ਘਾਹ-ਫੂਸ ਜਾਂ ਝੋਨੇ ਦੀ ਪਰਾਲ਼ੀ ਤੋਂ ਬਣਾਇਆ ਹੋਇਆ ਗੱਦਾ।

ਪਸ਼ੂਆਂ ਨੂੰ ਸਾਫ਼-ਸੁਥਰਾ ਰੱਖਣ ਅਤੇ ਅਰਾਮ ਕਰਨ ਲਈ ਇੱਕ ਗੱਦਾ ਜ਼ਰੂਰੀ ਹੈ। ਇਹ ਗੱਦਾ ਡੰਗਰਾਂ ਦੇ ਮਲ-ਮੂਤਰ ਨੂੰ ਸੋਖ ਲੈਂਦਾ ਹੈ। ਤੂੜੀ, ਝੋਨੇ ਦੀ ਪਰਾਲ਼ੀ, ਕੱਟਿਆ ਹੋਇਆ ਘਾਹ, ਲੱਕੜੀ ਦੇ ਬੂਰੇ ਤੋਂ ਅਜਿਹਾ ਗੱਦਾ ਬਣਾਇਆ ਜਾ ਸਕਦਾ ਹੈ। ਗੱਦਾ ਬਣਾਉਣ ਲਈ ਵਰਤੀ ਸਮੱਗਰੀ ਮਿੱਟੀ-ਘੱਟੇ ਤੋਂ ਰਹਿਤ ਹੋਵੇ, ਪਾਣੀ ਸੋਖ ਸਕਦੀ ਹੋਵੇ ਅਤੇ ਸਥੂਲ ਹੋਵੇ। ਅਕਸਰ ਤੂੜੀ ਜਾਂ ਪਰਾਲ਼ੀ ਅਜਿਹੇ ਕੰਮ ਲਈ ਵਰਤੀ ਜਾਂਦੀ ਹੈ। ਇੱਕ ਦਿਨ ਵਿੱਚ 2 ਜਾਂ 3 ਕਿਲੋ ਪਰਾਲ਼ੀ ਜਾਂ ਤੂੜੀ ਪ੍ਰਤਿ ਗਾਂ ਲਈ ਕਾਫ਼ੀ ਹੁੰਦੀ ਹੈ। ਸੀਮਿੰਟ ਦੇ ਬਣੇ ਹੋਏ ਫ਼ਰਸ਼ ਨੂੰ ਹੀ ਤਰਜੀਹ ਦੇਣੀ ਚਾਹੀਦੀ ਹੈ। ਹਾਂਲਾਂਕਿ ਅਰਾਮ ਕਰਨ ਵਾਲ਼ੀ ਜਗ੍ਹਾ ਕੱਚੀ ਹੋਵੇ ਤਾਂ ਬਿਹਤਰ ਹੈ ਪਰੰਤੂ ਅਜਿਹਾ ਕੱਚਾ ਫ਼ਰਸ਼ ਆਲੇ-ਦੁਆਲੇ ਦੀ ਜਗ੍ਹਾ ਤੋਂ 8-12 ਇੰਚ ਉੱਚਾ ਹੋਵੇ ਅਤੇ ਬਾਹਰ ਵੱਲ ਨੂੰ ਢਾਲੂ ਹੋਵੇ ਤਾਂ ਜੋ ਪਾਣੀ ਅਤੇ ਮਲ-ਮੂਤਰ ਦੀ ਨਿਕਾਸੀ ਝੱਟ-ਪੱਟ ਹੋ ਸਕੇ।

**ਖੁੱਲ੍ਹੇ ਵਾੜਿਆਂ ਅਤੇ ਛੱਤੇ ਵਾਗਲ਼ਿਆਂ ਦੇ ਫ਼ਾਇਦੇ**

ਅਜਿਹੇ ਵਾੜੇ ਜਾਂ ਢਾਰੇ ਬਣਾਉਣ ’ਤੇ ਘੱਟ ਖ਼ਰਚ ਆਉਂਦਾ ਹੈ, ਡੰਗਰਾਂ ਲਈ ਜ਼ਿਆਦਾ ਅਰਾਮਦੇਹ ਹਨ, ਹੇਹੇ ਵਿੱਚ ਆਉਣ ਵਾਲੇ ਪਸ਼ੂ ਦੀ ਦੂਰੋਂ ਹੀ ਪਹਿਚਾਣ ਹੋ ਜਾਂਦੀ ਹੈ ਅਤੇ ਮਜ਼ਦੂਰੀ ’ਤੇ ਘੱਟ ਖ਼ਰਚ ਆਉਂਦਾ ਹੈ। ਖੁੱਲ੍ਹੇ ਵਾੜਿਆਂ ਦੇ ਫ਼ਾਇਦੇ ਚਾਰਟ ਨੰ: 4.3 ਵਿੱਚ ਪ੍ਰਦਰਸ਼ਿਤ ਕੀਤੇ ਗਏ ਹਨ:




**ਚਾਰਟ 4.3 ਖੁੱਲ੍ਹੇ ਵਾੜੇ ਅਤੇ ਢਾਰੇ ਦੇ ਫ਼ਾਇਦੇ**

**ਪੂਰੇ ਛੱਤੇ ਬੰਦ ਮਕਾਨ ਵਾਲੇ ਰਵਾਇਤੀ ਪਸ਼ੂ ਘਰ:**


ਅਜਿਹੇ ਰਵਾਇਤੀ ਪਸ਼ੂ- ਘਰ ਵਿੱਚ ਹਰ ਡੰਗਰ ਨੂੰ ਇੱਕ ਕਿੱਲੇ ਨਾਲ ਬੰਨ ਕੇ ਰੱਖਿਆ ਜਾਂਦਾ ਹੈ। ਉਸੇ ਜਗ੍ਹਾ 'ਤੇ ਉਹ ਅਰਾਮ ਕਰਦਾ ਹੈ, ਪੱਠੇ ਪਾਏ ਜਾਂਦੇ ਹਨ, ਉਸਦਾ ਦੁੱਧ ਚੋਇਆ ਜਾਂਦਾ ਹੈ ਅਤੇ ਪਾਣੀ ਪਿਆਇਆ ਜਾਂਦਾ ਹੈ। ਡੰਗਰ ਦੀ ਗਰਦਨ ਦੁਆਲੇ ਸੰਗਲੀ ਜਾਂ ਰੱਸੀ ਲਪੇਟ ਕੇ ਉਸ ਨੂੰ ਕਿੱਲੇ ਨਾਲ਼ ਬੰਨ੍ਹ ਦਿੱਤਾ ਜਾਂਦਾ ਹੈ। ਅਜਿਹੇ ਪਸ਼ੂ ਘਰ ਪੂਰੀ ਤਰ੍ਹਾਂ ਛੱਤੇ ਹੋਏ ਮਕਾਨ ਹੁੰਦੇ ਹਨ ਜਿਨ੍ਹਾਂ ਦੀਆਂ ਕੰਧਾਂ ਵਿੱਚ ਤਾਕੀਆਂ ਅਤੇ ਰੋਸ਼ਨਦਾਨ ਹੁੰਦੇ ਹਨ। ਗਾਂਵਾਂ ਨੂੰ ਖ਼ੁਰਾਕ ਜਾਂ ਪੱਠੇ ਖੁਰਲੀ ਵਿੱਚ ਪਾਏ ਜਾਂਦੇ ਹਨ। ਇਕੱਲੇ-ਇਕੱਲੇ ਡੰਗਰ ਦਾ ਦੁੱਧ ਬਾਲਟੀ ਵਿੱਚ ਜਾਂ ਮਸ਼ੀਨ ਦੁਆਰਾ ਚੋਇਆ ਜਾਂਦਾ ਹੈ। ਪਸ਼ੂਆਂ ਦਾ ਮਲ-ਮੂਤਰ ਅਤੇ ਗੋਬਰ ਇੱਕ ਖੱਡੇ ਜਾਂ ਟੋਏ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਤਰ੍ਹਾਂ ਦੀ ਰਹਾਇਸ਼ੀ ਵਿਵਸਥਾ ਬਰਫ਼ਬਾਰੀ, ਤੂਫ਼ਾਨ ਅਤੇ ਬਾਰਸ਼ ਤੋਂ ਡੰਗਰਾਂ ਨੂੰ ਬਚਾਉਣ ਲਈ ਠੰਢੇ ਇਲਾਕਿਆਂ ਲਈ ਢੁਕਵੀਂ ਹੈ। ਗਾਂਵਾਂ ਸਾਰਾ ਸਾਲ ਬੰਨ੍ਹ ਕੇ ਰੱਖਣ ਦੇ ਕਈ ਨੁਕਸਾਨ ਵੀ ਹਨ। ਜਿਵੇਂ ਕਿ ਖੁਰਾਂ ਦੀ ਸਮੱਸਿਆ ਹੋ ਜਾਂਦੀ ਹੈ, ਹੇਹੇ ਵਿੱਚ ਆਏ ਪਸ਼ੂ ਦੀ ਪਹਿਚਾਣ ਔਖੀ ਹੋ ਜਾਂਦੀ ਹੈ ਅਤੇ ਪਸ਼ੂ ਆਪਣੀ ਮਨ-ਮਰਜ਼ੀ ਨਾਲ ਤੁਰ-ਫਿਰ ਨਹੀਂ ਸਕਦੇ। ਜਿਨ੍ਹਾਂ ਇਲਾਕਿਆਂ ਵਿੱਚ ਸਰਦੀ ਦੀ ਰੁੱਤ ਲੰਮੀ ਹੋਵੇ ਅਤੇ ਠੰਡ ਬਹੁਤੀ ਹੋਵੇ, ਉਥੇ ਅਜਿਹੇ ਰਵਾਇਤੀ ਛੱਤੇ ਹੋਏ ਮਕਾਨ ਵਧੇਰੇ ਢੁਕਵੇਂ ਰਹਿੰਦੇ ਹਨ। ਦੋ ਅਜਿਹੇ ਸ਼ੈੱਡਾਂ ਦਰਮਿਆਨ ਘੱਟੋ-ਘੱਟ 30 ਫੁੱਟ ਦਾ ਫ਼ਾਸਲਾ ਜ਼ਰੂਰ ਹੋਣਾ ਚਾਹੀਦਾ ਹੈ।

**ਗਾਵਾਂ ਦਾ ਸ਼ੈੱਡ**

ਮਕਾਨ ਜਾਂ ਸ਼ੈੱਡ ਅੰਦਰ ਡੰਗਰਾਂ ਨੂੰ ਕਿਸ ਢੰਗ ਅਨੁਸਾਰ ਰੱਖਣਾ ਹੈ। ਇਹ ਡੰਗਰਾਂ ਦੀ ਗਿਣਤੀ 'ਤੇ ਨਿਰਭਰ ਕਰਦਾ ਹੈ। ਜੇਕਰ ਪਸ਼ੂਆਂ ਦੀ ਗਿਣਤੀ 10 ਤੱਕ ਹੋਵੇ ਤਾਂ ਸ਼ੈੱਡ ਵਿੱਚ ਡੰਗਰਾਂ ਨੂੰ ਇੱਕ ਕਤਾਰ ਵਿੱਚ ਬੰਨ੍ਹਿਆਂ ਜਾ ਸਕਦਾ ਹੈ। ਜੇਕਰ ਪਸ਼ੂਆਂ ਦੀ ਗਿਣਤੀ ਇਸ ਤੋਂ ਜ਼ਿਆਦਾ ਹੋਵੇ ਤਾਂ ਪਸ਼ੂਆਂ ਨੂੰ ਦੋ ਕਤਾਰਾਂ ਵਿੱਚ ਬੰਨ੍ਹਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ। ਇੱਕ ਸ਼ੈੱਡ ਵਿੱਚ 50-60 ਗਾਂਵਾਂ ਰੱਖੀਆਂ ਜਾ ਸਕਦੀਆਂ ਹਨ। ਪਰੰਤੂ ਆਧੁਨਿਕ ਸਹੂਲਤਾਂ ਵਾਲੇ ਮਾਡਰਨ ਸ਼ੈੱਡ ਵਿੱਚ 100 ਤੱਕ ਗਾਂਵਾਂ ਰੱਖੀਆਂ ਜਾ ਸਕਦੀਆਂ ਹਨ। ਸ਼ੈੱਡ ਜਾਂ ਢਾਰਾ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ ਤਾਂ

ਜੋ ਦੋ ਕਤਾਰਾਂ ਵਿੱਚ ਪਸ਼ੂ ਇੱਕ–ਦੂਜੇ ਵੱਲ ਪਿੱਛਾ ਕਰਕੇ ਜਾਂ ਇੱਕ–ਦੂਜੇ ਵੱਲ ਮੂੰਹ ਕਰਕੇ ਖੜ੍ਹੇ ਹੋ ਸਕਣ ਅਤੇ ਵਿਚਕਾਰ ਇੱਕ ਰਸਤਾ ਲੰਘਣ ਲਈ ਹੋਵੇ। ਹਰ ਡੰਗਰ ਲਈ ਇੱਕ ਵੱਖਰੀ ਖੁਰਲੀ ਹੋਣੀ ਚਾਹੀਦੀ ਹੈ।


ਜਿਵੇਂ ਤਸਵੀਰ 4.5 ਵਿੱਚ ਦਿਖਾਈ ਦੇ ਰਿਹਾ ਹੈ ਪਸ਼ੂ ਇੱਕ–ਦੂਸਰੇ ਵੱਲ ਪਿੱਛਾ ਕਰ ਕੇ ਬੰਨ੍ਹੇ ਗਏ ਹਨ ਅਤੇ ਲੰਘਣ ਲਈ ਵਿਚਕਾਰ ਇੱਕ ਰਸਤਾ ਵੀ ਹੈ। ਇਸ ਤਰੀਕੇ ਵਿੱਚ ਸ਼ੈੱਡ ਦੀ ਸਫ਼ਾਈ ਕਰਨੀ ਅਤੇ ਪਸ਼ੂਆਂ ਦਾ ਦੁੱਧ ਚੋਣਾ ਅਸਾਨ ਹੋ ਜਾਂਦਾ ਹੈ। ਇੱਕ ਤੋਂ ਦੂਸਰੇ ਪਸ਼ੂ ਨੂੰ ਬਿਮਾਰੀ ਲੱਗਣ ਦਾ ਖਤਰਾ ਘੱਟ ਹੁੰਦਾ ਹੈ। ਇਸ ਕਿਸਮ ਦੇ ਸ਼ੈੱਡਾਂ ਵਿੱਚ ਸਾਰੇ ਪਸ਼ੂਆਂ ਨੂੰ ਬਾਹਰੋਂ ਤਾਜ਼ੀ ਹਵਾ ਮਿਲਦੀ ਰਹਿੰਦੀ ਹੈ ਅਤੇ ਸਾਰੇ ਪਸ਼ੂਆਂ ਦੀ ਨਿਗਰਾਨੀ ਕਰਨੀ ਸੌਖੀ ਹੁੰਦੀ ਹੈ। ਜਿਵੇਂ ਕਿ ਚਾਰਟ ਨੰ: 4.4 ਵਿੱਚ ਦਰਸਾਇਆ ਗਿਆ ਹੈ।




**ਚਾਰਟ 4.4 ਪਸ਼ੂਆਂ ਨੂੰ ਇੱਕ-ਦੂਸਰੇ ਵੱਲ ਪਿੱਛਾ ਕਰ ਕੇ ਬੰਨ੍ਹਣ ਦੇ ਲਾਭ**





**ਚਾਰਟ 4.5 ਦੋ ਕਤਾਰਾਂ ਵਿੱਚ ਇਕ-ਦੂਜੇ ਦਾ ਪਿੱਛਾ ਕਰਕੇ ਪਸ਼ੂਆਂ ਨੂੰ ਬੰਨਣ ਦੀ ਵਿਧੀ**




**ਚਾਰਟ 4.5 ਪਸ਼ੂਆਂ ਨੂੰ ਇੱਕ-ਦੂਜੇ ਵੱਲ ਮੂੰਹ ਕਰਕੇ ਬੰਨ੍ਹਣ ਦੇ ਫ਼ਾਇਦੇ**

### ਇੱਕ-ਦੂਜੇ ਵੱਲ ਮੂੰਹ ਕਰਕੇ ਪਸ਼ੂਆਂ ਨੂੰ ਦੋ ਕਤਾਰਾਂ ਵਿੱਚ ਬੰਨ੍ਹਣ ਦੇ ਫ਼ਾਇਦੇ

ਇਸ ਵਿਧੀ ਅਨੁਸਾਰ ਪਸ਼ੂਆਂ ਨੂੰ ਦੋ ਕਤਾਰਾਂ ਵਿੱਚ ਇੱਕ-ਦੂਜੇ ਵੱਲ ਮੂੰਹ ਕਰਕੇ ਬੰਨ੍ਹਿਆਂ ਜਾਂਦਾ ਹੈ ਜਿਵੇਂ ਤਸਵੀਰ 4.6 ਵਿੱਚ ਦਿਖਾਇਆ ਗਿਆ ਹੈ। ਇਸ ਵਿਧੀ ਵਿੱਚ ਡੰਗਰਾਂ ਨੂੰ ਪੱਠੇ ਪਾਉਣੇ ਅਤੇ ਦੇਖ-ਭਾਲ ਕਰਨੀ ਅਸਾਨ ਹੋ ਜਾਂਦੀ ਹੈ। ਸੂਰਜ ਦੀਆਂ ਕਿਰਨਾਂ ਪਸ਼ੂ ਦੇ ਬਹਿਣ-ਉੱਠਣ ਵਾਲੀ ਜਗ੍ਹਾ ਨੂੰ ਸੁੱਕਾ ਰੱਖਣ ਵਿੱਚ ਸਹਾਈ ਹੁੰਦੀਆਂ ਹਨ। ਇਸ ਵਿਧੀ ਵਿੱਚ ਸ਼ੈੱਡ ਅੰਦਰ ਖੜ੍ਹੇ ਪਸ਼ੂ ਵੇਖਣ ਵਾਲੇ ਨੂੰ ਸੁੰਦਰ ਲੱਗਦੇ ਹਨ। ਇਸ ਵਿਧੀ ਦੇ ਕੁੱਝ ਨੁਕਸਾਨ ਵੀ ਹਨ, ਜਿਵੇਂ ਕਿ ਆਮੋ੍-ਸਾਹਮ੍ਹਣੇ ਖੜ੍ਹੇ ਡੰਗਰਾਂ ਨੂੰ ਛੂਤ ਦੀ ਬਿਮਾਰੀ ਫੈਲਣ ਦਾ ਖਤਰਾ ਵੱਧ ਸਕਦਾ ਹੈ, ਪਸ਼ੂਆਂ ਨੂੰ ਬਾਹਰਲੀ ਤਾਜ਼ਾ ਹਵਾ ਘੱਟ ਮਿਲਦੀ ਹੈ ਅਤੇ ਸ਼ੈੱਡ ਦੀਆਂ ਕੰਧਾਂ ਗੋਹੇ ਅਤੇ ਮਲ-ਮੂਤਰ ਨਾਲ ਗੰਦੀਆਂ ਹੋ ਜਾਂਦੀਆਂ ਹਨ।




**ਤਸਵੀਰ 4.6 ਇੱਕ ਦੂਜੇ ਵੱਲ ਮੂੰਹ ਕਰਕੇ ਪਸ਼ੂਆਂ ਨੂੰ ਬੰਨ੍ਹਣ ਦੀ ਵਿਧੀ**

## ਸੈਸ਼ਨ 3 : ਪਸ਼ੂਆਂ ਦੀ ਰਹਾਇਸ਼ ਸੰਬੰਧੀ ਮੁਢਲੇ ਸਿਧਾਂਤ

ਪਸ਼ੂ ਪਾਲਣ ਲਈ ਲੋੜੀਂਦੀ ਮਸ਼ੀਨਰੀ ਅਤੇ ਸਾਜ਼ੋ-ਸਮਾਨ

ਕਿਸੇ ਡੇਅਰੀ ਲਈ ਕਿਹੜੀ ਅਤੇ ਕਿੰਨੀ ਮਸ਼ੀਨਰੀ ਜਾਂ ਸਾਜ਼ੋ-ਸਮਾਨ ਦੀ ਲੋੜ ਪੈਂਦੀ ਹੈ, ਇਹ ਡੇਅਰੀ ਵਿੱਚ ਡੰਗਰਾਂ ਦੀ ਗਿਣਤੀ ਅਤੇ ਡੇਅਰੀ ਦੇ ਮਸ਼ੀਨੀਕਰਨ 'ਤੇ ਨਿਰਭਰ ਕਰਦਾ ਹੈ। ਫਿਰ ਵੀ ਪੱਠੇ ਕੁਤਰਨ ਵਾਲਾ ਟੋਕਾ, ਦੁੱਧ ਚੋਣ ਲਈ ਬਾਲਟੀਆਂ ਆਦਿ ਮੁਢਲਾ ਸਾਜ਼ੋ-ਸਮਾਨ ਹਰ ਡੇਅਰੀ ਲਈ ਜ਼ਰੂਰੀ ਹੈ।

ਜੇਕਰ ਡੇਅਰੀ ਫ਼ਾਰਮ ਅਜਿਹੇ ਇਲਾਕੇ ਵਿੱਚ ਹੈ, ਜਿੱਥੇ ਬਹੁਤ ਠੰਢ ਜਾਂ ਗਰਮੀ ਹੈ ਤਾਂ ਅਜਿਹੀ ਸੂਰਤ ਵਿੱਚ ਡੇਅਰੀ ਨੂੰ ਲੋੜ ਅਨੁਸਾਰ ਠੰਢਾ ਜਾਂ ਗਰਮ ਰੱਖਣ ਲਈ ਲੁੜੀਂਦੇ ਸਾਧਨਾਂ ਦੀ ਲੋੜ ਪਵੇਗੀ, ਖ਼ਾਸ ਕਰਕੇ ਛੋਟੇ ਕਟੜੂਆਂ ਜਾਂ ਵਛੜੂਆਂ ਲਈ, ਬਿਮਾਰ ਜਾਂ ਜ਼ਖ਼ਮੀ ਜਾਂ ਗਭੱਣ ਗਾਵਾਂ ਲਈ। ਜੇਕਰ ਡੇਅਰੀ ਫ਼ਾਰਮ ਵਿੱਚ 50 ਤੋਂ ਵੱਧ (ਜ਼ਿਆਦਾ) ਪਸ਼ੂ ਹਨ ਤਾਂ ਦੁੱਧ ਠੰਢਾ ਕਰਨ ਵਾਲੇ ਯੰਤਰ, ਜਨਰੇਟਰ ਅਤੇ ਦੁੱਧ ਇਕੱਠਾ ਕਰਨ ਜਾਂ ਵੇਚਣ ਲਈ ਇੱਕ ਗੱਡੀ ਦੀ ਲੋੜ ਪੈਂਦੀ ਹੈ। ਵੱਡੇ ਡੇਅਰੀ ਫ਼ਾਰਮ ਲਈ ਹਮੇਸ਼ਾ ਖ਼ੁਦ ਚਾਰੇ ਵਾਲੀਆਂ ਫ਼ਸਲਾਂ ਪੈਦਾ ਕਰਨੀਆਂ ਲਾਹੇਵੰਦ ਰਹਿੰਦੀਆਂ ਹਨ। ਅਜਿਹੀ ਸੂਰਤ ਵਿੱਚ ਖੇਤੀ-ਸੰਦ ਜਿਵੇਂ ਕਿ ਟ੍ਰੈੱਕਟਰ, ਬੀਜ, ਡਰਿਲ, ਚਾਰਾ ਕੱਟਣ ਵਾਲ਼ੀ ਮਸ਼ੀਨ ਅਤੇ ਕੁਤਰਨ ਵਾਲ਼ੀ ਮਸ਼ੀਨ/ਟੋਕਾ ਆਦਿ ਦੀ ਲੋੜ ਪੈਂਦੀ ਹੈ।

ਛੋਟੇ ਅਤੇ ਦਰਮਿਆਨੇ ਡੇਅਰੀ-ਫਾਰਮ ਲਈ ਲੁੜੀਂਦੇ ਸਾਜ਼ੋ-ਸਮਾਨ ਅਤੇ ਮਸ਼ੀਨਰੀ ਦੀ ਲਿਸਟ ਹੇਠਾਂ ਦਿੱਤੀ ਜਾਂਦੀ ਹੈ :

| **ਭਾਗ/ਮੰਤਵ** | **ਸਾਜ਼ੋ ਸਮਾਨ ਅਤੇ ਮਸ਼ੀਨਰੀ** |
|---|---|
| ਚਾਰਾ-ਉਤਪਾਦਨ | ਟ੍ਰੈੱਕਟਰ |
| | ਟਰਾਲੀ |
| | ਤੁਲਾਈ ਵਾਲਾ ਵੱਡਾ ਕੰਡਾ |
| | ਚਾਰਾ ਕੱਟਣ ਤੇ ਪੰਡਾਂ ਬੰਨ੍ਹਣ ਵਾਲ਼ੀ ਮਸ਼ੀਨ |
| ਖ਼ੁਰਾਕ ਤਿਆਰ ਕਰਨ ਲਈ ਮਸ਼ੀਨ | ਮੋਟਰ ਵਾਲਾ ਜਾਂ ਦਸਤੀ ਟੋਕਾ |
| | ਖ਼ੁਰਾਕ ਤਿਆਰ ਕਰਨ ਲਈ |
| | ਖ਼ੁਰਾਕ ਮਿਕਸ ਕਰਨ ਲਈ ਮਸ਼ੀਨ |
| ਡੇਅਰੀ | ਠੰਢਾ ਰੱਖਣ ਲਈ ਯੰਤਰ |
| | ਗਰਮ ਰੱਖਣ ਲਈ ਯੰਤਰ |
| | ਜਨਰੇਟਰ |
| | ਟਿਊਬਵੈੱਲ ਤੇ ਮੋਟਰ |
| | ਦੁੱਧ ਚੋਣ ਵਾਲੀ ਮਸ਼ੀਨ |
| | ਪਸ਼ੂਆਂ ਦਾ ਭਾਰ ਤੋਲਣ ਵਾਲਾ ਕੰਡਾ |
| | ਸਿੰਗ ਦਾਗਣ ਵਾਲ਼ਾ ਬਿਜਲਈ ਯੰਤਰ |
| | ਖੱਸੀ ਕਰਨ ਵਾਲ਼ਾ ਯੰਤਰ |
| | ਟੈਗ ਲਾਉਣ ਵਾਲ਼ਾ ਯੰਤਰ |
| | ਨੰਬਰ |
| | ਨਾਲ਼ |
| | ਖੁਰ ਕੱਟਣ ਵਾਲਾ ਯੰਤਰ |
| | ਰੱਸੀਆਂ, ਸੰਗਲ, ਅੱਗ-ਬੁਝਾਊ ਯੰਤਰ |

| | |
|---|---|
|  | ਪਲੇਟਫਾਰਮ ਵਾਲਾ ਇਲੈਕਟ੍ਰੌਨਿਕ ਕੰਡਾ: ਇਸ ਦੀ ਵਰਤੋਂ ਪਸ਼ੂਆਂ ਦਾ ਭਾਰ ਤੋਲਣ ਲਈ ਕੀਤੀ ਜਾਂਦੀ ਹੈ। |
|  | ਚਾਬੁਕ: ਸਾਨ੍ਹ ਨੂੰ ਕਾਬੂ ਕਰਨ ਲਈ ਵਰਤਿਆ ਜਾਂਦਾ ਹੈ। |
|  | ਸਿੰਗ ਦਾਗਣ ਵਾਲਾ ਬਿਜਲਈ ਯੰਤਰ: ਛੋਟੇ ਕੱਟਿਆਂ ਜਾਂ ਵੱਛੇ/ਵੱਛੀਆਂ ਦੇ ਸਿੰਗ ਦਾਗਣ ਲਈ ਵਰਤਿਆ ਜਾਂਦਾ ਹੈ। |
|  | ਬੋਤਲ ਵਰਗੀ ਲੋਹੇ ਦੀ ਪਾਈਪ ਜਾਂ ਨਾਲ਼: ਮੂੰਹ ਰਾਹੀਂ ਪਸ਼ੂ ਨੂੰ ਦਵਾਈ ਦੇਣ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ। |
|  | ਸਾਨ੍ਹ ਦੇ ਨੱਕ ਵਾਲਾ ਕੜਾ: ਸਾਨ੍ਹ ਨੂੰ ਕਾਬੂ ਕਰਨ ਲਈ, ਨੱਕ ਵਿਚਲੀ ਝਿੱਲੀ ਵਿਚ ਦੀ ਸੁਰਾਖ਼ ਕਰ ਕੇ ਇਹ ਕੜਾ ਪਾਇਆ ਜਾਂਦਾ ਹੈ। |

| | |
|---|---|
|   | ਕੰਨ ਵਾਲ਼ੇ ਟੈਗ ਅਤੇ ਯੰਤਰ: ਪਸ਼ੂਆਂ ਦੀ ਪਹਿਚਾਣ ਕਰਨ ਲਈ ਉਹਨਾਂ ਦੇ ਕੰਨਾਂ 'ਤੇ ਇਸ ਯੰਤਰ ਨਾਲ ਟੈਗ ਲਾ ਦਿੱਤਾ ਜਾਂਦਾ ਹੈ। |
|  | ਬਰੈਂਡ ਨੰਬਰ: ਪਸ਼ੂਆਂ ਦੇ ਸਰੀਰ ਉਪਰ ਗਰਮ ਕਰਕੇ ਇਹ ਨੰਬਰ ਲਾ ਦਿੱਤੇ ਜਾਂਦੇ ਹਨ, ਉਹਨਾਂ ਦੀ ਪਹਿਚਾਣ ਕਰਨ ਲਈ। |
|  | ਖੱਸੀ ਕਰਨ ਵਾਲਾ ਜਮੂਰ: ਵੱਛਿਆਂ, ਕੱਟਿਆਂ ਜਾਂ ਵਹਿੜਕਿਆਂ ਨੂੰ ਖੱਸੀ ਕਰਨ ਲਈ ਇਸ ਦੀ ਵਰਤੋਂ ਕੀਤੀ ਜਾਂਦੀ ਹੈ। |
|  | ਖੁਰ-ਕਟਰ ਪਸ਼ੂਆਂ ਦੇ ਵਧੇ ਹੋਏ ਖੁਰ ਕੱਟਣ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ। |
|   | ਦੁੱਧ ਠੰਡਾ ਕਰਨ ਵਾਲਾ ਯੰਤਰ : ਚੋਣ ਤੋਂ ਤੁਰੰਤ ਬਾਅਦ ਦੁੱਧ ਨੂੰ ਠੰਡਾ ਕਰਨ ਲਈ ਇਹ ਯੰਤਰ ਹੈ। |

**ਤਸਵੀਰ 4.7 : ਇੱਕ ਡੇਅਰੀ ਫ਼ਾਰਮ ਵਿੱਚ ਨਿੱਤ ਦੀ ਵਰਤੋਂ ਵਿੱਚ ਆਉਣ ਵਾਲ਼ਾ ਜ਼ਰੂਰੀ ਸਾਜ਼ੋ-ਸਮਾਨ ਅਤੇ ਮਸ਼ੀਨਰੀ**

## ਸੈੱਸ਼ਨ 4 : ਪਸ਼ੂਆਂ ਦੀ ਰਹਾਇਸ਼ ਸੰਬੰਧੀ ਜ਼ਰੂਰੀ ਮੁਢਲੇ ਸਿਧਾਂਤ

### ਡੇਅਰੀ-ਫ਼ਾਰਮਿੰਗ ਦੀ ਨਿਯਮਬੱਧ ਕਾਰਜ-ਪ੍ਰਨਾਲ਼ੀ

ਡੇਅਰੀ-ਫਾਰਮਿੰਗ ਇੱਕ ਐਸਾ ਧੰਦਾ ਹੈ, ਜਿਸ ਵਿੱਚ ਸਾਰਾ ਸਾਲ ਅਤੇ ਹਰ ਮੌਸਮ ਵਿੱਚ ਲਗਾਤਾਰ ਕੰਮ ਕਰਨਾ ਪੈਂਦਾ ਹੈ। ਇਸ ਲਈ ਇੱਕ ਡੇਅਰੀ-ਪ੍ਰਬੰਧਕ ਨੂੰ ਡੇਅਰੀ ਵਿੱਚ ਚੱਲ ਰਹੇ ਕੰਮਾਂ ਦੀ ਨਿਗਰਾਨੀ ਰੱਖਣੀ ਔਖੀ ਹੁੰਦੀ ਹੈ। ਇਸ ਲਈ ਮਜ਼ਦੂਰਾਂ ਨੂੰ ਦਿਲਚਸਪੀ ਨਾਲ ਕੰਮ ਕਰਨਾ ਜ਼ਰੂਰੀ ਹੈ। ਡੇਅਰੀ ਦੇ ਕੁੱਝ ਕੰਮ ਜਿਵੇਂ ਕਿ ਦੁੱਧ ਚੋਣਾ, ਹੇਹੇ ਵਿੱਚ ਆਏ ਪਸ਼ੂ ਦੀ ਪਹਿਚਾਣ ਕਰਨਾ ਆਦਿ ਅਜਿਹੇ ਕੰਮ ਹਨ, ਜਿਨ੍ਹਾਂ ਦਾ ਮਸ਼ੀਨੀਕਰਨ ਨਹੀਂ ਹੋ ਸਕਦਾ ਜਾਂ ਇਹਨਾਂ ਦੀ ਗਿਣਤੀ-ਮਿਣਤੀ ਨਹੀਂ ਹੋ ਸਕਦੀ। ਅਜਿਹੇ ਕੰਮਾਂ ਲਈ ਤਜ਼ਰਬੇਕਾਰ ਕਾਮਿਆਂ ਦੀ ਲੋੜ ਪੈਂਦੀ ਹੈ।

### ਡੇਅਰੀ-ਫ਼ਾਰਮ ਵਿੱਚ ਨਿੱਤ ਦੇ ਕੰਮ-ਕਾਜ:

ਡੇਅਰੀ-ਫ਼ਾਰਮ ਵਿੱਚ ਤਿੰਨ ਪ੍ਰਕਾਰ ਦੀਆਂ ਗਤੀਵਿਧੀਆਂ ਚੱਲਦੀਆਂ ਹਨ, ਜਿਵੇਂ ਕਿ ਰੋਜ਼ਾਨਾ ਦੇ ਕੰਮ-ਕਾਜ ਮਹੀਨੇਵਾਰ ਕਾਰਜ ਅਤੇ ਸਲਾਨਾ ਕਾਰਵਾਈ। ਇਹ ਵੱਖ-ਵੱਖ ਤਰ੍ਹਾਂ ਦੀਆਂ ਗਤੀਵਿਧੀਆਂ ਚਾਰਟ 4.6 ਵਿੱਚ ਦਰਸਾਈਆਂ ਜਾਂਦੀਆਂ ਹਨ:

**ਰੋਜ਼ਾਨਾ ਦੇ ਕੰਮ-ਕਾਜ**

- ਦੁੱਧ ਚੁਆਈ
- ਸ਼ੈਡ ਦੀ ਸਾਫ਼-ਸਫ਼ਾਈ
- ਖੁਰਲੀਆਂ ਦੀ ਸਫ਼ਾਈ
- ਦੁੱਧ ਵਾਲੇ ਭਾਂਡੇ, ਬਾਲਟੀਆਂ ਦੀ ਸਫ਼ਾਈ
- ਖ਼ੁਰਾਕ ਤਿਆਰ ਕਰਨਾ
- ਖ਼ੁਰਾਕ ਦੀ ਵੰਡ
- ਡੰਗਰਾਂ/ਪਸ਼ੂਆਂ ਦੀ ਨਿਯਮਬੱਧ ਦੇਖ-ਭਾਲ
- ਹੇਹੇ ਦੀ ਪਹਿਚਾਣ
- ਮਸਨੂਈ ਗਰਭਦਾਨ
- ਸਟੋਰ ਵਿੱਚ ਹਿਸਾਬ-ਕਿਤਾਬ ਰੱਖਣਾ
- ਵੱਖ-ਵੱਖ ਪ੍ਰਕਾਰ ਦੇ ਅੰਕੜਿਆਂ ਨੂੰ ਲਿਖਤੀ ਰੂਪ ਵਿੱਚ ਇਕੱਠੇ ਕਰਨਾ

**ਮਹੀਨੇਵਾਰ ਕਾਰਜ**

- ਪਾਣੀ ਵਾਲੇ ਟੈਂਕ, ਪਾਈਪਾਂ ਦੀ ਸਫ਼ਾਈ
- ਸ਼ੈੱਡ ਅਤੇ ਖੁੱਲ੍ਹੇ ਵਲਗਣ ਦੀ ਸਫ਼ਾਈ
- ਸਾਰੇ ਸੰਦਾਂ ਅਤੇ ਮਸ਼ੀਨਰੀ ਦੀ ਸਫ਼ਾਈ
- ਸੰਦਾਂ ਅਤੇ ਮਸ਼ੀਨਰੀ ਨੂੰ ਤੇਲ ਦੇਣਾ/ਲਾਉਣਾ
- ਛੋਟੀ-ਮੋਟੀ ਟੁੱਟ ਭੱਜ ਦੀ ਰਿਪੇਅਰ ਕਰਨੀ

**ਤਿਮਾਹੀ ਜਾਂ ਸਲਾਨਾ ਕਾਰਵਾਈ**

- ਵੈਕਸੀਨੇਸ਼ਨ ਜਾਂ ਟੀਕਾ ਕਰਨ
- ਮਲ੍ਹੱਪ ਰਹਿਤ ਕਰਨਾ
- ਡੇਅਰੀ ਸ਼ੈੱਡ ਦੀ ਨਵ-ਉਸਾਰੀ

**ਚਾਰਟ 4.6 :ਡੇਅਰੀ-ਫਾਰਮ ਵਿੱਚ ਨਿੱਤ ਦੇ ਕੰਮ-ਕਾਜ**

## ਅਭਿਆਸ

**ਗਤੀਵਿਧੀ 1:** ਡੇਅਰੀ-ਫਾਰਮ ਦੇ ਮੌਜੂਦਾ ਸ਼ੈੱਡ ਦੇ ਖ਼ਾਕੇ/ਨਕਸ਼ੇ ਦਾ ਅਧਿਐਨ ਕਰੋ।

**ਲੁੜੀਂਦਾ ਸਮਾਨ:**

1. ਫ਼ੀਤਾ
2. ਕੈਮਰਾ
3. ਕਾਪੀ

**ਤਰਤੀਬ:**

1. ਡੇਅਰੀ-ਫ਼ਾਰਮ ਦਾ ਨਿਰੀਖਣ ਕਰੋ।
2. ਡੇਅਰੀ-ਫ਼ਾਰਮ ਵਿੱਚ ਮੌਜੂਦ ਸ਼ੈੱਡ ਜਾਂ ਵਾਗਲ਼ੇ ਬਾਰੇ ਕਾਪੀ ਵਿੱਚ ਲਿਖੋ।
3. ਇਹਨਾਂ ਸ਼ੈੱਡਾਂ ਜਾਂ ਵਾੜਿਆਂ ਨੂੰ ਗਹੁ ਨਾਲ ਦੇਖੋ।
4. ਕਾਪੀ 'ਤੇ ਡੇਅਰੀ-ਫ਼ਾਰਮ ਦਾ ਖ਼ਾਕਾ ਖਿੱਚੋ।

**ਆਪਣੀ ਪ੍ਰਗਤੀ ਦੇਖੋ**

**ੳ) ਸਹੀ ਉਤਰ ਦੀ ਚੋਣ ਕਰੋ**

1. ਡੰਗਰਾਂ ਨੂੰ ਆਮ੍ਹੋ-ਸਾਮ੍ਹਣੇ ਦੋ ਕਤਾਰਾਂ ਵਿੱਚ ਬੰਨ੍ਹਣ ਦਾ ਲਾਭ
   ੳ) ਦੁੱਧ-ਚੁਆਈ ਦੀ ਨਿਗਰਾਨੀ ਅਸਾਨ ਹੈ।
   ਅ) ਬਾਹਰੋਂ ਡੰਗਰਾਂ ਨੂੰ ਤਾਜ਼ੀ ਹਵਾ ਮਿਲਦੀ ਹੈ।
   ੲ) ਦੋਹਾਂ ਕਤਾਰਾਂ ਵਿੱਚ ਡੰਗਰਾਂ ਨੂੰ ਇੱਕੋ ਸਮੇਂ ਖ਼ੁਰਾਕ ਦੇਣੀ ਸੰਭਵ ਹੈ।
   ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ।
2. ਛੱਤੇ ਹੋਏ ਸ਼ੈੱਡ ਵਿੱਚ ਘੱਟੋ-ਘੱਟੋ ਕਿੰਨੀ ਜਗ੍ਹਾ (ਵਰਗ ਮੀਟਰ) ਪ੍ਰਤਿ ਵੱਡੀ ਮੱਝ ਲਈ ਲੁੜੀਂਦੀ ਹੈ ?
   ੳ) 3.5    ਅ) 4.0    ੲ) 7.0    ਸ) 8.0
3. ਪਸ਼ੂ ਰੱਖਣ ਲਈ ਖੁੱਲ੍ਹਾ ਵਾੜਾ ਹੇਠ ਲਿਖਿਆਂ ਵਿੱਚੋਂ ਕਿਸ ਪ੍ਰਾਂਤ ਲਈ ਢੁੱਕਵਾਂ ਹੈ ?
   ੳ) ਪੰਜਾਬ    ਅ) ਰਾਜਸਥਾਨ    ੲ) ਮਹਾਂਰਾਸ਼ਟਰ    ਸ) ਸਭ ਲਈ
4. ਹੇਠ ਲਿਖੀਆਂ ਵਿੱਚੋਂ ਕਿਹੜੀ ਰਹਾਇਸ਼ ਪ੍ਰਨਾਲ਼ੀ ਉਪ-ਊਸ਼ਣ ਖੰਡ (ਟੈਂਪਰੇਟ) ਇਲਾਕੇ ਲਈ ਢੁੱਕਵੀਂ ਹੈ?
   ੳ) ਖੁੱਲ੍ਹਾ ਵਾੜਾ
   ਅ) ਰਵਾਇਤੀ ਮਕਾਨ
   ੲ) ਦੋਵੇਂ ੳ ਅਤੇ ਅ
   ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ
5. ਚਾਰੇ ਦੀਆਂ ਫ਼ਸਲਾਂ ਪੈਦਾ ਕਰਨ ਲਈ ਹੇਠ ਲਿਖੀਆਂ ਮਸ਼ੀਨਾਂ/ਸੰਦਾਂ ਵਿੱਚੋਂ ਕਿਸ ਦੀ ਵਰਤੋਂ ਕੀਤੀ ਜਾਂਦੀ ਹੈ?
   ੳ) ਟ੍ਰੈੱਕਟਰ
   ਅ) ਕੱਟਣ ਅਤੇ ਪੰਡਾਂ ਬੰਨ੍ਹਣ ਵਾਲ਼ੀ ਮਸ਼ੀਨ
   ੲ) ਕਲਟੀਵੇਟਰ ਹੱਲ਼
   ਸ) ਇਹ ਸਾਰੇ

**ਅ) ਖ਼ਾਲੀ ਥਾਵਾਂ ਭਰੋ**

1. ਪਸ਼ੂਆਂ ਲਈ ਖੁੱਲ੍ਹੀ ਰਹਾਇਸ਼ ਵਿੱਚ ਇੱਕ ਖੁੱਲ੍ਹਾ ਘਾਹ ਦਾ ਮੈਦਾਨ ਅਤੇ........ ਹੁੰਦਾ ਹੈ।
2. ਪਸ਼ੂ ਦੇ ਖੁੱਲ੍ਹੇ ਵਾੜੇ ਜਾਂ ਵਲਗਣ ਦੁਆਲੇ ਵਾੜ ਦੀ ਉਚਾਈ ਲਗਪਗ............ ਹੁੰਦੀ ਹੈ।

3. ਜੇਕਰ ਪਸ਼ੂਆਂ ਦੀ ਗਿਣਤੀ............ ਤੱਕ ਹੋਵੇ ਤਾਂ ਇਕਹਿਰੀ ਕਤਾਰ ਵਾਲੀ ਵਿਧੀ ਦੀ ਸਿਫ਼ਾਰਸ਼ ਕੀਤੀ ਜਾਂਦੀ ਹੈ।

4. ਰਵਾਇਤੀ ਪਸ਼ੂ-ਘਰਾਂ ਵਿੱਚ ਦੋ ਸ਼ੈੱਡਾਂ ਦਰਮਿਆਨ ਫ਼ਾਸਲਾ ........... ਤੋਂ ਘੱਟ ਨਹੀਂ ਹੋਣਾ ਚਾਹੀਦਾ ਹੈ।

5. ਖੁੱਲ੍ਹੇ ਵਲਗਣ ਵਾਲ਼ੀ ਰਹਾਇਸ਼ ਵਿੱਚ ਘੱਟੋ-ਘੱਟ........... ਪਾਣੀ ਦੇ ਚੁਬੱਚੇ ਹੋਣੇ ਚਾਹੀਦੇ ਹਨ।

**ੲ) ਸਹੀ ਜਾਂ ਗਲਤ ਦੱਸੋ**

1. ਬੇਤਰਤੀਬੇ ਬਣੇ ਹੋਏ ਡੇਅਰੀ ਫ਼ਾਰਮ ਵਿੱਚ ਮਜ਼ਦੂਰੀ ’ਤੇ ਵਧੇਰਾ ਖ਼ਰਚ ਹੁੰਦਾ ਹੈ।
2. ਰਵਾਇਤੀ ਪਸ਼ੂ ਘਰ ਵਿੱਚ ਹਰ ਡੰਗਰ ਲਈ ਵੱਖਰੀ ਖੁਰਲੀ ਹੁੰਦੀ ਹੈ।
3. ਰਵਾਇਤੀ ਪਸ਼ੂ ਘਰ ਵਿੱਚ ਹੇਹੇ ਵਿੱਚ ਆਏ ਪਸ਼ੂ ਦੀ ਪਹਿਚਾਣ ਕਰਨੀ ਸੌਖੀ ਹੈ।
4. ਖੁੱਲ੍ਹੇ ਵਾੜੇ ਵਿੱਚ ਸ਼ੈੱਡ ਜਾਂ ਢਾਰੇ ਅੰਦਰ ਪਸ਼ੂ ਖੁੱਲ੍ਹੇ ਰੱਖੇ ਜਾਂਦੇ ਹਨ।
5. ਵੱਡੇ ਡੇਅਰੀ-ਫ਼ਾਰਮ ਲਈ ਬਜ਼ਾਰੋਂ ਚਾਰਾ/ਪੱਠੇ ਖਰੀਦਣੇ ਸਸਤੇ ਪੈਂਦੇ ਹਨ।

**ਸ) ਦੋ ਢੁਕਵੇਂ ਕਾਲਮਾਂ ਦਾ ਮਿਲਾਨ ਕਰੋ।**

| ਕਾਲਮ (ੳ) | ਕਾਲਮ (ਅ) ਵਿੱਚੋਂ ਚੁਣ ਕੇ ਲਿਖੋ | ਕਾਲਮ (ਅ) |
|---|---|---|
| 1. ਬੋਤਲਨੁਮਾ “ਨਾਲ਼” | | ਪਹਿਚਾਣ |
| 2. ਜਮੂਰ | | ਦਵਾਈ ਦੇਣ ਲਈ |
| 3. ਬਿਜਲਈ ਯੰਤਰ | | ਖੱਸੀ ਕਰਨ ਲਈ |
| 4. ਲੋਹੇ ਦਾ ਕੜਾ | | ਸਿੰਗ ਦਾਗਣ ਲਈ |
| 5. ਬ੍ਰੈਂਡ ਨੰਬਰ | | ਸਾਨ੍ਹ ਨੂੰ ਕਾਬੂ ਕਰਨ ਲਈ |

**(ਹ) ਢੁਕਵੇਂ ਸ਼ਬਦ ਨਾਲ ਭਰੋ**

| | | | | |
|---|---|---|---|---|
| 1 ਰੂ | 2ਖੁ | 1 ਸੁ | — | |
| — | — | 2ਚ | — | ਦ |
| ਦੀ | — | | | |
| ਖਾ | 3 — | 3ਮ | — | ਪ |
| — | ੜਾ | | | |

ਇੱਕ ਕਾਲਮ ਤੋਂ ਦੂਸਰੇ ਕਾਲਮ ਵੱਲ ਜਾਂਦੇ ਹੋਏ ਢੁਕਵਾਂ ਅੱਖਰ ਜਾਂ ਸ਼ਬਦ ਲਿਖੋ

1. ਪਸ਼ੂਆਂ ਨੂੰ ਅਰਾਮ ਦੇਣ ਲਈ ਵਰਤੀ ਜਾਂਦੀ ਹੈ
2. ਪਸ਼ੂਆਂ ਦੇ ਚਰਨ ਵਾਲ਼ਾ ਖੇਤ ਜਾਂ ਜਗ੍ਹਾ
3. ਕਟੜੂਆਂ-ਵਛੜੂਆਂ ਨੂੰ ਲੱਗਣ ਵਾਲੇ ਕੀੜੇ

ਉਪਰੋਂ ਹੇਠਾਂ ਵੱਲ ਉੱਸੇ ਕਾਲਮ ਵਿੱਚ ਢੁੱਕਵਾਂ ਅੱਖਰ ਜਾਂ ਸ਼ਬਦ ਲਿਖੋ

1. ਗੋਬਰ, ਤੂੜੀ ਅਤੇ ਬਚਿਆ ਹੋਇਆ ਚਾਰਾ
2. ਪਸ਼ੂ ਸਾਮ੍ਹਣੇ ਪੱਠੇ ਪਾਉਣ ਵਾਲੀ ਜਗ੍ਹਾ
3. ਪਸ਼ੂ ਦੇ ਖੁੱਲ੍ਹੇ ਤੁਰਨ-ਫਿਰਨ ਵਾਲ਼ੀ ਜਗ੍ਹਾ




# ਇਕਾਈ 3: ਪਸ਼ੂਆਂ ਲਈ ਰਹਾਇਸ਼ੀ ਪ੍ਰਬੰਧ-2

## ਸੈਸ਼ਨ-1

**1. ਪਸ਼ੂਆਂ ਲਈ ਸ਼ੈੱਡ ਦੇ ਨਕਸ਼ੇ ਸੰਬੰਧੀ ਸਿਧਾਂਤ**

ਪਸ਼ੂਆਂ ਦਾ ਸ਼ੈੱਡ ਇਹੋ-ਜਿਹਾ ਹੋਣਾ ਚਾਹੀਦਾ ਹੈ, ਜਿਸ ਵਿੱਚ ਵੱਖ-ਵੱਖ ਉਮਰ ਦੇ ਡੰਗਰ ਵੱਖਰੇ-ਵੱਖਰੇ ਰੱਖੇ ਜਾ ਸਕਣ ਅਤੇਦੁੱਧ-ਚੁਆਈ, ਪੱਠੇ ਪਾਉਣ ਅਤੇ ਸਫ਼ਾਈ ਆਦਿ ਕੰਮ ਅਸਾਨੀ ਨਾਲ਼ ਅਤੇ ਤੇਜ਼ੀ ਨਾਲ਼ ਕੀਤੇ ਜਾ ਸਕਣ. ਇਹ ਡੰਗਰਾਂ ਲਈ ਅਰਾਮਦੇਹ ਹੋਵੇ। ਗਰਮੀ, ਸਰਦੀ, ਬਾਰਸ਼ ਅਤੇ ਹਨੇਰੀ ਤੋਂ ਡੰਗਰਾਂ ਨੂੰ ਸੁਰੱਖਿਅਤ ਰੱਖੋ ਤਾਂ ਜੋ ਡੰਗਰਾਂ ਤੋਂ ਵੱਧ ਤੋਂ ਵੱਧ ਦੁੱਧ-ਉਤਪਾਦਨ ਲਿਆ ਜਾ ਸਕੇ। ਪਸ਼ੂਆਂ ਲਈ ਇਹੋ-ਜਿਹਾ ਮਕਾਨ ਜਾਂ ਸ਼ੈੱਡ ਬਣਾਉਣ ਲਈ ਜ਼ਰੂਰੀ ਸਿਧਾਂਤ ਚਾਰਟ 4.7 ਵਿੱਚ ਦਰਸਾਏ ਗਏ ਹਨ।




**ਚਾਰਟ 4.7 : ਪਸ਼ੂਆਂ ਦੀ ਰਹਾਇਸ਼ ਦੇ ਨਕਸ਼ੇ ਸੰਬੰਧੀ ਸਿਧਾਂਤ**

**2. ਪਸ਼ੂਆਂ ਦਾ ਵਰਗੀਕਰਣ**

ਜਦ ਪਸ਼ੂਆਂ ਦੀ ਗਿਣਤੀ ਜ਼ਿਆਦਾ ਹੋਵੇ ਤਾਂ ਪਸ਼ੂ-ਪਾਲਕ ਨੂੰ ਇਹਨਾਂ ਡੰਗਰਾਂ ਨੂੰ ਛੋਟੇ-ਛੋਟੇ ਸਮੂਹਾਂ ਵਿੱਚ ਵੰਡ ਕੇ ਰੱਖਣਾ ਚਾਹੀਦਾ ਹੈ। ਅਜਿਹੇ ਸਮੂਹ ਪਸ਼ੂਆਂ ਦੀ ਸਾਂਭ-ਸੰਭਾਲ ਅਤੇ ਉਹਨਾਂ ਦੀਆਂ ਖ਼ੁਰਾਕੀ ਲੋੜਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਉਣੇ ਚਾਹੀਦੇ ਹਨ। ਜਿਵੇਂ ਕਿ ਵਹਿੜਾਂ, ਲਵੇਰੀਆਂ (ਸੱਜਰ, ਅੱਧਵਿਚਕਾਰਲੀ ਅਤੇ ਤੋਕੜ) ਗਾਂਵਾਂ, ਦੁੱਧੋਂ ਭੱਜੀਆਂ, ਸੂਣ ਵਾਲ਼ੀਆਂ, ਬਿਮਾਰ, ਸਾਨ੍ਹ ਅਤੇ ਕਟੜੂਆਂ ਜਾਂ ਵਛੜੂਆਂ ਲਈ ਵੱਖ-ਵੱਖ ਸਮੂਹ ਹੋਣੇ ਚਾਹੀਦੇ ਹਨ। ਅਜਿਹੇ ਸਮੂਹ ਬਣਾਉਣ ਸਦਕਾ ਲੇਬਰ 'ਤੇ ਘੱਟ ਖ਼ਰਚ ਹੋਵੇਗਾ, ਡੰਗਰਾਂ ਦੀ ਆਪਸੀ ਲੜਾਈ/ਭਿੜਨ ਤੋਂ ਬਚਾਅ ਰਹੇਗਾ ਅਤੇ ਡੰਗਰਾਂ ਦੀ ਸਾਂਭ-ਸੰਭਾਲ਼ ਚੰਗੇਰੀ ਹੋ ਸਕੇਗੀ। ਡੰਗਰਾਂ ਦੇ ਅਜਿਹੇ ਗਰੁੱਪਾਂ ਲਈ ਵਰਤੀ ਜਾਂਦੀ ਆਮ ਸ਼ਬਦਾਵਲੀ ਸਾਰਨੀ 4.2 ਵਿੱਚ ਦਿੱਤੀ ਜਾਂਦੀ ਹੈ।

**ਸਾਰਨੀ 4.2 ਗਾਵਾਂ ਅਤੇ ਮੱਝਾਂ ਲਈ ਵਰਤੀ ਜਾਂਦੀ ਸ਼ਬਦਾਵਲੀ**


| ਪਸੂਆਂ ਦੀ ਸ਼੍ਰੇਣੀ (Category of animal) | ਪਸ਼ੂ (Cattle)/ਗਾਂ | (Buffalo) ਮੱਝ |
|---|---|---|
| ਜਵਾਨ ਨਰ | ਸਾਨ੍ਹ | ਝੋਟਾ |
| ਜਵਾਨ ਮਾਦਾ | ਗਾਂ | ਮੱਝ |
| ਇੱਕ ਸਾਲ ਤੱਕ ਨਵ-ਜੰਮਿਆ | ਵਛੜੂ | ਕਟੜੂ |
| ਇੱਕ ਸਾਲ ਤੋਂ ਵੱਡਾ ਨਰ | ਵੱਛਾ | ਕੱਟਾ |
| ਇੱਕ ਸਾਲ ਤੋਂ ਵੱਡੀ ਗੱਭਣ ਹੋਣ ਤੋਂ ਪਹਿਲਾਂ ਵਾਲ਼ੀ ਮਾਦਾ | ਵੱਛੀ ਜਾਂ ਵਹਿੜ | ਕੱਟੀ ਜਾਂ ਝੋਟੀ |
| ਖੱਸੀ ਕੀਤਾ ਨਰ | ਬਲਦ/ਢੱਗਾ | ਝੋਟਾ |
| ਸੂਣ ਦੀ ਕਿਰਿਆ | ਬਿਆਉਣਾ/ਪਸ਼ੂ ਦਾ ਸੂਣਾ | ਬਿਆਉਣਾ/ਪਸ਼ੂ ਦਾ ਸੂਣਾ |
| ਸੰਭੋਗ ਕਰਾਉਣਾ | ਨਵੇਂ ਦੁੱਧ ਕਰਾਉਣਾ | ਨਵੇਂ ਦੁੱਧ ਕਰਾਉਣਾ |
| ਡੰਗਰਾਂ ਦਾ ਸਮੂਹ ਜਾਂ ਝੁੰਡ | ਵੱਗ | ਵੱਗ |

**3. ਡੇਅਰੀ-ਫ਼ਾਰਮ ਦੀ ਰੂਪ-ਰੇਖਾ ਜਾਂ ਨਕਸ਼ਾ**

ਵੱਡੇ ਡੇਅਰੀ ਫ਼ਾਰਮ ਦੇ ਤਿੰਨ ਮੁੱਖ ਭਾਗ ਹੁੰਦੇ ਹਨ, ਜਿਵੇਂ ਕਿ ਪਸ਼ੂ-ਘਰ, ਦੁੱਧ -ਸੈੱਕਸ਼ਨ ਅਤੇ ਚਾਰੇ ਵਾਲ਼ੀਆਂ ਫਸਲਾਂ ਪੈਦਾ ਕਰਨ ਵਾਲ਼ਾ ਸੈੱਕਸ਼ਨ ਇਹਨਾਂ ਤਿੰਨਾਂ ਭਾਗਾਂ ਦੇ ਢਾਂਚੇ ਦੀ ਬਣਤਰ ਸਾਰਨੀ 4.3 ਵਿੱਚ ਦਿੱਤੀ ਗਈ ਹੈ:

## ਵੱਡੇ ਡੇਅਰੀ-ਫਾਰਮ ਦਾ ਨਕਸ਼ਾ (ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ ਮੁਤਾਬਿਕ)

ਬਿਊਰੋ ਆਫ਼ ਇੰਡੀਅਨ ਸਟੈਂਡਰਡਜ਼ ਅਨੁਸਾਰ ਵੱਡੇ ਡੇਅਰੀ-ਫਾਰਮ ਦਾ ਨਕਸ਼ਾ ਚਾਰਟ 4.8 ਵਿੱਚ ਦਰਸਾਇਆ ਗਿਆ ਹੈ।




ਚਾਰਟ 4.8: ਬਿਉਰੋ ਸਟੈਂਡਰਡਜ਼ ਵੱਲੋਂ ਪ੍ਰਵਾਨਤ ਵੱਡੇ ਡੇਅਰੀ ਫਾਰਮ ਦਾ ਨਕਸ਼ਾ

**ਸਾਰਨੀ** 4.3: ਡੇਅਰੀ ਫਾਰਮ ਦੇ ਮਹੱਤਵਪੂਰਨ ਹਿੱਸੇ ਅਤੇ ਉਹਨਾਂ ਦੀ ਗਤੀਵਿਧੀ

| | | |
|---|---|---|
| ਪਸ਼ੂ ਅਹਾਤਾ | ਪਸ਼ੂਆਂ ਦਾ ਸ਼ੈੱਡ<br><br>ਸ਼ੈੱਡ | ਲਵੇਰੇ ਪਸ਼ੂਆਂ ਲਈ ਸ਼ੈੱਡ<br>ਦੁੱਧੋਂ-ਭੱਜੇ ਪਸ਼ੂਆਂ ਲਈ ਸ਼ੈੱਡ<br>ਤਾਜ਼ੇ ਸੂਏ ਡੰਗਰਾਂ ਅਤੇ ਕਟੜੂਆਂ/ ਵਛੜੂਆਂ ਲਈ ਸ਼ੈੱਡ ਵਹਿੜਾਂ ਲਈ ਸ਼ੈੱਡ<br>ਵੱਛੇ, ਵੱਛੀਆਂ, ਕੱਟੇ, ਕੱਟੀਆਂ ਦਾ ਸ਼ੈੱਡ<br>ਸਾਨ੍ਹਾਂ, ਝੋਟਿਆਂ ਲਈ ਸ਼ੈੱਡ<br>ਦੁੱਧ ਚੋਣ ਵਾਲਾ ਕਮਰਾ<br>ਬਿਮਾਰ ਡੰਗਰਾਂ ਵਾਲਾ ਕਮਰਾ |
| | ਹੋਰ ਸਹਾਇਕ ਢਾਂਚੇ | ਮਸਨੂਈ ਗਰਭਦਾਨ ਲਈ ਹਸਪਤਾਲ/ ਡਿਸਪੈਂਸਰੀ<br>ਫੀਡ ਅਤੇ ਦਾਣਿਆਂ ਦਾ ਸਟੋਰ<br>ਤੂੜੀ ਵਾਲਾ ਸਟੋਰ<br>ਪੱਠੇ ਕੁਤਰਣ ਵਾਲਾ ਸ਼ੈੱਡ<br>ਹੈਂਡਲਿੰਗ ਵਾੜਾ (ਪਸ਼ੂ ਨੂੰ ਸਾਂਭ-ਸੰਭਾਲ ਦੇ ਅਨੁਸਾਰ ਢਾਲਣਾ)<br>ਰੂੜੀ ਦੀ ਖਾਦ ਵਾਲੀ ਜਗ੍ਹਾ<br>ਸਾਈਲੇਜ ਵਾਲੀ ਜਗ੍ਹਾ<br>ਪਸ਼ੂ ਨੂੰ ਖੜੇ ਰੱਖਣ/ਕਰਨ ਵਾਲਾ ਸ਼ਕੰਜਾ<br>ਛੱਪੜ |
| ਡੇਅਰੀ (ਦੁੱਧ)<br>ਵਾਲਾ ਭਾਗ<br>ਕਮਰਾ | | ਦੁੱਧ ਚੋਣ ਵਾਲਾ ਕਮਰਾ<br>ਦੁੱਧ ਵਾਲਿਆਂ ਭਾਂਡਿਆਂ ਨੂੰ ਸਟੋਰ ਕਰਨ ਲਈ |
| ਚਾਰੇ ਉਤਪਾਦਨ<br>ਵਾਲਾ ਭਾਗ | | ਵਰਕਸ਼ਾਪ ਅਤੇ ਸੰਧਾਂ ਵਾਲਾ ਸ਼ੈੱਡ<br>ਰਸਾਇਣਕ ਖਾਦ ਅਤੇ ਚਾਰੇ ਦੇ ਬੀਜ ਲਈ ਸਟੋਰ |

## ਸੈਸ਼ਨ 2 ਪਸ਼ੂਆਂ ਲਈ ਰਹਾਇਸ਼ੀ ਪ੍ਰਬੰਧ-2

**ੳ) ਪਸ਼ੂ-ਅਹਾਤਾ**

ਪਸ਼ੂ ਅਹਾਤਾ ਡੇਅਰੀ ਫ਼ਾਰਮ ਦਾ ਇੱਕ ਮਹੱਤਵਪੂਰਨ ਹਿੱਸਾ ਹੁੰਦਾ ਹੈ। ਪਸ਼ੂ-ਅਹਾਤਾ ਕਈ ਭਾਗਾਂ ਜਾਂ ਇਕਾਈਆਂ ਵਿੱਚ ਵੰਡਿਆਂ ਹੁੰਦਾ ਹੈ, ਜਿਨ੍ਹਾਂ ਦੀ ਸੁਚੱਜੇ ਤਰੀਕੇ ਨਾਲ਼ ਵਿਓਂਤਬੰਦੀ ਬਹੁਤ ਜ਼ਰੂਰੀ ਹੈ ਤਾਂ ਜੋ ਡੰਗਰਾਂ ਦੀ ਸੁੱਖ-ਸਹੂਲਤ, ਸੁਰੱਖਿਆ ਅਤੇ ਰੋਜ਼ਾਨਾ ਦੇ ਸੁਖਾਲ਼ੇ ਕੰਮ-ਕਾਜ ਨੂੰ ਯਕੀਨੀ ਬਣਾਇਆ ਜਾ ਸਕੇ।

1. ਡੰਗਰਾਂ ਦੇ ਸ਼ੈੱਡ

ੳ) ਲਵੇਰੇ ਪਸ਼ੂਆਂ ਲਈ ਸ਼ੈੱਡ

ਇਸ ਸ਼ੈੱਡ ਦੀ ਲੰਬਾਈ ਅਤੇ ਚੁੜਾਈ ਡੰਗਰਾਂ ਦੇ ਔਸਤਨ ਅਕਾਰ ਜਾਂ ਸਾਈਜ਼ 'ਤੇ ਨਿਰਭਰ ਕਰਦੀ ਹੈ। ਪ੍ਰਤਿ ਡੰਗਰ ਲਈ 1.5 ਤੋਂ 1.7 ਮੀਟਰ ਲੰਮੀ ਅਤੇ 1 ਤੋਂ 1.2 ਮੀਟਰ ਚੌੜੀ ਜਗ੍ਹਾ ਦੀ ਲੋੜ ਪੈਂਦੀ ਹੈ। ਵਿਚਕਾਰਲਾ ਲਾਂਘਾ ਵੀ 1.8 ਮੀਟਰ ਚੌੜਾ ਹੋਣਾ ਚਾਹੀਦਾ ਹੈ। ਇਹ ਰਸਤਾ ਵਿਚਕਾਰੋਂ ਉੱਚਾ ਅਤੇ ਦੋਹਾਂ ਸਾਈਡਾਂ ਵੱਲ 25 ਇੰਚਾਂ ਮਗਰ ਇੱਕ ਇੰਚ ਦੀ ਢਲਾਣ ਵਾਲਾ ਹੋਣਾ ਚਾਹੀਦਾ ਹੈ। ਇਸ ਰਸਤੇ ਦੇ ਦੋਵੇਂ ਪਾਸਿਆਂ 'ਤੇ ਨਿਕਾਸੀ ਨਾਲ਼ੀਆਂ ਬਣਾਉਣੀਆਂ ਚਾਹੀਦੀਆਂ ਹਨ। ਬਾਹਰ ਵਾਲ਼ੇ ਪਾਸੇ ਦੋਹਾਂ ਸਾਈਡਾਂ 'ਤੇ ਖੁਰਲੀਆਂ ਬਣਾਈਆਂ ਜਾਣ। ਫ਼ਰਸ਼ ਦੀ 1/40 ਦੇ ਹਿਸਾਬ ਢਲਾਣ ਨਿਕਾਸੀ ਨਾਲੀਆਂ ਵੱਲ ਹੋਣੀ ਚਾਹੀਦੀ ਹੈ।

ਅ) ਦੁੱਧ ਚੋਣ ਵਾਲ਼ਾ ਕਮਰਾ

ਡੇਅਰੀ-ਫਾਰਮ ਦੇ ਇਸ ਕਮਰੇ ਵਿੱਚ ਡੰਗਰਾਂ ਦਾ ਦੁੱਧ ਚੋਇਆ ਜਾਂਦਾ ਹੈ। ਜਿੱਥੇ ਡੰਗਰ ਖੁੱਲ੍ਹੇ ਰੱਖੇ ਜਾਂਦੇ ਹਨ, ਇਹ ਕਮਰਾ ਉੱਥੇ ਬਣਾਇਆ ਜਾਂਦਾ ਹੈ। ਇੱਕ-ਇੱਕ ਗਊ ਨੂੰ ਇਸ ਕਮਰੇ ਵਿੱਚ ਲਿਆਇਆ ਜਾਂਦਾ ਹੈ ਅਤੇ ਦੁੱਧ ਚੋਣ ਤੋਂ ਬਾਅਦ ਵਾਪਸ ਖੁੱਲ੍ਹੀ ਜਗ੍ਹਾ ਵਿੱਚ ਛੱਡ ਦਿੱਤਾ ਜਾਂਦਾ ਹੈ। ਇਸ ਕਮਰੇ ਵਿੱਚ ਦੁੱਧ ਚੋਣ ਲਈ ਲੁੜੀਂਦਾ ਢਾਂਚਾ ਅਤੇ ਸਾਜ਼ੋ-ਸਮਾਨ ਹੁੰਦਾ ਹੈ ਅਤੇ ਵੱਡੇ ਡੇਅਰੀ ਫਾਰਮ ਦੇ ਅਜਿਹੇ ਕਮਰੇ ਨੂੰ ਦੁੱਧ ਚੁਆਈ ਕੇਂਦਰ ਕਿਹਾ ਜਾਂਦਾ ਹੈ। ਅਜਿਹੇ ਕੇਂਦਰ ਵਿੱਚ ਹੇਠ ਲਿਖੀਆਂ ਖਾਸ ਸਹੂਲਤਾਂ ਹੁੰਦੀਆਂ ਹਨ।

**ਇੰਤਜ਼ਾਰੀ ਜਗ੍ਹਾ:** ਇਹ ਜਗ੍ਹਾ ਦੁੱਧ ਚੋਣ ਵਾਲੇ ਕਮਰੇ ਦੇ ਬਾਹਰ ਹੁੰਦੀ ਹੈ। ਜਿੱਥੇ ਚੋਣ ਤੋਂ ਪਹਿਲਾਂ ਗਾਵਾਂ ਨੂੰ ਫੜ ਕੇ ਖੜ੍ਹਾ ਕੀਤਾ ਜਾਂਦਾ ਹੈ। ਇਹ ਜਗ੍ਹਾ 15 ਵਰਗ ਫੁੱਟ ਪ੍ਰਤਿ ਗਾਂ ਦੇ ਹਿਸਾਬ ਹੋਣੀ ਚਾਹੀਦੀ ਹੈ ਜੋ ਉਪਰੋਂ ਛੱਤੀ ਜਾਂ ਅਣਛੱਤੀ ਹੋ ਸਕਦੀ ਹੈ। ਦੁੱਧ-ਚੁਆਈ ਵਾਲੇ ਕਮਰੇ ਤੋਂ ਉਲਟੀ ਦਿਸ਼ਾ ਵਿੱਚ ਇਸ ਰਸਤੇ ਦੀ ਢਲਾਣ ਹੋਣੀ ਚਾਹੀਦੀ ਹੈ।

**ਦੁੱਧ ਸਟੋਰ:** ਇਸ ਕਮਰੇ ਵਿੱਚ ਦੁੱਧ ਨੂੰ ਸਟੋਰ ਕਰਨ, ਠੰਢਾ ਕਰਨ ਅਤੇ ਚੋਣ ਵਾਲੇ ਬਰਤਨ ਜਾਂ ਸਾਜ਼ੋ-ਸਮਾਨ ਨੂੰ ਸਾਫ਼ ਕਰਨ ਲਈ ਸਾਰੀਆਂ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ।

**ਯੰਤਰਾਂ ਵਾਲਾ ਕਮਰਾ:** ਇਸ ਕਮਰੇ ਵਿੱਚ ਕਈ ਪ੍ਰਕਾਰ ਦੇ ਯੰਤਰ ਜਿਵੇਂ ਕਿ ਹਵਾ ਰਹਿਤ ਕਰਨ ਵਾਲ਼ਾ ਪੰਪ, ਠੰਢਾ ਕਰਨ ਵਾਲ਼ਾ ਰੈਫ਼ਰੀਜਰੇਟਰ ਅਤੇ ਪਾਣੀ ਗਰਮ ਕਰਨ ਲਈ ਹੀਟਰ ਆਦਿ ਉਪਲਬਧ ਹੁੰਦੇ ਹਨ।

ਦੁੱਧ ਚੁਆਈ ਵਾਲੇ ਕਮਰੇ/ਕੇਂਦਰ ਦੇ ਆਕਾਰ ਸੰਬੰਧੀ ਅੰਕੜੇ ਸਾਰਨੀ 4.4. ਵਿੱਚ ਦਿੱਤੇ ਗਏ ਹਨ:




ਤਸਵੀਰ 4.8 (ੳ) ਦੁੱਧ-ਚੁਆਈ ਵਾਲਾ ਕੇਂਦਰ



ਤਸਵੀਰ 4.8 (ਅ) ਦੁੱਧ-ਚੁਆਈ ਵਾਲਾ ਕੇਂਦਰ

ਆਮ੍ਹੋ-ਸਾਮ੍ਹਣੇ ਜਾਂ ਇੱਕ ਦਾ ਪਿੱਛਾ ਦੂਸਰੇ ਦੇ ਪਿੱਛੇ ਵੱਲ ਦੋ ਤਰੀਕਿਆਂ ਨਾਲ ਦੂਹਰੀ ਕਤਾਰ ਵਿੱਚ ਡੰਗਰਾਂ ਨੂੰ ਦੁੱਧ-ਚੁਆਈ ਲਈ ਖੜ੍ਹੇ ਕੀਤਾ ਜਾ ਸਕਦਾ ਹੈ ਪਰੰਤੂ ਦੂਸਰਾ ਤਰੀਕਾ ਬਿਹਤਰ ਹੈ। ਇਸ ਤਰੀਕੇ ਅਨੁਸਾਰ ਦੁੱਧ ਚੋਣ ਲਈ ਡੰਗਰ ਉਹਨਾਂ ਦੀ ਕੁੱਲ ਸੰਖਿਆ ਦੇ ਤੀਜੇ ਹਿੱਸੇ ਤੋਂ ਲੈ ਕੇ ਅੱਧੀ ਗਿਣਤੀ ਤੱਕ ਖੜ੍ਹੇ ਹੋਣੇ ਚਾਹੀਦੇ ਹਨ।




**ਤਸਵੀਰ 9 : ਇੱਕ ਸਾਫ਼-ਸੁੱਥਰੇ ਦੁੱਧ-ਚੁਆਈ ਕੇਂਦਰ ਦੀ ਤਸਵੀਰ**

**ਸਾਰਨੀ 4.4 ਦੁੱਧ-ਚੁਆਈ ਵਾਲ਼ੇ ਕਮਰੇ ਦਾ ਅਕਾਰ**

| | |
|---|---|
| ਪਸ਼ੂ ਖਲੋਣ ਲਈ ਜਗ੍ਹਾ ਦੀ ਲੰਬਾਈ | 1.5–1.7 ਮੀਟਰ |
| ਪਸ਼ੂ ਖਲੋਣ ਲਈ ਜਗ੍ਹਾ ਦੀ ਚੁੜਾਈ | 1.05–1.2 ਮੀਟਰ (ਖਲੋਣ ਲਈ ਲੋੜੀਂਦੀ ਜਗ੍ਹਾ ਦਾ 80 ਪ੍ਰਤਿਸ਼ਤ) |
| ਵਿਚਕਾਰਲੇ ਲਾਂਘੇ ਦੀ ਚੁੜਾਈ | 1.5–1.8 ਮੀਟਰ |
| ਫੀਡ ਵਾਲੀ ਤੰਗ ਗਲ਼ੀ/ਰਸਤਾ | 0.75 ਮੀਟਰ |
| ਮਲ-ਮੂਤਰ ਵਾਲੀ ਨਾਲ਼ੀ ਦੀ ਚੁੜਾਈ | 0.30 ਮੀਟਰ |
| ਖੁਰਲੀ ਦੀ ਚੁੜਾਈ | 1.4 ਮੀਟਰ |

**ਨਵ-ਜੰਮੇ ਵੱਛੇ-ਵੱਛੀਆਂ ਲਈ ਕਮਰੇ :** ਛੋਟੀ ਉਮਰ ਦੇ ਕਟੜੂਆਂ ਵਛੜੂਆਂ ਨੂੰ ਰੱਖਣ ਲਈ ਦੋ ਲਵੇਰੇ ਪਸ਼ੂਆਂ ਵਾਲੇ ਸ਼ੈੱਡਾਂ ਦਰਮਿਆਨ 4×5 ਵਰਗ ਮੀਟਰ ਅਕਾਰ ਦੇ 4 ਕਮਰੇ ਜਾਂ ਖ਼ਾਨੇ ਬਣਾਉਣੇ ਚਾਹੀਦੇ ਹਨ।

ੲ) ਦੁੱਧੋਂ ਭੱਜੇ ਡੰਗਰਾਂ ਲਈ ਸ਼ੈੱਡ

ਅਜਿਹੇ ਡੰਗਰਾਂ ਨੂੰ ਖੁੱਲ੍ਹੇ ਵਾੜੇ ਵਿੱਚ ਜਾਂ ਖ਼ਾਲੀ ਜਗ੍ਹਾ ਵਿੱਚ ਬਣੇ ਹੋਏ ਢਾਰੇ ਜਾਂ ਸ਼ੈੱਡ, ਜਿਸ ਦੇ ਵਿਚਕਾਰ ਇੱਕ ਲੰਮੀ ਖੁਰਲੀ ਹੋਵੇ, ਰੱਖਿਆ ਜਾ ਸਕਦਾ ਹੈ। ਇਸ ਖੁਰਲੀ ਦੇ ਚਾਰੇ ਪਾਸੇ 2.2 ਮੀਟਰ ਚੌੜਾ ਫਰਸ਼ ਅਤੇ ਫਰਸ਼ ਦੁਆਲੇ ਮਲ-ਮੂਤਰ ਨਿਕਾਸੀ ਲਈ ਨਾਲ਼ੀਆਂ ਹੋਣੀਆਂ ਚਾਹੀਦੀਆਂ ਹਨ।

ਸ) ਤਾਜ਼ੇ ਸੂਏ ਡੰਗਰਾਂ ਲਈ ਕਮਰਾ

ਗਾਂਵਾਂ ਅਤੇ ਮੱਝਾਂ ਆਮ ਤੌਰ ’ਤੇ ਵੱਗ ਵਿੱਚ ਇਕੱਠੀਆਂ ਰਹਿੰਦੀਆਂ ਹਨ, ਪਰੰਤੂ ਤਾਜ਼ਾ ਸੂਇਆ ਡੰਗਰ ਇੱਕਲਾ ਰਹਿਣਾ ਪਸੰਦ ਕਰਦਾ ਹੈ, ਜਿੱਥੇ ਉਸ ਨੂੰ ਦੂਸਰੇ ਡੰਗਰ ਤੰਗ ਨਾ ਕਰ ਸਕਣ। ਆਪਣੇ ਬੱਚੇ ਨਾਲ ਮੋਹ-ਪਿਆਰ ਰੱਖਣ

ਲਈ ਨਵੀਂ ਸੂਈ ਗਾਂ ਕਾਫ਼ੀ ਉਤਾਵਲੀ ਹੁੰਦੀ ਹੈ। ਰਵਾਇਤੀ ਰਹਾਇਸ਼ ਵਿੱਚ ਸੂਣ ਤੋਂ ਬਾਅਦ ਡੰਗਰ ਨੂੰ ਉਸ ਵੱਗ ਵਿੱਚ ਰੱਖਿਆ ਜਾਂਦਾ ਹੈ। ਖੁੱਲ੍ਹੀ ਰਿਹਾਇਸ਼ ਵਾਲੀ ਪ੍ਰਨਾਲੀ ਵਿੱਚ ਗਾਂ ਨੂੰ ਸੂਣ ਤੋਂ ਬਾਅਦ ਆਪਣੇ ਵਛੜੂ ਸਮੇਤ ਇੱਕ ਵੱਖਰੇ ਖਾਨੇ ਜਾਂ ਕਮਰੇ ਵਿੱਚ ਰੱਖਿਆ ਜਾਂਦਾ ਹੈ, ਜਿਸ ਨੂੰ ਸੂਣ ਵਾਲਾ ਖਾਨਾ ਕਿਹਾ ਜਾ ਸਕਦਾ ਹੈ। ਅਜਿਹਾ ਕਮਰਾ ਲੋੜ ਅਨੁਸਾਰ ਖੁੱਲ੍ਹਾ-ਡੁੱਲ੍ਹਾ, ਰੋਸ਼ਨੀ ਵਾਲਾ, ਸਾਫ਼-ਸੁਥਰਾ ਅਤੇ ਅਸਾਨ ਪਹੁੰਚ ਵਾਲਾ ਹੋਣਾ ਚਾਹੀਦਾ ਹੈ। ਸੂਣ ਤੋਂ 2-3 ਹਫ਼ਤੇ ਪਹਿਲਾ ਅਤੇ ਸੂਣ ਤੋਂ 3-5 ਦਿਨ ਬਾਅਦ ਤੱਕ ਡੰਗਰ ਨੂੰ ਅਜਿਹੇ ਖ਼ਾਨਿਆਂ ਵਿਚ ਰੱਖਿਆ ਜਾਂਦਾ ਹੈ।

20 ਗਾਵਾਂ ਪਿੱਛੇ ਅਜਿਹਾ ਇੱਕ ਸੂਣ ਵਾਲਾ ਖ਼ਾਨਾ ਕਾਫ਼ੀ ਹੁੰਦਾ ਹੈ, ਜਾਂ ਇੰਞ ਕਹਿ ਲਓ ਕਿ 5 ਪ੍ਰਤਿਸ਼ਤ ਸੂਣ ਵਾਲੀਆਂ ਗਾਵਾਂ ਮਗਰ ਇੱਕ। ਸੂਣ ਵਾਲੀਆਂ ਗਾਂਵਾਂ ਨੂੰ ਖੁੱਲ੍ਹੇ ਕਮਰੇ ਜਾਂ ਰੱਖਣੇ ਵਿੱਚ ਅਲੱਗ ਰੱਖਣਾ ਚਾਹੀਦਾ ਹੈ। ਪ੍ਰਤਿ ਗਾਂ ਲਈ ਅਜਿਹੇ ਕਮਰੇ ਦਾ ਅਕਾਰ 12 ਵਰਗ ਮੀਟਰ ਹੋ ਸਕਦਾ ਹੈ, ਜਿਸ ਵਿੱਚ ਡੰਗਰ ਦੇ ਅਰਾਮ ਨਾਲ ਬੈਠਣ ਲਈ ਪਰਾਲੀ ਜਾਂ ਘਾਹ ਦਾ ਗੱਦਾ ਜ਼ਰੂਰ ਹੋਵੇ, ਜਾਂ ਰੇਤ ਦੀ 30 ਸੈਂਟੀਮੀਟਰ ਮੋਟੀ ਤਹਿ ਵਿਛਾ ਕੇ ਅਜਿਹਾ ਗੱਦਾ ਬਣਾਇਆ ਜਾ ਸਕਦਾ ਹੈ। ਅਜਿਹੇ ਕਮਰਿਆਂ ਦਾ ਫਰਸ਼ ਤਿਲਕਣ ਰਹਿਤ ਹੋਵੇ ਅਤੇ ਹਰ ਕਮਰੇ ਵਿੱਚ ਮਲਮੂਤਰ ਦੇ ਨਿਕਾਸ ਦਾ ਪ੍ਰਬੰਧ ਜ਼ਰੂਰ ਹੋਵੇ। ਅਜਿਹੇ ਖੁੱਲ੍ਹੇ ਅਤੇ ਛੱਤੇ ਹੋਏ ਸੂਣ ਵਾਲੇ ਕਮਰੇ ਜਾਂ ਖ਼ਾਨੇ ਤਸਵੀਰ 4.10 ਅਤੇ 4.11 ਵਿੱਚ ਦਿਖਾਏ ਗਏ ਹਨ।



ਤਸਵੀਰ 4.10 : ਛੱਤਿਆ ਹੋਇਆ ਸੂਣ ਵਾਲਾ ਖ਼ਾਨਾ ਜਾਂ ਕਮਰਾ



ਤਸਵੀਰ 4.11 : ਅਣਛੱਤਿਆ ਸੂਣ ਵਾਲਾ ਖ਼ਾਨਾ

ਹ) ਕਟੜੂਆਂ/ਵਛੜੂਆਂ ਵਾਲਾ ਸ਼ੈੱਡ

ਜਨਮ ਤੋਂ ਬਾਅਦ ਪਹਿਲੇ ਕੁਝ ਹਫ਼ਤਿਆਂ ਲਈ ਨਵਜੰਮੇ ਵੱਛੇ/ਵੱਛੀਆਂ ਜਾਂ ਕੱਟੇ/ਕੱਟੀਆਂ ਨੂੰ ਅਲੱਗ-ਅਲੱਗ ਰੱਖਣਾ ਜ਼ਰੂਰੀ ਹੈ, ਕਿਉਂਕਿ ਨਵਜੰਮੇ ਕਟੜੂਆਂ/ਵਛੜੂਆਂ ਵਿੱਚ ਛੂਤ ਦੀਆਂ ਬਿਮਾਰੀਆਂ ਫੈਲਣ ਕਾਰਨ ਮੌਤ ਦੀ ਦਰ ਕਾਫ਼ੀ ਜ਼ਿਆਦਾ ਹੈ, ਇਸ ਲਈ ਇਹਨਾਂ ਦੀ ਸਾਂਭ-ਸੰਭਾਲ ਸਾਫ਼-ਸੁਥਰੇ ਵਾਤਾਵਰਨ ਵਿੱਚ ਹੋਣੀ ਜ਼ਰੂਰੀ ਹੈ। ਸੂਣ ਤੋਂ ਬਾਅਦ 8 ਹਫ਼ਤਿਆਂ ਤੱਕ ਕਟੜੂਆਂ ਜਾਂ ਵਛੜੂਆਂ ਨੂੰ ਅਲੱਗ-ਅਲੱਗ ਰੱਖਿਆ ਜਾਂਦਾ ਹੈ, ਜਿਵੇਂਕਿ ਤਸਵੀਰ 4.12 ਵਿੱਚ ਦਿਖਾਇਆ ਗਿਆ ਹੈ। ਇਸ ਤੋਂ ਬਾਅਦ ਇਨ੍ਹਾਂ ਨੂੰ ਵੱਗ ਵਿੱਚ ਸ਼ਾਮਲ ਕਰ ਦਿੱਤਾ ਜਾਂਦਾ ਹੈ।

ਕਟੜੂਆਂ/ਵਛੜੂਆਂ ਲਈ ਅਲੱਗ-ਅਲੱਗ ਖ਼ਾਨੇ: ਕਿਉਂਕਿ ਵੱਛੇ-ਵੱਛੀਆਂ ਵਿੱਚ ਕੁਦਰਤੀ ਤੌਰ ਤੇ ਚੁੰਘਣ ਦੀ ਆਦਤ ਹੁੰਦੀ ਹੈ ਇਸ ਲਈ ਇੱਕ ਤੋਂ ਦੂਸਰੇ ਨੂੰ ਬਿਮਾਰੀ ਬਹੁਤ ਜਲਦੀ ਫੈਲਦੀ ਹੈ। ਅਲੱਗ-ਅਲੱਗ ਖ਼ਾਨਿਆਂ ਵਿੱਚ ਰੱਖਣ ਦੇ ਕਈ ਲਾਭ ਹਨ ਜਿਵੇਂਕਿ ਬਿਮਾਰੀ ਫੈਲਣ ਦਾ ਖ਼ਤਰਾ ਘੱਟ ਜਾਂਦਾ ਹੈ ਅਤੇ ਹਰ ਇੱਕ ਨੂੰ ਅਲੱਗ-ਅਲੱਗ ਦੁੱਧ ਦੇਣਾ ਸੰਭਵ ਹੋ ਜਾਂਦਾ ਹੈ। ਖ਼ਾਨੇ ਏਨੇ ਕੁ ਉੱਚੇ ਹੋਣ ਕਿ ਕੱਟੜੂ ਜਾਂ ਵਛੜੂ ਇੱਕ ਦੂਜੇ ਨੂੰ ਦੇਖ ਅਤੇ ਸੁਣ ਸਕਣ। ਅਜਿਹੇ ਖ਼ਾਨਿਆਂ ਦੀਆਂ ਕੰਧਾਂ ਵਿੱਚ ਡੱਬੇ ਜਾਂ ਮੋਰੀਆਂ ਅਤੇ ਇੱਕ ਜਾਲ਼ੀਦਾਰ ਦਰਵਾਜ਼ਾ ਹੋਣਾ ਚਾਹੀਦਾ ਹੈ। ਇਹਨਾਂ ਖ਼ਾਨਿਆਂ ਵਿਚਕਾਰਲੀ ਕੰਧ ਪੌਣਾ ਮੀਟਰ ਉੱਚੀ ਹੋਣੀ ਚਾਹੀਦੀ ਹੈ। ਦੁੱਧ ਪਿਲਾਉਣ ਵਾਲੀ ਛੋਟੀ ਖੁਰਲੀ ਜਾਂ ਟੱਬ ਵਿੱਚ ਅਜਿਹੀਆਂ ਖੁੱਲ੍ਹੀਆਂ ਥਾਂਵਾਂ ਜ਼ਰੂਰ ਰੱਖੀਆਂ ਜਾਣੀਆਂ ਚਾਹੀਦੀਆਂ ਹਨ, ਜਿਨ੍ਹਾਂ ਵਿਚੋਂ ਜਾਂ ਜਿਨ੍ਹਾਂ ਰਾਹੀਂ ਆਪਣਾ ਸਿਰ ਬਾਹਰ ਕੱਢ ਕੇ ਵੱਛਾ ਜਾਂ ਵੱਛੀ ਖਾ-ਪੀ ਸਕੇ। ਅਜਿਹੇ ਖਾਨਿਆਂ ਦੀ ਸੰਖਿਆ ਸੂਣ ਵਾਲੀਆਂ ਕੁਲ ਗਾਂਵਾਂ ਦੀ ਗਿਣਤੀ ਦਾ 5% ਜ਼ਰੂਰ ਹੋਣੀ ਚਾਹੀਦੀ ਹੈ।



**ਤਸਵੀਰ 4.12 ਕਟੜੂ ਜਾਂ ਵਛੜੂ ਲਈ ਅਲੱਗ-ਅਲੱਗ ਖ਼ਾਨੇ**

**ਕਟੜੂਆਂ ਜਾਂ ਵਛੜੂਆਂ ਲਈ ਸਮੂਹਿਕ ਰਹਾਇਸ਼:** 2 ਮਹੀਨੇ ਅਲੱਗ-ਅਲੱਗ ਰੱਖਣ ਤੋਂ ਬਾਅਦ 3 ਤੋਂ 5 ਕਟੜੂਆਂ ਜਾਂ ਵਛੜੂਆਂ ਨੂੰ ਇਕੱਠੇ ਇੱਕ ਖ਼ਾਨੇ ਵਿੱਚ ਰੱਖਿਆ ਜਾ ਸਕਦਾ ਹੈ, ਜਿਸ ਵਿੱਚ ਹੇਠਾਂ ਪਰਾਲ਼ੀ ਵਿਛੀ ਹੋਵੇ। ਕੱਟਿਆਂ ਜਾਂ ਵੱਛਿਆਂ ਨੂੰ ਕਦੇ ਵੀ ਵੱਡੇ ਜਾਨਵਰਾਂ ਨਾਲ਼ ਸ਼ੈੱਡ ਵਿੱਚ ਨਹੀਂ ਰੱਖਣਾ ਚਾਹੀਦਾ। ਕੱਟੇ-ਵੱਛਿਆਂ ਦੇ ਕਮਰੇ ਜਾਂ ਸ਼ੈੱਡ ਵਿੱਚ ਰੋਸ਼ਨੀ ਅਤੇ ਮਲ-ਮੂਤਰ ਨਿਕਾਸੀ ਦਾ ਚੰਗਾ ਪ੍ਰਬੰਧ ਹੋਣਾ ਜ਼ਰੂਰੀ ਹੈ। ਸਿੱਲ੍ਹੇ ਫ਼ਰਸ਼ ਜਾਂ ਮਲ-ਮੂਤਰ ਨਾਲ਼ ਲਿੱਬੜੇ ਸ਼ੈੱਡ ਵਿੱਚ ਵੱਛਿਆਂ ਜਾਂ ਵੱਛੀਆਂ ਨੂੰ ਸਾਹ ਲੈਣ ਦੀ ਦਿੱਕਤ ਅਕਸਰ ਹੋ ਜਾਂਦੀ ਹੈ।

ਜੇਕਰ ਵੱਛੇ-ਵੱਛੀਆਂ ਦੀ ਗਿਣਤੀ ਜ਼ਿਆਦਾ ਹੋਵੇ ਤਾਂ ਇਹਨਾਂ ਨੂੰ ਤਿੰਨ ਸਮੂਹਾਂ ਵਿੱਚ ਵੰਡ ਕੇ ਅਲੱਗ-ਅਲੱਗ ਰੱਖਣਾ ਚਾਹੀਦਾ ਹੈ, ਜਿਵੇਂ ਕਿ ਤਿੰਨ ਮਹੀਨਿਆਂ ਤੋਂ ਘੱਟ ਉਮਰ ਦੇ ਇੱਕ ਵੱਗ ਵਿੱਚ, 3 ਤੋਂ 6 ਮਹੀਨਿਆਂ ਦੇ ਦੂਸਰੇ ਵੱਗ ਵਿੱਚ ਅਤੇ 6 ਮਹੀਨਿਆਂ ਤੋਂ ਇੱਕ ਸਾਲ ਦੇ ਤੀਸਰੇ ਵੱਗ ਵਿੱਚ। ਤਿੰਨ ਮਹੀਨਿਆਂ ਤੋਂ ਘੱਟ ਉਮਰ ਦੇ ਵੱਛੇ-ਵੱਛਿਆਂ ਲਈ 20-25 ਵਰਗ ਫੁੱਟ ਅਤੇ 3-6 ਮਹੀਨੇ ਵਾਲ਼ੇ ਸਮੂਹ ਲਈ 30 ਵਰਗ ਫੁੱਟ ਪ੍ਰਤਿ ਵੱਛੜੂ ਦੇ ਹਿਸਾਬ ਨਾਲ਼ ਜਗ੍ਹਾ ਦੀ ਲੋੜ ਹੁੰਦੀ ਹੈ। ਵੱਛੇ/ਵੱਛੀਆਂ ਦਾ ਵਾੜਾ ਜਾਂ ਸ਼ੈੱਡ ਪੰਛੀਆਂ ਤੋਂ ਸੁਰੱਖਿਅਤ ਹੋਣਾ ਚਾਹੀਦਾ ਹੈ ਕਿਉਂਕਿ ਪੰਛੀ ਛੋਟੇ ਵਛੜੂਆਂ ਜਾਂ ਕਟੜੂਆਂ ਦੇ ਜ਼ਖਮ ਕਰ ਸਕਦੇ ਹਨ।

**(ਕ) ਵਹਿੜਾਂ ਅਤੇ ਵਹਿੜਕਿਆਂ ਲਈ ਰਹਾਇਸ਼**

ਘੱਟੋ-ਘੱਟ 30-40 ਵਰਗ ਫੁੱਟ ਜਗ੍ਹਾ ਹਰ ਝੋਟੀ ਜਾਂ ਵਹਿੜ ਲਈ ਸ਼ੈੱਡ ਵਿੱਚ ਹੋਣੀ ਚਾਹੀਦੀ ਹੈ। ਨੌਜੁਆਨ ਸਾਨ੍ਹ ਤੋਂ ਝੋਟੀਆਂ ਜਾਂ ਵੱਛੀਆਂ ਨੂੰ ਵੱਖਰਾ ਰੱਖਣਾ ਚਾਹੀਦਾ ਹੈ, ਨਹੀਂ ਤਾਂ ਬੇਲੋੜਾ ਮਿਲ਼ਾਪ ਹੋਣ ਦਾ ਖ਼ਤਰਾ ਰਹਿੰਦਾ ਹੈ।

**(ਖ) ਸਾਨ੍ਹਾਂ ਵਾਲਾ ਸ਼ੈੱਡ**

ਬਲਦਾਂ ਜਾਂ ਸਾਨ੍ਹਾਂ ਲਈ ਰਹਾਇਸ਼ ਦੀ ਵਿਓਂਤਬੰਦੀ ਇਸ ਗੱਲ ਨੂੰ ਧਿਆਨ ਵਿੱਚ ਰੱਖ ਕੇ ਕੀਤੀ ਜਾਵੇ ਕਿ ਪਸ਼ੂ-ਪਾਲਕ ਲਈ ਸਾਨ੍ਹਾਂ ਦੀ ਸਾਂਭ-ਸੰਭਾਲ ਅਸਾਨ ਤੇ ਸੁਰੱਖਿਅਤ ਹੋਵੇ, ਨਾਲ਼ੇ ਇਹ ਸ਼ੈੱਡ ਡੰਗਰ ਲਈ ਅਰਾਮਦਾਇਕ ਹੋਣ ਅਤੇ ਉਹਨਾਂ ਤੇ ਤੁਰਨ, ਫਿਰਨ ਲਈ ਖੁੱਲੇ ਹੋਣ। ਪੱਕੇ ਸਖ਼ਤ ਫ਼ਰਸ਼ 'ਤੇ ਕਿਸੇ ਸਾਨ੍ਹ ਨੂੰ ਲਗਾਤਾਰ ਲੰਮੇ ਸਮੇਂ ਲਈ ਬੰਨ੍ਹ ਕੇ ਨਹੀਂ ਰੱਖਣਾ ਚਾਹੀਦਾ, ਕਿਉਂਕਿ ਅਜਿਹੀ ਰਹਾਇਸ਼ ਦੇ ਕਾਰਨ ਖੁਰ ਵੱਡੇ ਹੋ ਜਾਂਦੇ ਹਨ, ਜਿਸ ਕਰਕੇ ਸਾਨ੍ਹ ਨੂੰ ਗਾਂ ਉੱਪਰ ਚੜ੍ਹਨ ਵਿੱਚ ਦਿੱਕਤ ਹੁੰਦੀ ਹੈ ਅਤੇ ਨਤੀਜੇ ਵੱਜੋਂ ਸਾਨ੍ਹ ਦੀ ਪ੍ਰਜਣਨ ਸ਼ਕਤੀ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਸ਼ੈੱਡ ਵਿੱਚ ਖੁਰਲੀ ਤੋਂ ਇਲਾਵਾ ਪਾਣੀ ਵਾਲ਼ਾ ਚੁਬੱਚਾ ਵੀ ਹੋਣਾ ਚਾਹੀਦਾ ਹੈ। ਸ਼ੈੱਡ ਇਸ ਤਰ੍ਹਾਂ ਦਾ ਹੋਵੇ ਜਿਸ ਵਿੱਚੋਂ ਸਾਨ੍ਹ ਨੂੰ ਦੂਸਰੇ ਡੰਗਰ ਅਸਾਨੀ ਨਾਲ ਦਿਖਾਈ ਦੇ ਸਕਣ ਅਤੇ ਸਾਨ੍ਹ ਨੂੰ ਇਕੱਲਾਪਣ ਮਹਿਸੂਸ ਨਾ ਹੋਵੇ। ਸ਼ੈੱਡ ਦੇ ਨਾਲ਼ ਲਗਵੀਂ ਕੁਝ ਖੁੱਲ਼੍ਹੀ ਜਗ੍ਹਾ ਵੀ ਹੋਣੀ ਚਾਹੀਦੀ ਹੈ, ਜਿਸ ਵਿੱਚ ਸਾਨ੍ਹ ਮਰਜ਼ੀ ਮੁਤਾਬਕ ਤੁਰ-ਫਿਰ ਸਕੇ। ਇਹ ਜਗ੍ਹਾ ਚਾਰੇ ਪਾਸੇ ਤੋਂ 4 ਫੁੱਟ ਉੱਚੀ ਦੀਵਾਰ ਨਾਲ਼ ਵੱਲ਼ੀ ਹੋਵੇ।

## ਸੈਸ਼ਨ 3 ਪਸ਼ੂਆਂ ਲਈ ਰਹਾਇਸ਼ੀ ਪ੍ਰਬੰਧ-2

**2. ਸਹਾਇਕ ਢਾਂਚੇ**

ਸਹਾਇਕ ਢਾਂਚੇ ਦੂਸਰੇ ਪੱਧਰ ਦੇ ਅਜਿਹੇ ਢਾਂਚੇ ਹਨ ਜੋ ਰੋਜ਼ਾਨਾ ਦੇ ਕੰਮ-ਕਾਰ ਕਰਨ ਵਿੱਚ ਬੜੇ ਸਹਾਈ ਹੁੰਦੇ ਹਨ। ਅਜਿਹੇ ਢਾਂਚੇ ਪਸ਼ੂਆਂ ਦੀਆਂ ਸਭ ਪ੍ਰਕਾਰ ਦੀਆਂ ਰਹਾਇਸ਼ਾਂ ਲਈ ਲੁੜੀਂਦੇ ਹਨ। ਵੱਖ-ਵੱਖ ਤਰ੍ਹਾਂ ਦੇ ਅਜਿਹੇ ਢਾਂਚਿਆਂ ਬਾਰੇ ਹੇਠਾਂ ਵਰਨਣ ਕੀਤਾ ਜਾਂਦਾ ਹੈ :

**ੳ) ਮਸਨੂਈ ਗਰਭਦਾਨ ਦੀ ਪ੍ਰਯੋਗਸ਼ਾਲਾ**

ਸਾਨ੍ਹ ਵਾਲੇ ਸ਼ੈੱਡ ਦੇ ਨਾਲ਼ ਲੱਗਵਾਂ ਇੱਕ 10 ਵਰਗ ਮੀਟਰ ਦਾ ਥੜ੍ਹਾ ਜਾਂ ਪਲੇਟਫ਼ਾਰਮ ਹੁੰਦਾ ਹੈ, ਜਿਥੇ ਸਾਨ੍ਹ ਦਾ ਵੀਰਜ ਪ੍ਰਾਪਤ ਕੀਤਾ ਜਾਂਦਾ ਹੈ। ਮਸਨੂਈ ਗਰਭਦਾਨ ਦੀ ਪ੍ਰਯੋਗਸ਼ਾਲਾ ਇਸ ਪਲੇਟਫਾਰਮ ਦੇ ਨਾਲ ਜੁੜਵੀਂ ਹੁੰਦੀ ਹੈ, ਜਿਸ ਵਿੱਚ ਸੀਮਨ ਦਾ ਨਿਰੀਖਣ, ਸਾਂਭ-ਸੰਭਾਲ ਅਤੇ ਸਟੋਰ ਕਰਕੇ ਰੱਖਣ ਦੀਆਂ ਸਹੂਲਤਾਂ ਹੁੰਦੀਆਂ ਹਨ। ਇਸ ਦਾ ਆਕਾਰ ਘੱਟੋ-ਘੱਟ 3×4 ਵਰਗ ਮੀਟਰ ਹੁੰਦਾ ਹੈ। ਇਸ ਤੋਂ ਇਲਾਵਾ 3×4 ਮੀਟਰ ਦਾ ਇੱਕ ਵਾਸ਼ਰੂਮ ਅਤੇ 3×4 ਮੀਟਰ ਦਾ ਹੋਰ ਕਮਰਾ ਨਿਰੀਖਣ ਅਫ਼ਸਰ ਲਈ ਵੀ ਹੁੰਦਾ ਹੈ।

**(ਅ) ਸ਼ਕੰਜਾ**

ਡੰਗਰਾਂ ਦਾ ਇਲਾਜ ਕਰਨ ਅਤੇ ਮਸਨੂਈ ਗਰਭਦਾਨ ਕਰਨ ਵੇਲ਼ੇ ਇਸ ਸ਼ਕੰਜੇ ਦੀ ਵਰਤੋਂ ਕੀਤੀ ਜਾਂਦੀ ਹੈ। ਇਹ ਦੋ ਇੰਚ ਮੋਟੀ ਲੋਹੇ ਦੀ ਪਾਈਪ ਤੋਂ ਬਣਿਆ ਹੁੰਦਾ ਹੈ, ਜਿਸ ਨੂੰ ਯੂ (U) ਦੇ ਆਕਾਰ ਵਿੱਚ ਮੋੜਿਆ ਹੁੰਦਾ ਹੈ ਅਤੇ 5 ਜਾਂ 7 ਪੱਕੀਆਂ ਬੁਰਜੀਆਂ ਜਾਂ ਪਿੱਲਰਾਂ ਵਿੱਚ ਜ਼ਮੀਨ ਵਿੱਚ ਗੱਡਿਆ ਹੁੰਦਾ ਹੈ। ਪਿਛਲੇ ਦੋ ਪਿੱਲਰਾਂ ਨੂੰ ਜੋੜਨ ਵਾਲੀ ਇੱਕ ਸਮਾਨਾਂਤਰ ਪਾਈਪ ਵੈੱਲਡ ਕੀਤੀ ਹੁੰਦੀ ਹੈ ਤਾਂ ਜੋ ਪਸ਼ੂ ਹਿੱਲ ਨਾ ਸਕੇ ਅਤੇ ਇਲਾਜ ਕਰਨ ਵਾਲ਼ੇ ਮਾਹਰ ਦਾ ਨੁਕਸਾਨ ਨਾ ਕਰ ਸਕੇ। ਇੱਕ ਹੋਰ ਪਾਈਪ ਸੰਗਲ਼ੀ ਸਮੇਤ ਡੰਗਰ ਦੇ ਪਿਛਲੇ ਪਾਸੇ ਦੋਹਾਂ ਪਿੱਲਰਾਂ ਉੱਪਰ ਇਸ ਤਰ੍ਹਾਂ ਪਾਈ ਜਾਂਦੀ ਹੈ ਤਾਂ ਜੋ ਡੰਗਰ ਪਿੱਛੇ ਨਾ ਹਟ ਸਕੇ। ਅਗਲੇ ਪਿੱਲਰ ਉੱਪਰ ਇੱਕ ਲੋਹੇ ਦਾ ਕੜਾ ਜਾਂ ਹੁੱਕ ਲੱਗੀ ਹੁੰਦੀ ਹੈ ਜਿਸ ਨਾਲ ਡੰਗਰ ਨੂੰ ਬੰਨ੍ਹ ਦਿੱਤਾ ਜਾਂਦਾ ਹੈ ਤਾਂ ਜੋ ਡੰਗਰ ਸ਼ਕੰਜੇ ਵਿੱਚ ਜੰਪ ਕਰ ਕੇ ਬਾਹਰ ਨਾ ਨਿਕਲ ਸਕੇ। ਅਜਿਹੇ ਸ਼ਕੰਜੇ ਦੀ ਲੰਬਾਈ 195 ਸੈਂ.ਮੀ:, ਚੁੜਾਈ 75 ਸੈਂ.ਮੀ: ਅਗਲੇ ਸਿਰੇ 'ਤੇ ਉਚਾਈ 165 ਸੈਂ. ਮੀ: ਅਤੇ ਪਿਛਲੇ ਸਿਰੇ 'ਤੇ ਉਚਾਈ 140 ਸੈਂ. ਮੀ: ਹੁੰਦੀ ਹੈ। ਦੋ ਪ੍ਰਕਾਰ ਦੇ ਅਜਿਹੇ ਸ਼ਕੰਜ਼ੇ ਤਸਵੀਰ 4.13 ਅਤੇ 4.14 ਵਿੱਚ ਦਿਖਾਏ ਗਏ ਹਨ।



**ਤਸਵੀਰ 4.13 ਸ਼ਕੰਜੇ ਦੀ ਇੱਕ ਕਿਸਮ**



**ਤਸਵੀਰ : 4.14 ਨਿਰੀਖਣ ਕਰਨ ਲਈ ਸ਼ਕੰਜੇ ਵਿੱਚ ਖੜੀ ਕੀਤੀ ਇੱਕ ਗਾਂ**

**ੲ) ਡੰਗਰ ਨੂੰ ਲਿਟਾਉਣ ਵਾਲ਼ਾ ਟੋਆ**

ਇਲਾਜ ਕਰਾਉਣ ਸਮੇਂ ਡੰਗਰ ਨੂੰ ਜ਼ਬਰਦਸਤੀ ਇਸ ਟੋਏ ਵਿੱਚ ਡੇਗ ਕੇ ਲਿਟਾ ਦਿੱਤਾ ਜਾਂਦਾ ਹੈ। ਜਿਸ ਲਈ ਅਜਿਹੀ ਜਗ੍ਹਾ ਨੂੰ ਪੋਲਾ ਕਰਨ ਲਈ ਇਸ ਵਿੱਚ 6 ਇੰਚ ਮੋਟੀ ਰੇਤ ਦੀ ਤਹਿ ਜਾਂ ਲੱਕੜ ਦਾ ਬੂਰਾ ਪਾ ਦਿੱਤਾ ਜਾਂਦਾ ਹੈ ਤਾਂ ਜੋ ਲਿਟਾਉਣ ਸਮੇਂ ਡੰਗਰ ਨੂੰ ਸੱਟ ਨਾ ਲੱਗੇ। ਅਜਿਹਾ ਟੋਆ ਤਸਵੀਰ 4.15 ਵਿੱਚ ਦਿਖਾਇਆ ਗਿਆ ਹੈ।

ਵੱਡੇ ਡੇਅਰੀ-ਫ਼ਾਰਮ ਵਿੱਚ ਟੀਕਾਕਰਨ ਲਈ ਜਾਂ ਹੋਰ ਇਲਾਜ ਲਈ ਜਾਂ ਪਸ਼ੂ ਵੇਚਣ ਲਈ ਜਾਂ ਭਾਰ ਤੋਲਣ

ਲਈ ਜਾਂ ਮਸਨੂਈ ਗਰਭਦਾਨ ਵੇਲੇ ਡੰਗਰ ਨੂੰ ਫੜਨ ਲਈ ਹੈਂਡਲਿੰਗ ਯਾਰਡ ਦੀ ਲੋੜ ਪੈਂਦੀ ਹੈ। ਇਸ ਦਾ ਅਰਧ ਵਿਆਸ 7.62 ਮੀਟਰ, ਡੂੰਘਾਈ 0.31 ਮੀਟਰ ਅਤੇ ਛੱਤ ਦੀ ਉਚਾਈ 2.4 ਮੀਟਰ ਹੰਦੀ ਹੈ।

ਕੱਟਿਆਂ-ਵੱਛਿਆਂ ਲਈ ਖਾਨਿਆਂ ਦੀ ਸੰਖਿਆ ਅਤੇ ਆਕਾਰ ਉਹਨਾਂ ਦੀ ਗਿਣਤੀ 'ਤੇ ਨਿਰਭਰ ਕਰਦਾ ਹੈ। ਛੋਟੇ ਪੱਧਰ ਦੇ ਡੇਅਰੀ ਫਾਰਮ ਵਿੱਚ ਸਧਾਰਨ ਕਿਸਮ ਦਾ ਸ਼ਿਕੰਜਾ ਕੰਮ ਸਾਰ ਸਕਦਾ ਹੈ।




**ਤਸਵੀਰ 4.15 ਪਸ਼ੂ ਨੂੰ ਜ਼ਬਰਦਸਤੀ ਲਿਟਾਉਣ ਵਾਲ਼ਾ ਟੋਆ**

**ਸ) ਬਿਮਾਰ ਡੰਗਰਾਂ ਵਾਲ਼ਾ ਸ਼ੈੱਡ ਅਤੇ ਡਿਸਪੈਂਸਰੀ**

ਤੰਦਰੁਸਤ ਪਸ਼ੂਆਂ ਦੇ ਸ਼ੈੱਡ ਤੋਂ ਬਿਮਾਰ ਪਸ਼ੂਆਂ ਵਾਲ਼ਾ ਸ਼ੈੱਡ ਦੂਰ ਹੋਣਾ ਚਾਹੀਦਾ ਹੈ। ਇਸ ਸ਼ੈੱਡ ਵਿੱਚ ਪਸ਼ੂਆਂ ਦੇ ਖੜ੍ਹਨ ਲਈ ਜਗ੍ਹਾ ਓਨੀ ਹੀ ਹੋਣੀ ਚਾਹੀਦੀ ਹੈ, ਜਿੰਨੀ ਸੂਣ ਵਾਲ਼ੇ ਡੰਗਰਾਂ ਦੇ ਖ਼ਾਨਿਆਂ ਦੀ ਹੈ। ਅਜਿਹੇ ਸ਼ੈੱਡ ਨਾਲ਼ ਜੁੜਵੀਂ ਕੁਝ ਜਗ੍ਹਾ ਜਿਸ ਉੱਪਰ ਫ਼ਰਸ਼ ਲੱਗਾ ਹੋਵੇ, ਜ਼ਰੂਰੀ ਹੈ। ਇਸ ਫ਼ਰਸ਼ ਨੂੰ ਹਰ ਰੋਜ਼ ਧੋਣਾ ਜ਼ਰੂਰੀ ਹੈ। ਦਵਾਈਆਂ ਦਾ ਡੱਬਾ ਇਸ ਜਗ੍ਹਾ ਦੇ ਇੱਕ ਕੋਨੇ ਵਿੱਚ ਰੱਖਣਾ ਜ਼ਰੂਰੀ ਹੈ।

ਡਿਸਪੈਂਸਰੀ ਵਾਲ਼ਾ 3×4 ਮੀਟਰ ਸਾਈਜ਼ ਦਾ ਇੱਕ ਕਮਰਾ ਹੋਵੇ, ਜਿਸ ਵਿੱਚ ਅਲਮਾਰੀਆਂ, ਦਰਾਜ਼ਾਂ, ਕਾਊਂਟਰ, ਧੋਣ ਵਾਲੀ ਸਿੰਕ, ਜਰਮ ਰਹਿਤ ਕਰਨ ਲਈ ਪਾਵਰ-ਪੱਲਗ ਆਦਿ ਸਹੂਲਤਾਂ ਜ਼ਰੂਰ ਹੋਣ। ਇਸ ਦੇ ਨਾਲ ਜੁੜਵਾਂ 3×4 ਮੀਟਰ ਦਾ ਇੱਕ ਕਮਰਾ ਹੋਵੇ ਜਿੱਥੇ ਰੋਗਾਂ ਦੀ ਜਾਂਚ ਕੀਤੀ ਜਾ ਸਕੇ। ਇਸ ਵਿੱਚ ਵੀ ਅਲਮਾਰੀਆਂ, ਦਰਾਜ਼ਾਂ ਅਤੇ ਟੇਬਲ ਆਦਿ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ।

**(ਹ) ਨਵੇਕਲਾ ਰੱਖਣ ਵਾਲੀ ਜਗ੍ਹਾ**

ਛੂਤ ਦੀਆਂ ਬਿਮਾਰੀਆਂ ਤੋਂ ਪੀੜਿਤ ਡੰਗਰਾਂ ਨੂੰ ਜਲਦ ਤੋਂ ਜਲਦ ਵੱਗ ਵਿੱਚੋਂ ਕੱਢ ਕੇ ਅੱਲਗ ਰੱਖਣਾ ਚਾਹੀਦਾ ਹੈ। ਅਜਿਹੀ ਜਗ੍ਹਾਂ ਵਿੱਚ ਇੱਕ ਸ਼ੈੱਡ ਅਤੇ ਨਾਲ ਜੁੜਵੀਂ ਕੁਝ ਖੁੱਲ੍ਹੀ ਜਗ੍ਹਾ ਜ਼ਰੂਰ ਹੋਣੀ ਚਾਹੀਦੀ ਹੈ। 40 ਡੰਗਰਾਂ ਮਗਰ ਘੱਟੋ-ਘੱਟ ਅਜਿਹੀ ਇੱਕ ਜਗ੍ਹਾ ਜ਼ਰੂਰ ਹੋਵੇ। ਇਸ ਸ਼ੈੱਡ ਵਿੱਚ 2 ਤੋਂ 6 ਡੰਗਰ ਸਮਾ ਸਕਦੇ ਹੋਣ ਅਤੇ ਅਜਿਹਾ ਸ਼ੈੱਡ ਦੂਸਰੇ ਸ਼ੈੱਡਾਂ ਤੋਂ ਦੂਰ ਹੋਣਾ ਚਾਹੀਦਾ ਹੈ। ਅਜਿਹੇ ਸ਼ੈੱਡ ਦੀ ਆਪਣੀ ਵੱਖਰੀ ਨਿਕਾਸੀ ਨਾਲੀ ਚਾਹੀਦੀ ਹੈ ਜੋ ਮੁੱਖ ਨਿਕਾਸੀ ਨਾਲ਼ੇ ਨਾਲ਼ ਜੁੜੀ ਹੋਵੇ ਤਾਂ ਜੋ ਤੰਦਰੁਸਤ ਪਸ਼ੂ ਬਿਮਾਰ ਪਸੂ ਦੇ ਮਲ-ਮੂਤਰ ਦੇ ਸੰਪਰਕ ਵਿੱਚ ਨਾ ਆ ਸਕੇ। ਜੁੜਵੀਂ ਖੁੱਲ੍ਹੀ ਜਗ੍ਹਾ ਵਲ਼ੀ ਹੋਈ ਹੋਵੇ। ਅਜਿਹੇ ਹਰ ਸ਼ੈੱਡ ਵਿੱਚ ਇੱਕ ਖੁਰਲੀ, ਪਾਣੀ ਵਾਲ਼ਾ ਚੁਬੱਚਾ ਅਤੇ ਸੰਗਲ਼ ਜ਼ਰੂਰ ਹੋਵੇ। ਅਜਿਹੇ ਸ਼ੈੱਡ ਦੇ ਦਰਵਾਜ਼ੇ ਜਾਲ਼ੀਦਾਰ ਹੋਣੇ ਚਾਹੀਦੇ ਹਨ ਤਾਂ ਜੋ ਮੱਖੀ-ਮੱਛਰ ਦੁਆਰਾ ਬਿਮਾਰੀ ਫੈਲਣ ਤੋਂ ਬਚਾਅ ਹੋ ਸਕੇ। ਇਸ ਸ਼ੈੱਡ ਦਾ ਆਕਾਰ 5×3 ਮੀਟਰ ਹੋਵੇ ਅਤੇ ਇੱਕ ਕੋਨੇ ਵਿੱਚ ਸੰਗਲ਼ ਬੰਨ੍ਹਣ ਦੀ ਸਹੂਲਤ ਹੋਵੇ। 150 ਵਰਗ ਫੁੱਟ ਦੇ ਖੁੱਲ੍ਹੇ ਡੱਬੇ ਜਾਂ ਖ਼ਾਨੇ ਇਸ ਮੰਤਵ ਲਈ ਢੁਕਵੇਂ ਹਨ ਜੋ ਦੂਸਰੇ ਸ਼ੈੱਡ ਤੋਂ ਕੁਝ ਦੂਰੀ 'ਤੇ ਵੱਖਰੇ ਰੱਖੇ ਜਾ ਸਕਦੇ ਹਨ।

**(ੳ) ਪੋਸਟ-ਮਾਰਟਮ ਪਲੇਟਫ਼ਾਰਮ**

ਜ਼ਮੀਨੀ ਪੱਧਰ ਤੋਂ ਕੁਝ ਉੱਚਾ 3×4 ਵਰਗ ਮੀਟਰ ਆਕਾਰ ਵਾਲ਼ਾ ਇੱਕ ਥੜ੍ਹਾ ਜਾਂ ਪਲੇਟਫ਼ਾਰਮ ਜੋ ਛੱਤਿਆ ਹੋਵੇ, ਇਸ ਮੰਤਵ ਲਈ ਵੱਡੇ ਡੇਅਰੀ-ਫ਼ਾਰਮ ਵਿੱਚ ਜ਼ਰੂਰ ਹੋਣਾ ਚਾਹੀਦਾ ਹੈ। ਇਕ ਨਿਰੋਗ ਡੰਗਰਾਂ ਦੇ ਵਾੜੇ ਤੋਂ ਅਲੱਗ ਅਤੇ ਕੁਝ ਦੂਰੀ 'ਤੇ ਹੋਣਾ ਚਾਹੀਦਾ ਹੈ। ਇਸ ਜਗ੍ਹਾ 'ਤੇ ਇੱਕ ਅੰਗੀਠਾ ਜ਼ਰੂਰ ਹੋਵੇ ਜਿਸ ਵਿੱਚ ਮੁਰਦਾ ਡੰਗਰ ਦੀ ਲਾਸ਼ ਨੂੰ ਸਾੜਿਆ ਜਾ ਸਕੇ ਤਾਂ ਜੋ ਛੂਤ-ਛਾਤ ਦੀ ਬਿਮਾਰੀ ਫੈਲਣ ਤੋਂ ਰੋਕੀ ਜਾ ਸਕੇ।

**(ਅ) ਖ਼ੁਰਾਕ ਅਤੇ ਤੂੜੀ ਦਾ ਸਟੋਰ**

ਖ਼ੁਰਾਕ ਅਤੇ ਤੂੜੀ ਦੇ ਸਟੋਰ ਡੇਅਰੀ ਫ਼ਾਰਮ ਦੇ ਮਹੱਤਵਪੂਰਨ ਸਹਾਇਕ ਢਾਂਚੇ ਹਨ। ਡੰਗਰਾਂ ਨੂੰ ਰਾਸ਼ਨ ਦੀ ਲਗਾਤਾਰ ਸਪਲਾਈ ਲਈ ਖ਼ੁਰਾਕ/ਫ਼ੀਡ ਅਤੇ ਤੂੜੀ ਕਾਫ਼ੀ ਮਾਤਰਾ ਵਿੱਚ ਅਜਿਹੇ ਸਟੋਰਾਂ ਵਿੱਚ ਉਪਲਬਧ ਹੋਣੀ ਚਾਹੀਦੀ ਹੈ। ਇਸ ਲਈ ਅਜਿਹੇ ਸਟੋਰਾਂ ਦਾ ਅਕਾਰ ਫ਼ੀਡ ਜਾਂ ਤੂੜੀ ਦੀ ਲੁੜੀਂਦੀ ਮਾਤਰਾ 'ਤੇ ਨਿਰਭਰ ਕਰਦਾ ਹੈ। ਰਾਸ਼ਨ ਜਾਂ ਫ਼ੀਡ ਵਾਲ਼ਾ ਸਟੋਰ ਏਨਾ ਕੁ ਹੋਵੇ ਜੋ ਡੇਅਰੀ-ਫ਼ਾਰਮ ਦੀਆਂ ਤਿੰਨ ਮਹੀਨੇ ਦੀਆਂ ਲੋੜਾਂ ਪੂਰੀਆਂ ਕਰ ਸਕੇ। ਆਮ ਤੌਰ 'ਤੇ ਇੱਕ ਡੰਗਰ ਲਈ 0.2 ਘਣਮੀਟਰ ਜਗ੍ਹਾ ਅਜਿਹੇ ਰਾਸ਼ਨ ਨੂੰ ਸਟੋਰ ਕਰਨ ਲਈ ਕਾਫ਼ੀ ਹੁੰਦੀ ਹੈ। ਇਸ ਤੋਂ ਇਲਾਵਾ ਡੇਅਰੀ-ਫਾਰਮ ਵਿੱਚ ਇੱਕ ਪਸ਼ੂ-ਖ਼ੁਰਾਕ ਤਿਆਰ ਕਰਨ ਵਾਲ਼ਾ ਕਮਰਾ ਵੀ ਹੋਣਾ ਚਾਹੀਦਾ ਹੈ, ਜਿੱਥੇ ਇੱਕ ਯੰਤਰ ਦੁਆਰਾ ਅਜਿਹੀ ਖ਼ੁਰਾਕ ਤਿਆਰ ਕੀਤੀ ਜਾ ਸਕੇ। ਦੁੱਧ-ਚੁਆਈ ਵਾਲ਼ੇ ਕਮਰੇ ਦੇ ਕੋਲ਼ ਇੱਕ ਛੋਟਾ ਸਟੋਰ ਵੀ ਹੋਵੇ, ਜਿੱਥੇ ਤਿਆਰ ਕੀਤੀ ਖ਼ੁਰਾਕ ਇੱਕ ਦੋ ਦਿਨਾਂ ਦੀ ਲੋੜ ਅਨੁਸਾਰ ਰੱਖੀ ਜਾ ਸਕੇ। ਛੋਟੇ ਪੱਧਰ ਦੇ ਡੇਅਰੀ-ਫ਼ਾਰਮ ਲਈ ਦੁੱਧ ਚੋਣ ਵਾਲ਼ੇ ਕਮਰੇ ਦੇ ਨੇੜੇ ਇੱਕ ਫ਼ੀਡ-ਸਟੋਰ ਕਾਫ਼ੀ ਹੁੰਦਾ ਹੈ। ਅਜਿਹਾ ਸਟੋਰ ਸਿੱਲ੍ਹ ਅਤੇ ਚੂਹਾ-ਰਹਿਤ ਹੋਣਾ ਚਾਹੀਦਾ ਹੈ।

ਆਮ ਤੌਰ 'ਤੇ ਤੂੜੀ, ਪਰਾਲ਼ੀ, ਫਸਲਾਂ ਦੀ ਰਹਿੰਦ-ਖੂੰਹਦ ਦੀ ਸੁੱਕੇ ਚਾਰੇ ਦੇ ਤੌਰ 'ਤੇ ਵਰਤੋਂ ਕੀਤੀ ਜਾਂਦੀ ਹੈ। ਫ਼ਸਲਾਂ ਦੀ ਕਟਾਈ ਦੇ ਮੌਕੇ ਤੂੜੀ ਅਤੇ ਪਰਾਲ਼ੀ ਕਾਫ਼ੀ ਸਸਤੀ ਮਿਲ ਜਾਂਦੀ ਹੈ ਇਸ ਲਈ ਸਾਰੇ ਸਾਲ ਲਈ ਲੁੜੀਂਦੀ ਤੂੜੀ ਸਟੋਰ ਵਿੱਚ ਭਰ ਲਈ ਜਾਂਦੀ ਹੈ। ਇਸ ਸਟੋਰ ਦਾ ਅਕਾਰ, ਤੂੜੀ ਨੂੰ ਕਿਸ ਤਰੀਕੇ ਨਾਲ਼ ਭਰਿਆ ਜਾਂਦਾ ਹੈ, ਇਸ 'ਤੇ ਨਿਰਭਰ ਕਰਦਾ ਹੈ। ਵੱਡੇ ਡੰਗਰ 6 ਕਿੱਲੋ ਪ੍ਰਤਿ ਡੰਗਰ ਅਤੇ ਛੋਟੇ ਡੰਗਰ 3 ਕਿੱਲੋ ਪ੍ਰਤਿ ਡੰਗਰ ਦੇ ਹਿਸਾਬ ਨਾਲ਼ ਸੁੱਕਾ ਚਾਰਾ ਹਰ ਰੋਜ਼ ਖਾ ਜਾਂਦੇ ਹਨ। ਇਸ ਹਿਸਾਬ ਨਾਲ਼ ਤੂੜੀ ਵਾਲ਼ੇ ਸਟੋਰ ਦੇ ਅਕਾਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

ਸੁਕਾਏ ਹੋਏ ਘਾਹ ਜਾਂ ਚਰ੍ਹੀ/ਬਾਜਰੇ ਦੇ ਟਾਂਡਿਆਂ ਲਈ ਸਟੋਰ ਏਨਾ ਹੋਵੇ ਤਾਂ ਜੋ ਦੋ ਮਹੀਨੇ ਲਈ ਲੁੜੀਂਦੀ ਸਮੱਗਰੀ ਸਟੋਰ ਹੋ ਸਕੇ। ਇੱਕ ਸਾਲ ਵਿੱਚ ਕਿੰਨੇ ਦਿਨ ਅਜਿਹੇ ਸੁੱਕੇ ਚਾਰੇ ਦੀ ਵਰਤੋਂ ਕਰਨੀ ਹੈ, ਇਸ ਤੋਂ ਅਜਿਹੇ ਚਾਰੇ ਦੀ ਕੁੱਲ ਲੁੜੀਂਦੀ ਮਾਤਰਾ ਕੱਢੀ ਜਾ ਸਕਦੀ ਹੈ।

**(ੲ) ਫ਼ੀਡ-ਸਟੋਰ**

ਫ਼ੀਡ ਜਾਂ ਪਸ਼ੂਆਂ ਲਈ ਦਾਣਾ ਰੱਖਣ ਲਈ ਇੱਕ 3×4 ਵਰਗ ਮੀਟਰ ਦਾ ਕਮਰਾ ਦੁਧਾਰੂ ਪਸ਼ੂਆਂ ਦੇ ਸ਼ੈੱਡ ਦੇ ਨਜ਼ਦੀਕ ਹੋਣਾ ਚਾਹੀਦਾ ਹੈ ਤਾਂ ਜੋ ਇਸ ਵਿੱਚ ਘੱਟੋ-ਘੱਟ ਇੱਕ ਦਿਨ ਲਈ ਲੁੜੀਂਦਾ ਫ਼ੀਡ ਰੱਖੀ ਜਾ ਸਕੇ। ਇਹ ਕਮਰਾ ਚੂਹੇ ਅਤੇ ਸਿੱਲ੍ਹ ਤੋਂ ਰਹਿਤ ਹੋਣਾ ਜ਼ਰੂਰੀ ਹੈ।

**(ਸ) ਪੱਠੇ ਕੁਤਰਨ ਲਈ ਸ਼ੈੱਡ**

ਪੱਠੇ ਕੁਤਰਨ ਲਈ ਇੱਕ ਸ਼ੈੱਡ ਜੋ ਘੱਟੋ-ਘੱਟ 14×4 ਵਰਗ ਮੀਟਰ ਅਕਾਰ ਦਾ ਹੋਵੇ ਅਤੇ ਜਿਸ ਦਾ ਫ਼ਰਸ਼ ਪੱਕੀਆਂ ਇੱਟਾਂ ਜਾਂ ਕੰਕਰੀਟ ਦਾ ਹੋਵੇ, ਜ਼ਰੂਰ ਹੋਣਾ ਚਾਹੀਦਾ ਹੈ। ਇਸ ਕਮਰੇ ਦੇ ਦੋ ਹਿੱਸੇ ਕਰ ਲਵੋ: ਇੱਕ ਪੱਠੇ ਰੱਖਣ ਲਈ ਅਤੇ ਦੂਸਰਾ ਪੱਠੇ ਕੁਤਰਨ ਲਈ। ਇਹ ਸ਼ੈੱਡ ਅਜਿਹੀ ਜਗ੍ਹਾ ਹੋਵੇ, ਜਿੱਥੇ ਪੱਠੇ ਅਸਾਨੀ ਨਾਲ਼ ਕੁਤਰ ਕੇ ਡੰਗਰਾਂ ਨੂੰ ਪਾਏ ਜਾ ਸਕਣ।

**(ਹ) ਸਾਈਲੇਜ਼ ਵਾਲ਼ੇ ਟੋਏ**

ਦੁਧਾਰੂ ਪਸ਼ੂਆਂ ਲਈ ਸਾਈਲੇਜ਼ ਇੱਕ ਮਹੱਤਵਪੂਰਨ ਖ਼ੁਰਾਕ ਹੈ। ਇਸ ਨੂੰ ਪੱਠਿਆ ਦਾ ਅਚਾਰ ਵੀ ਕਿਹਾ ਜਾਂਦਾ ਹੈ। ਸਾਈਲੇਜ਼ ਕੁਤਰੇ ਹੋਏ ਪੱਠਿਆ ਨੂੰ ਕੁਝ ਸਮੇਂ ਲਈ ਟੋਏ ਜਾਂ ਖਾਲ਼ੀ ਵਿੱਚ ਨੱਪ ਕੇ ਤਿਆਰ ਕੀਤਾ ਜਾਂਦਾ ਹੈ। ਅਜਿਹੀਆਂ ਖਾਲ਼ੀਆਂ ਗਾਂਵਾਂ ਦੇ ਸ਼ੈੱਡ ਦੇ ਨਜ਼ਦੀਕ ਪੁੱਟਣੀਆਂ ਚਾਹੀਦੀਆਂ ਹਨ। ਅਜਿਹੇ ਟੋਇਆਂ ਜਾਂ ਖਾਲ਼ੀਆਂ ਵਾਲ਼ੀ ਜਗ੍ਹਾ ਉੱਚੇ ਥਾਂ 'ਤੇ ਹੋਵੇ। ਸਾਈਲੇਜ਼ ਚੋਖੀ ਮਾਤਰਾ ਵਿੱਚ ਤਿਆਰ ਕੀਤਾ ਜਾਵੇ ਤਾਂ ਜੋ ਹਰੇ ਚਾਰੇ ਦੀ ਘਾਟ ਸਮੇਂ, ਜਿਵੇਂ ਕਿ ਮਈ ਤੋਂ ਜੂਨ ਅਤੇ ਅਕਤੂਬਰ ਤੋਂ ਨਵੰਬਰ ਤੱਕ ਇਸ ਦੀ ਵਰਤੋਂ ਕੀਤੀ ਜਾ ਸਕੇ। ਚੰਗੀ ਕੁਆਲਟੀ ਵਾਲ਼ੇ ਸਾਈਲੇਜ ਦਾ ਵਜ਼ਨ 0.4 ਤੋਂ 0.48 ਟਨ ਪ੍ਰਤਿ ਘਣ ਮੀਟਰ ਹੁੰਦਾ ਹੈ। ਇੱਕ ਗਾਂ ਜਾਂ ਮੱਝ ਨੂੰ 10-13 ਕਿੱਲੋ ਅਚਾਰ ਪ੍ਰਤਿ ਦਿਨ ਦਿੱਤਾ ਜਾ ਸਕਦਾ ਹੈ। 150 ਕੁਇੰਟਲ ਹਰੇ ਪੱਠਿਆਂ ਦਾ ਅਚਾਰ ਬਣਾਉਣ ਲਈ 15 ਫੁੱਟ ਲੰਮੀ,

12 ਚੌੜੀ ਅਤੇ 6 ਫੁੱਟ ਡੂੰਘੀ ਖਾਲ਼ੀ ਦੀ ਲੋੜ ਪੈਂਦੀ ਹੈ। ਸਾਈਲੇਜ ਬਣਾਉਣ ਲਈ ਮੱਕੀ, ਬਾਜਰਾ ਤੇ ਚਰ੍ਹੀ ਦੇ ਹਰੇ ਪੱਠੇ ਵਰਤੇ ਜਾਂਦੇ ਹਨ।

**(ਚ) ਛੱਪੜ**

ਮੱਝਾਂ, ਗਾਰੇ ਜਾਂ ਪਾਣੀ ਵਿੱਚ ਲੇਟੇ ਮਾਰਨਾ ਪਸੰਦ ਕਰਦੀਆਂ ਹਨ। ਗਰਮੀਆਂ ਦੇ ਮਹੀਨਿਆਂ ਵਿੱਚ ਆਪਣੇ ਸਰੀਰ ਦਾ ਤਾਪਮਾਨ ਘਟਾਉਣ ਲਈ ਮੱਝਾਂ ਛੱਪੜ ਵਿੱਚ ਨ੍ਹਾਉਣਾ ਪਸੰਦ ਕਰਦੀਆਂ ਹਨ। ਇਸ ਲਈ ਮੱਝਾਂ ਵਾਲ਼ੇ ਡੇਅਰੀ-ਫ਼ਾਰਮ ਵਿੱਚ ਇੱਕ ਛੱਪੜ ਜ਼ਰੂਰ ਹੋਣਾ ਚਾਹੀਦਾ ਹੈ। ਅਜਿਹੇ ਛੱਪੜ ਦਾ ਦ੍ਰਿਸ਼ ਤਸਵੀਰ 4.16 ਵਿੱਚ ਦਿਖਾਇਆ ਗਿਆ ਹੈ।



**ਤਸਵੀਰ 4.16 : ਮੱਝਾਂ ਦੇ ਨ੍ਹਾਉਣ ਵਾਲ਼ਾ ਛੱਪੜ**

**(ਅ) ਡੇਅਰੀ ਸੈਕਸ਼ਨ**

ਡੇਅਰੀ-ਫ਼ਾਰਮ ਦਾ ਮੁਢਲਾ ਕੰਮ ਦੁੱਧ ਪੈਦਾ ਕਰਨਾ ਹੈ। ਇਸ ਲਈ ਦੁੱਧ ਦਾ ਰੱਖ-ਰਖਾਅ, ਸਾਂਭ-ਸੰਭਾਲ਼ ਅਤੇ ਵਿਕਰੀ ਬੜੇ ਸਾਫ਼-ਸੁਥਰੇ ਤਰੀਕੇ ਨਾਲ ਕਰਨੀ ਚਾਹੀਦੀ ਹੈ।

**(1) ਦੁੱਧ ਪ੍ਰਾਪਤ ਕਰਨ ਵਾਲ਼ਾ ਕਮਰਾ**

ਡੇਅਰੀ-ਫਾਰਮ ਵਿੱਚ ਦੁੱਧ ਇਕੱਠਾ ਕਰਨਾ ਇੱਕ ਮਹੱਤਵਪੂਰਨ ਕੰਮ ਹੈ। ਇਸ ਕਮਰੇ ਵਿੱਚ ਦੁੱਧ ਨੂੰ ਇਕੱਠਾ ਕਰ ਕੇ ਤੋਲਣ ਤੋਂ ਬਾਅਦ ਢੋਲੀਆਂ ਵਿੱਚ ਪਾਇਆ ਜਾਂਦਾ ਹੈ ਤਾਂ ਜੋ ਇਸ ਨੂੰ ਮਿਲਕ-ਪਲਾਂਟ ਜਾਂ ਮਾਰਕਿਟ ਵਿੱਚ ਭੇਜਿਆ ਜਾ ਸਕੇ। ਇਸ ਕਮਰੇ ਦਾ ਆਕਾਰ 3×4 ਮੀਟਰ ਹੁੰਦਾ ਹੈ। ਅਜਿਹਾ ਕਮਰਾ ਖੁੱਲ੍ਹੇ ਰਹਾਇਸ਼ੀ ਪ੍ਰਬੰਧ ਵਿੱਚ ਦੁੱਧ ਚੋਣ ਵਾਲ਼ੇ ਕਮਰੇ ਦੇ ਨਜ਼ਦੀਕ ਅਤੇ ਰਵਾਇਤੀ ਰਹਾਇਸ਼ ਦੇ ਦੁਧਾਰੂ ਪਸ਼ੂਆਂ ਵਾਲ਼ੇ ਸ਼ੈੱਡ ਦੇ ਨਜ਼ਦੀਕ ਹੋਣਾ ਚਾਹੀਦਾ ਹੈ। ਸਾਫ਼-ਸੁਥਰਾ ਦੁੱਧ ਪੈਦਾ ਕਰਨ ਲਈ ਦਰਵਾਜ਼ੇ ਅਤੇ ਤਾਕੀਆਂ ਜਾਲ਼ੀਦਾਰ ਹੋਣੀਆਂ ਚਾਹੀਦੀਆਂ ਹਨ। ਇਸ ਕਮਰੇ ਦਾ ਫ਼ਰਸ਼ ਪੱਕਾ ਹੋਣਾ ਚਾਹੀਦਾ ਹੈ। ਦੁੱਧ ਵਾਲ਼ੇ ਡਰੰਮ ਉੱਪਰ ਇੱਕ ਕੀਪ ਲੱਗੀ ਹੋਵੇ ਜਿਸ ਉੱਪਰ ਪੈਰ ਨਾਲ਼ ਚੱਲਣ ਵਾਲਾ ਢੱਕਣ ਲੱਗਾ ਹੋਵੇ ਤਾਂ ਜੋ ਦੁੱਧ ਪਾਉਣ ਵੇਲੇ ਪੈਰ ਨਾਲ਼ ਨੱਪ ਕੇ ਢੱਕਣ ਅਸਾਨੀ ਨਾਲ਼ ਖੋਲਿਆ ਜਾ ਸਕੇ। ਅਜਿਹੇ ਕਮਰੇ ਦਾ ਅਕਾਰ ਦੁੱਧ ਦੀ ਮਾਤਰਾ 'ਤੇ ਨਿਰਭਰ ਕਰਦਾ ਹੈ, ਜਿਵੇਂ ਕਿ ਸਾਰਨੀ 4.5 ਵਿੱਚ ਦਿੱਤਾ ਗਿਆ ਹੈ।

**ਸਾਰਨੀ 4.5: ਦੁੱਧ-ਕੁਲੈਕਸ਼ਨ ਰੂਮ ਦਾ ਅਕਾਰ**

| ਕ੍ਰਮ ਅੰਕ | ਦੁੱਧ ਦੀ ਰੋਜ਼ਾਨਾ ਪੈਦਾਵਾਰ (ਲੀਟਰ) | ਫ਼ਰਸ਼ ਦਾ ਅਕਾਰ (ਮੀਟਰ) | ਕਥਨ |
|---|---|---|---|
| 1. | 100 ਤੋਂ ਘੱਟ | 3.7×3.0 | 700 ਲੀਟਰ ਤੋਂ ਵੱਧ ਹਰੇਕ 40 ਲੀਟਰ ਮਗਰ 0.37 ਵਰਗ ਮੀਟਰ ਵੱਡੇ ਅਕਾਰ ਦੀ ਲੋੜ ਪਵੇਗੀ। |
| 2. | 100-200 | 3.7×3.7 | |
| 3. | 200-450 | 3.7×4.4 | |
| 4. | 450-700 | 3.7×5.1 | |

ਵੱਡੇ ਡੇਅਰੀ-ਫ਼ਾਰਮ ਵਿੱਚ ਦੁੱਧ-ਪ੍ਰਾਪਤੀ ਕਮਰੇ ਵਿੱਚ ਰਿਕਾਰਡ-ਰੂਮ, ਠੰਢਾ ਕਰਨ ਵਾਲ਼ਾ ਕਮਰਾ, ਦੁੱਧ ਵਾਲੇ ਬਰਤਨ ਵਾਲ਼ਾ ਕਮਰਾ, ਸਾਜ਼ੋ-ਸਾਮਾਨ ਵਾਲ਼ਾ ਕਮਰਾ ਅਤੇ ਬਰਤਣ ਧੋਣ ਵਾਲ਼ਾ ਕਮਰਾ ਵੱਖਰੇ-ਵੱਖਰੇ ਹੁੰਦੇ ਹਨ।

**(2) ਦੁੱਧ ਵਾਲਾ ਮੁੱਖ ਸਟੋਰ**

ਵੱਡੇ ਡੇਅਰੀ-ਫ਼ਾਰਮ ਵਿੱਚ ਵੱਖਰੇ ਤੌਰ 'ਤੇ ਇੱਕ ਮੁੱਖ ਦੁੱਧ-ਸਟੋਰ ਹੁੰਦਾ ਹੈ। ਇਸ ਸਟੋਰ ਦਾ ਆਕਾਰ ਭਾਵੇਂ ਦੁੱਧ ਦੀ ਮਾਤਰਾ 'ਤੇ ਨਿਰਭਰ ਕਰਦਾ ਹੈ ਪਰ ਆਮ ਤੌਰ 'ਤੇ ਇਹ 4×5 ਵਰਗ ਮੀਟਰ ਹੁੰਦਾ ਹੈ। ਦੁੱਧ ਇਕੱਠਾ ਕਰਨ ਉਪਰੰਤ ਕੈਨੀਆਂ ਵਿੱਚ ਭਰ ਕੇ ਦੁੱਧ ਦੇ ਇਸ ਵੱਡੇ ਸਟੋਰ ਵਿੱਚ ਪਹੁੰਚਾਇਆ ਜਾਂਦਾ ਹੈ। ਦੁੱਧ ਦੀਆਂ ਭਰੀਆਂ ਕੈਨੀਆਂ ਨੂੰ ਰੈਫ਼ਰੀਜਰੇਟਰ ਵਿੱਚ ਰੱਖਿਆ ਜਾਂਦਾ ਹੈ ਤਾਂ ਜੋ ਦੁੱਧ ਵਿੱਚ ਬੈਕਟੀਰੀਆ ਪੈਦਾ ਨਾ ਹੋ ਸਕਣ ਅਤੇ ਦੁੱਧ ਨੂੰ ਖ਼ਰਾਬ ਹੋਣ ਤੋਂ ਬਚਾਇਆ ਜਾ ਸਕੇ। ਇਸ ਸ਼ੀਤਲ-ਯੰਤਰ ਵਿੱਚ ਦੁੱਧ ਨੂੰ 4-5° ਸੈਲਸੀਅਸ ਤੋਂ ਘੱਟ ਤਾਪਮਾਨ 'ਤੇ ਰੱਖਿਆ ਜਾਂਦਾ ਹੈ। ਹੋਰ ਸਹੂਲਤਾਂ ਵਾਲ਼ੇ ਕਮਰੇ ਜਿਵੇਂ ਕਿ ਦਫ਼ਤਰ, ਕੰਪ੍ਰੈਸਰ ਯੰਤਰ ਵਾਲਾ ਕਮਰਾ, ਬਰਤਨ ਸਾਫ਼ ਕਰਨ ਵਾਲ਼ਾ ਕਮਰਾ ਆਦਿ ਮੁੱਖ ਦੁੱਧ ਸਟੋਰ ਦੇ ਨਾਲ਼ ਜੁੜਵੇਂ ਇੱਕ ਕਤਾਰ ਵਿੱਚ ਹੋਣੇ ਚਾਹੀਦੇ ਹਨ।

**(3) ਚਾਰਾ-ਸੈਕਸ਼ਨ**

ਡੰਗਰਾਂ ਦੀ ਚੰਗੀ ਸਿਹਤ ਅਤੇ ਡੇਅਰੀ-ਫ਼ਾਰਮ ਤੋਂ ਚੰਗੀ ਕਮਾਈ ਲਈ ਜੁਗਾਲ਼ੀ (ਉਗਾਲ਼ੀ) ਕਰਨ ਵਾਲ਼ੇ ਪਸ਼ੂਆਂ ਨੂੰ ਹਰੇ ਚਾਰੇ ਦੀ ਲਗਾਤਾਰ ਸਪਲਾਈ ਹੋਣੀ ਅਤਿ ਜ਼ਰੂਰੀ ਹੈ। ਹਰੇ ਚਾਰੇ ਵਾਲ਼ੀਆਂ ਫ਼ਸਲਾਂ ਪੈਦਾ ਕਰਨ ਲਈ ਹੇਠ ਲਿਖੇ ਢਾਂਚੇ ਦੀ ਲੋੜ ਪੈਂਦੀ ਹੈ:

**(ੳ) ਸੰਦਾਂ ਵਾਲ਼ਾ ਅਤੇ ਵਰਕਸ਼ਾਪ ਸ਼ੈੱਡ**

ਟ੍ਰੈੱਕਟਰ ਅਤੇ ਹੋਰ ਖੇਤੀ ਦੇ ਸੰਦਾਂ ਲਈ ਇਸ ਸ਼ੈੱਡ ਦੀ ਲੋੜ ਪੈਂਦੀ ਹੈ। ਇਹ ਸ਼ੈੱਡ ਲਗ-ਪਗ 8 ਮੀਟਰ ਚੌੜਾ ਹੋਵੇ ਅਤੇ ਬਨੇਰੇ ਹੇਠਾਂ ਇੱਕ ਮੀਟਰ ਅਗਾਂਹ/ਬਾਹਰ ਵੱਲ ਵਧਿਆ ਹੋਵੇ। ਇਸ ਸ਼ੈੱਡ ਦੇ ਸਾਮ੍ਹਣੇ 13 ਮੀਟਰ ਅਤੇ ਬਾਕੀ ਤਿੰਨਾ ਪਾਸਿਆਂ 'ਤੇ 10 ਮੀਟਰ ਚੌੜੀ ਖੁੱਲ੍ਹੀ ਜਗ੍ਹਾ ਹੋਣੀ ਚਾਹੀਦੀ ਹੈ ਤਾਂ ਜੋ ਟ੍ਰੈੱਕਟਰ ਨੂੰ ਸ਼ੈੱਡ ਅੰਦਰ ਲਿਜਾਣ ਅਤੇ ਬਾਹਰ ਕੱਢਣ ਵਿੱਚ ਆਸਾਨੀ ਰਹੇ।



**ਤਸਵੀਰ 4.17 : ਵਰਕਸ਼ਾਪ ਅਤੇ ਖੇਤੀ ਸੰਦਾਂ ਵਾਲਾ ਸ਼ੈੱਡ**

**(ਅ) ਰੂੜੀ ਵਾਲੇ ਟੋਏ**

ਪਸ਼ੂਆਂ ਦਾ ਗੋਬਰ ਜਿਸ ਵਿੱਚ ਤੂੜੀ ਜਾਂ ਪਰਾਲ਼ੀ ਰਲ਼ੀ ਹੋਵੇ ਉਸਨੂੰ ਖਾਦ ਕਿਹਾ ਜਾਂਦਾ ਹੈ ਕਿਉਂਕਿ ਇਸ ਦੀ ਵਰਤੋਂ ਜ਼ਮੀਨ ਦੀ ਉਪਜਾਊ ਸ਼ਕਤੀ ਵਧਾਉਣ ਲਈ ਕੀਤੀ ਜਾਂਦੀ ਹੈ। 24 ਘੰਟਿਆਂ ਵਿੱਚ ਹਰ ਡੰਗਰ ਆਪਣੇ ਸਰੀਰ ਦੇ ਵਜ਼ਨ ਦੇ 8 ਪ੍ਰਤੀਸ਼ਤ ਦੇ ਬਰਾਬਰ ਗੋਹਾ ਕਰਦਾ ਹੈ। ਇਸ ਤੋਂ ਇਲਾਵਾ ਡੇਅਰੀ ਫਾਰਮ ਤੋਂ ਤੂੜੀ, ਪਰਾਲ਼ੀ, ਡੰਗਰਾਂ ਦਾ ਪਿਸ਼ਾਬ ਅਤੇ ਬਚਿਆ ਹੋਇਆ ਚਾਰਾ ਵੀ ਹਰ ਰੋਜ਼ ਉਪਲਬਧ ਹੁੰਦਾ ਰਹਿੰਦਾ ਹੈ। ਇਸ ਸਾਰੇ ਮਲ-ਮੂਤਰ ਨੂੰ ਦੋ ਵਾਰ ਹਰ ਰੋਜ਼ ਸਫ਼ਾਈ ਕਰਕੇ ਟੋਇਆਂ ਵਿੱਚ ਸੁੱਟਿਆ ਜਾਂਦਾ ਹੈ।

**ਰੂੜੀ ਦੀ ਖਾਦ ਦੀ ਵਰਤੋਂ :** ਗੋਬਰ ਅਤੇ ਤੂੜੀ/ਪਰਾਲ਼ੀ ਗਲਣ ਸੜਨ ਤੋਂ ਦੋ ਮਹੀਨੇ ਬਾਅਦ ਜਦ 25% ਤੋਂ ਵੱਧ ਠੋਸ ਦਾ ਰੂਪ ਧਾਰਨ ਕਰ ਲਵੇ ਤਦ ਇਹ ਰੂੜੀ ਦੀ ਖਾਦ ਬਣ ਜਾਂਦੀ ਹੈ। ਇਸ ਦੇ ਢੇਰ 1.5 ਤੋਂ 2 ਮੀਟਰ ਉੱਚੇ ਲੱਗ ਸਕਦੇ ਹਨ ਜਿਸ ਤੇ ਹਰ ਰੋਜ਼ ਗੋਬਰ ਜਾਂ ਮਲ਼ਮੂਤਰ ਸੁੱਟ ਦਿੱਤਾ ਜਾਂਦਾ ਹੈ। ਅਜਿਹੇ ਢੇਰ ਪੀਣ ਵਾਲੇ ਪਾਣੀ ਦੇ ਖੂਹ ਜਾਂ ਨਲਕੇ ਤੋਂ ਘੱਟੋ-ਘੱਟ 100 ਫੁੱਟ ਦੀ ਵਿੱਥ ਤੇ ਹੋਣੇ ਚਾਹੀਦੇ ਹਨ ਅਤੇ ਇਨ੍ਹਾਂ ਢੇਰਾਂ ਥੱਲੇ ਜਾਂ ਤਾਂ ਪੱਕਾ ਫਰਸ਼ ਹੋਵੇ ਜਾਂ ਪਲਾਸਟਿਕ ਕਾਗਜ਼ ਵਿਛਾਇਆ ਜਾਵੇ ਤਾਂ ਜੋ ਗੋਬਰ/ਮਲ਼ਮੂਤਰ ਦਾ ਗੰਦਾ ਪਾਣੀ ਰਿਸਣ ਨਾਲ ਜ਼ਮੀਨ ਹੇਠਲਾ ਪਾਣੀ ਪ੍ਰਦੂਸ਼ਤ ਨਾ ਹੋਵੇ।

ਇਸ ਖਾਦ ਨੂੰ ਟਰਾਲੀ ਜਾਂ ਗੱਡੇ ’ਤੇ ਲੱਦ ਕੇ ਰੂੜੀ ਦੇ ਟੋਏ ਜਾਂ ਗੰਡੋਆ ਖਾਦ ਵਾਲੇ ਯੂਨਿਟ ਤੱਕ ਪਹੁੰਚਾਇਆ ਜਾਂਦਾ ਹੈ। ਰੂੜੀ ਵਾਲਾ ਟੋਆ 4 ਜਾਂ 5 ਮੀਟਰ ਲੰਬਾ, 2 ਜਾਂ 2.05 ਮੀਟਰ ਚੌੜਾ ਅਤੇ ਇੱਕ ਮੀਟਰ ਡੂੰਘਾ ਹੋ ਸਕਦਾ ਹੈ। ਰੂੜੀ ਵਾਲੇ ਟੋਇਆਂ ਦੀ ਗਿਣਤੀ, ਡੰਗਰਾਂ ਦੀ ਗਿਣਤੀ ਅਤੇ ਖੇਤੀ ਹੇਠ ਰਕਬੇ ਅਨੁਸਾਰ ਹੁੰਦੀ ਹੈ। ਗਂਡੋਇਆਂ ਦੁਆਰਾ ਗੋਬਰ ਤੋਂ ਵਰਮੀਕੰਪੋਸਟ ਭਾਵ ਗੰਡੋਆਂ ਖਾਦ ਤਿਆਰ ਕੀਤੀ ਜਾਂਦੀ ਹੈ। ਵੱਖ-ਵੱਖ ਡੰਗਰਾਂ ਦੁਆਰਾ ਪ੍ਰਤੀ ਦਿਨ ਰੂੜੀ/ਗੋਬਰ ਪੈਦਾ ਕਰਨ ਦੀ ਸਮੱਰਥਾ ਸਾਰਨੀ 4.6 ਵਿੱਚ ਦਿੱਤੀ ਜਾਂਦੀ ਹੈ।

ਸਾਰਨੀ 4.6 ਵੱਖ-ਵੱਖ ਡੰਗਰਾਂ ਦੀ ਗੋਬਰ ਖਾਦ ਪੈਦਾ ਕਰਨ ਦੀ ਸਮਰੱਥਾ

| **ਪਸ਼ੂ ਦੀ ਕਿਸਮ** | **ਗੋਬਰ ਖਾਦ (ਕਿਲੋ/ਦਿਨ)** | **ਸੁੱਕਾ ਮਾਦਾ (ਪ੍ਰਤੀਸ਼ਤ)** |
|---|---|---|
| ਗਾਵਾਂ | 30-35 | 18-20 |
| ਮੱਝਾਂ | 35-40 | 16-18 |
| ਭੇਡ ਅਤੇ ਬੱਕਰੀ | 1.0-2.5 | 38-40 |

ਰੂੜੀ ਵਾਲ਼ੇ ਟੋਏ: ਰੂੜੀ ਵਾਲ਼ੇ ਟੋਏ ਡੇਅਰੀ ਫਾਰਮ ਤੋਂ ਕੁਝ ਦੂਰੀ ਤੇ ਹੋਣੇ ਚਾਹੀਦੇ ਹਨ ਤਾਂ ਜੋ ਇਸਦੀ ਬਦਬੋ ਅਤੇ ਮੱਖੀ ਮੱਛਰ ਤੋਂ ਬਚਾਅ ਰਹੇ। ਇਹ ਜ਼ਿਆਦਾ ਦੂਰ ਵੀ ਨਹੀਂ ਹੋਣੇ ਚਾਹੀਦੇ ਨਹੀਂ ਤਾਂ ਗੋਬਰ ਢੋਆ- ਢੁਆਈ ਤੇ ਖਰਚ ਜ਼ਿਆਦਾ ਆਵੇਗਾ। ਰੂੜੀ ਭਰੇ ਟੋਇਆ ਨੂੰ 6 ਤੋਂ 8 ਹਫ਼ਤੇ ਬਾਅਦ ਖਾਲੀ ਕਰਨਾ ਚਾਹੀਦਾ ਹੈ।

ਤਰਲ ਖਾਦ ਦਾ ਨਿਕਾਸ: ਗੋਬਰ ਅਤੇ ਪਿਸ਼ਾਬ ਨੂੰ ਮਿਲਾ ਕੇ ਤਰਲ ਗੋਬਰ ਬਣ ਜਾਂਦਾ ਹੈ। ਅਜਿਹੀ ਖਾਦ ਵਿੱਚ ਠੋਸ ਪਦਾਰਥ 20 ਪ੍ਰਤੀਸ਼ਤ ਤੋਂ ਘੱਟ ਹੁੰਦਾ ਹੈ। ਅਜਿਹੀ ਖਾਦ ਨੂੰ ਸਿੱਧਾ ਖੇਤ ਵਿੱਚ ਪਾਇਆ ਜਾ ਸਕਦਾ ਹੈ।

## ਸੈਸ਼ਨ 4 ਪਸ਼ੂਆਂ ਦਾ ਰਹਾਇਸ਼ੀ ਪ੍ਰਬੰਧ-2

(4) ਡੇਅਰੀ ਫਾਰਮ ਵਿੱਚ ਰੋਜ਼ਾਨਾਂ ਦੇ ਕੰਮ-ਧੰਦੇ

ਡੰਗਰ ਰੋਜ਼-ਮਰ੍ਹਾ ਦੇ ਇਕ ਖਾਸ ਨੇਮ ਅਨੁਸਾਰ ਹੀ ਰਹਿਣਾ ਪਸੰਦ ਕਰਦੇ ਹਨ। ਇਸ ਵਿੱਚ ਵਿਘਨ ਜਾਂ ਰੁਕਾਵਟ ਪੈਣ ਕਾਰਨ ਡੰਗਰ ਉੱਤੇ ਤਣਾਅ ਪੈਂਦਾ ਹੈ। ਇਸ ਦੇ ਨਾਲ-ਨਾਲ ਡੇਅਰੀ ਫਾਰਮ ਦੇ ਕੁਝ ਕੰਮ ਜਿਵੇਂ ਕਿ ਸਫ਼ਾਈ ਕਰਨਾ, ਖ਼ੁਰਾਕ ਦੇਣੀ ਅਤੇ ਦੁੱਧ ਚੋਣਾ ਅਜਿਹੇ ਕੰਮ ਹਨ ਜੋ ਰੋਜ਼ ਕਰਨੇ ਪੈਂਦੇ ਹਨ ਅਤੇ ਇਹਨਾਂ ਤੇ ਕਾਫ਼ੀ ਸਮਾਂ ਲੱਗ ਜਾਂਦਾ ਹੈ। ਡੇਅਰੀ ਸ਼ੈੱਡ ਅਤੇ ਵਾੜੇ ਦੀ ਸਫ਼ਾਈ ਤੇ ਕਾਫ਼ੀ ਮਜ਼ਦੂਰੀ ਲਗਦੀ ਹੈ। ਇਸ ਲਈ ਡੇਅਰੀ ਫਾਰਮ ਦੇ ਰੋਜ਼ ਦੇ ਕੰਮਾਂ ਕਾਰਾਂ ਦੀ ਵਿਉਂਤਬੰਦੀ ਬਹੁਤ ਜ਼ਰੂਰੀ ਹੈ। ਚੋਣ ਤੋਂ ਪਹਿਲਾਂ ਗਾਵਾਂ ਦੀ ਸਫ਼ਾਈ ਜ਼ਰੂਰੀ ਹੈ। ਮਲ਼ਮੂਤਰ ਨਾਲ ਲਿੱਬੜੀ ਹੋਈ ਗਾਂ ਤਸਵੀਰ 4.18 ਵਿੱਚ ਦਿਖਾਈ ਦੇ ਰਹੀ ਹੈ ਜਦਕਿ ਇਕ ਸਾਫ਼ ਸੁਥਰੀ ਗਾਂ ਤਸਵੀਰ 4.19 ਵਿੱਚ ਦਿਖ ਰਹੀ ਹੈ।



**ਤਸਵੀਰ 4.18: ਮਲ ਮੂਤਰ ਨਾਲ ਗਾਂ ਦਾ ਪਿੱਛਾ ਲਿਬੜਿਆ ਹੋਇਆ ਹੈ।**



**ਤਸਵੀਰ 4.19: ਸਾਫ਼ ਸੁਥਰੀ ਗਊ**

ਡੇਅਰੀ ਫਾਰਮ ਨੂੰ ਕਾਰਗਰ ਢੰਗ ਨਾਲ ਚਲਾਉਣ ਵਾਸਤੇ ਪਸ਼ੂ-ਪਾਲਕ ਨੂੰ ਸਮਾਂ-ਸੂਚੀ ਅਨੁਸਾਰ ਰੋਜ਼ ਦੇ ਕੰਮ ਕਰਨੇ ਬਹੁਤ ਜ਼ਰੂਰੀ ਹਨ। ਫਿਰ ਵੀ ਕੋਈ ਪਸ਼ੂ-ਪਾਲਕ ਅਜਿਹੀ ਸਮਾਂ-ਸੂਚੀ ਖ਼ੁਦ ਬਣਾ ਸਕਦਾ ਹੈ। ਐਨ. ਡੀ. ਵੀ. ਐਸ. ਯੂ. ਜਬਲਪੁਰ ਦੇ ਵੈਟਨਰੀ ਸਾਇੰਸ ਅਤੇ ਐਨੀਮਲ ਹਸਬੈਂਡਰੀ ਵਿੱਚ ਅਪਣਾਈ ਜਾਂਦੀ ਅਜਿਹੀ ਸਮਾਂ-ਸੂਚੀ ਸਾਰਨੀ 4.7 ਵਿੱਚ ਦਿੱਤੀ ਗਈ ਹੈ।

| ਤਕਰੀਬਨ ਸਮਾਂ (ਘੰਟੇ) | ਫਾਰਮ ਦੇ ਕੰਮ-ਕਾਜ | ਸੋਮਾ/ਲੋੜੀਂਦਾ ਸਾਜ਼ੋ ਸਮਾਨ |
|---|---|---|
| 04:00–04:30 | ਦੁਧਾਰੂ ਪਸ਼ੂਆਂ ਨੂੰ ਨੁਹਾਉਣ ਤੇ ਸਾਫ਼ ਕਰਨਾ | • ਪਾਣੀ ਵਾਲੀ ਪਾਈਪ<br>• ਪਾਣੀ ਸਪਲਾਈ<br>• ਸਫ਼ਾਈ ਵਾਲਾ ਬੁਰਸ਼ |
| 04:30–06:30 | ਰੋਜ਼ਾਨਾ ਦੇ ਰਾਸ਼ਨ ਦਾ ਅੱਧਾ<br>ਰਾਸ਼ਨ ਡੰਗਰਾਂ ਨੂੰ ਪਾਉਣਾ ਦੁੱਧ ਚੋਆਈ ਤੋ<br>ਪਹਿਲਾ ਦੁੱਧ ਦੀ ਚੋਆਈ ਕਰਨੀ। | • ਫੀਡ/ਦਾਣਾ<br>• ਮਿਣਤੀ ਵਾਲਾ ਪੈਮਾਨਾ<br>• ਤੋਲੀਆ<br>• ਚੋਣ ਉਪਰੰਤ ਥਣ ਡਬੋਣ ਵਾਲੀ ਦਵਾਈ<br>• ਦੁੱਧ ਵਾਲੀ ਬਾਲਟੀ |
| 06:00–06:30 | ਦੁੱਧ ਭਰੀਆਂ ਕੈਨੀਆਂ ਨੂੰ ਦੁੱਧ | • ਦੁੱਧ ਸਟੋਰ ਕਰਨ ਵਾਲਾ ਬਰਤਣ/ਡਰੰਮ |
| | ਵੇਚਣ ਵਾਲੇ ਦੋਧੀ ਦੇ ਹਵਾਲੇ ਕਰਨਾ<br>ਦੁੱਧ ਚੋਣ ਵਾਲੇ ਸ਼ੈੱਡ ਨੂੰ ਧੋਣਾ | |
| | ਅਤੇ ਜੀਵਾਣੂ ਰਹਿਤ ਕਰਨਾ | ਰਬੜ ਦੀ ਪਾਈਪ, ਪਾਣੀ ਦੀ ਸਪਲਾਈ |
| 06:30–08:00 | ਦੁਧਾਰੂ ਗਾਵਾਂ ਵਾਲੇ ਸ਼ੈੱਡ ਅਤੇ ਵਾੜੇ ਦੀ ਸਫ਼ਾਈ | ਰਬੜ ਦੀ ਪਾਈ, ਪਾਣੀ ਦੀ ਸਪਲਾਈ |
| | ਵਾੜਾ ਅਤੇ ਸ਼ੈਡ ਦੀ ਸਫਾਈ ਕਰਨਾ | ਰਬੜ ਦੀ ਪਾਈਪ, ਪਾਣੀ ਦੀ ਸਪਲਾਈ, ਝਾੜੂ |
| | ਬਿਮਾਰ ਡੰਗਰਾਂ ਨੂੰ ਅਲੱਗ ਕਰਨਾ<br>ਹੇਹੇ ਵਿੱਚ ਆਏ ਡੰਗਰ ਨੂੰ ਮਸਨੂਈ ਗਰਭਦਾਨ ਲਈ | ਰੱਸੀ<br>ਰੱਸੀ |
| 08:00–11:30 | ਵੱਖਰਾ ਕਰਨਾ<br>ਕੱਟੇ, ਵੱਛੇ, ਕੱਟੀਆਂ ਤੇ ਵੱਛੀਆਂ ਦੇ ਖਾਨੇ, ਦੁੱਧੋ<br>ਭੱਜੀਆਂ ਗਾਵਾਂ ਦੇ ਸ਼ੈੱਡ ਅਤੇ ਸਾਨ੍ਹਾਂ ਦੇ ਸ਼ੈੱਡ ਸਾਫ਼ | ਝਾੜੂ ਜੀਵਾਣੂ-ਨਾਸ਼ਕ, ਕੀਟ-ਨਾਸ਼ਕ |

ਸਾਰਨੀ 4.7 ਵੈਟਨਰੀ ਸਾਇੰਸ ਅਤੇ ਐਨੀਮਲ ਹਸਬੈਂਡਰੀ ਕਾਲਜ, ਐਨ. ਡੀ. ਵੀ. ਐਸ. ਯੂ, ਜਬਲਪੁਰ (ਮੱਧ ਪ੍ਰਦੇਸ਼) ਵਿੱਖੇ ਡੇਅਰੀ ਫਾਰਮ ਦੇ ਰੋਜ਼ਾਨਾ ਦੇ ਕੰਮ ਕਾਜ ਦੀ ਸਮਾਂ-ਸੂਚੀ

| | | |
|---|---|---|
| | ਕਰਨੇ | |
| | ਤੂੜੀ ਅਤੇ ਹਰਾ ਚਾਰਾ ਡੰਗਰਾਂ ਨੂੰ ਦੇਣਾ | ਤੂੜੀ, ਹਰਾ ਚਾਰਾ, ਫੀਡ ਪਾਉਣ ਲਈ ਲੋੜੀਂਦਾ ਟਰੈਕਟਰ/ਟਰਾਲੀ |
| | ਵੱਡੇ/ਵੱਛੀਆਂ, ਗੱਭਣ ਗਾਵਾਂ ਤੇ ਸਾਨ੍ਹਾਂ ਨੂੰ ਦਿਨ ਦਾ ਅੱਧਾ ਰਾਸ਼ਨ ਪਾਉਣਾ | ਫੀਡ ਜਾਂ ਖੁਰਾਕ ਵੰਡ ਕੇ ਪਾਉਣ ਵਾਲੀ ਟਰਾਲੀ |
| | ਸਾਨ੍ਹਾਂ ਨੂੰ ਤੋਰਨਾ/ਫਿਰਨਾ | ਸਾਨ੍ਹ ਨੂੰ ਤੋਰਨ ਵਾਲਾ ਮਜ਼ਦੂਰ ਅਤੇ ਖਰਖਰਾ |
| | | ਫੇਰਨਾ |
| | ਬਿਮਾਰ ਪਸ਼ੂਆਂ ਦਾ ਇਲਾਜ ਕਰਨਾ<br>ਹੇਹੇ ਵਿੱਚ ਆਈਆਂ ਗਾਵਾਂ ਦਾ ਗਰਭਦਾਨ<br>ਹਰੇ ਪੱਠੇ ਵੱਢਣੇ, ਕੁਤਰਨੇ ਅਤੇ ਸਾਰੇ | ਨਵੇਕਲਾ ਸ਼ੈੱਡ, ਦੁਆਈਆਂ<br>ਮਸਨੂਈ ਗਰਭਦਾ ਲਈ ਲੁੜੀਂਦਾ ਸਮਾਂ,<br>ਟੋਕਾ, ਟਰਾਲੀ ਤੇ ਟ੍ਰੈਕਟਰ |
| 11:00–02:00 | ਪਸ਼ੂਆਂ ਨੂੰ ਪਾਉਣੇ ਸਾਰੀਆਂ ਖੁਰਲੀਆਂ ਹਰੇ ਪੱਠਿਆਂ ਨਾਲ ਭਰਨੀਆਂ<br>ਮਜ਼ਦੂਰਾਂ ਲਈ ਰੋਟੀ ਖਾਣ ਤੇ ਅਰਾਮ ਦਾ ਵਕਤ<br>ਦੁੱਧ ਵਾਲੀ ਬਾਲਟੀ | ਫੀਡ ਵੰਡ ਕੇ ਪਾਉਣ ਵਾਲੀ ਟਰਾਲੀ<br>ਜਾਂ ਟ੍ਰੈਕਟਰ<br>ਹੋਰ ਫੁੱਟਕਲ ਕੰਮ ਜਿਵੇਂ ਕਿ ਪਸ਼ੂਆਂ ਦੀ ਸ਼ਨਾਖਤ ਲਈ ਨੰਬਰ ਲਾਉਣ, ਪਸ਼ੂਆਂ ਦੀ ਖ਼ੁਰਾਕ/ਫੀਡ ਤਿਆਰ ਕਰਨੀ, ਡੇਅਰੀ ਫਾਰਮ ਦੀ ਵਾੜ ਠੀਕ ਕਰਨੀ, ਸਾਜ਼ੋ ਸਮਾਨ ਅਤੇ ਬਿਜਲੀ ਫਿੱਟਿੰਗ ਦੀ ਰੀਪੇਅਰ, ਪਾਣੀ ਨਾਲ ਚੁਬੱਚੇ ਦੀ ਹਫ਼ਤਾਵਾਰ ਸਫ਼ਾਈ ਕਰਨੀ, ਮਲ਼ਮੂਤਰ ਦੀ ਨਿਕਾਸੀ ਅਤੇ ਸਾਂਭ ਸੰਭਾਲ, ਘਾਹ ਸੁਕਾਉਣਾ ਅਤੇ ਹਰੇ ਪੱਠਿਆਂ ਦਾ ਅਚਾਰ ਬਣਾਉਣਾ, ਕੁਝ ਸਮੇਂ ਤੋਂ ਡੇਅਰੀ ਫਾਰਮ ਵਿੱਚ ਕੀਟਨਾਸ਼ਕ ਦੀ ਸਪਰੇਅ ਕਰਨਾ, ਸਮੇਂ-ਸਮੇਂ ਤੇ ਪਸ਼ੂਆਂ ਨੂੰ ਮੁਲੱਪ ਰਹਿਤ ਕਰਨਾ, ਗਾਵਾਂ ਦੇ ਪਿੱਛੋਂ ਤੋਂ ਵਾਲਾਂ ਦੀ ਕਟਾਈ ਕਰਨਾ, ਖਰਖਰਾ ਫੇਰਨਾ, ਖੁਰਾਂ ਦੀ ਕਟਾਈ, ਵਛੜੂਆਂ/ਕਟੜੂਆਂ ਦੇ ਸਿੰਗ ਦਾਗਣੇ, ਪਸ਼ੂਆਂ ਦੀ ਖਰੀਦੋ-ਫ਼ਰੋਖਤ, ਨੁਮਾਇਸ਼ ਵਿੱਚ ਲਿਜਾਣ ਵਾਲੀਆਂ ਗਾਂਵਾਂ ਦੀ ਤਿਆਰੀ ਕਰਨਾ |
| 14:30–3:30 | ਲੇਬਰ ਦੁਆਰਾ ਗਾਵਾਂ ਨੂੰ ਨੁਹਾਉਣ ਤੇ ਸਫ਼ਾਈ ਕਰਨੀ | ਰਬੜ ਦੀ ਪਾਈਪ, ਪਾਣੀ ਦੀ ਸਪਲਾਈ |
| 15:30–5:30 | ਸ਼ਾਮ ਵੇਲੇ ਦੁੱਧ ਚੋਣ ਤੋਂ ਪਹਿਲਾਂ ਰੋਜ਼ਾਨਾਂ ਦੇ ਰਾਸ਼ਨ ਦਾ ਦੂਸਰਾ ਅੱਧ ਪਾਉਣਾ | ਤੌਲੀਆ, ਚੋਣ<br>ਉਪਰੰਤ ਥਣ ਡਬੋਣ ਵਾਲੀ ਦਵਾਈ, ਦੁੱਧ ਵਾਲੀ ਬਾਲਟੀ |
| | ਵੱਛੇ ਵੱਛੀਆਂ ਦੇ ਖਾਨੇ, ਦੁੱਧੋਂ ਭੱਜੀਆਂ ਗਾਂਵਾਂ ਦੇ ਸ਼ੈੱਡ, ਸਾਨ੍ਹ ਦੇ ਸ਼ੈੱਡ ਦੀ ਸਾਫ਼-ਸਫ਼ਾਈ ਅਤੇ ਵੱਛੇ, ਵੱਛੀਆਂ, ਗੱਭਣ ਗਾਵਾਂ ਤੇ ਸਾਨ੍ਹਾਂ ਨੂੰ ਬਾਕੀ ਬਚਿਆ | ਰਬੜ ਦੀ ਪਾਈਪ, ਪਾਣੀ ਦੀ ਸਪਲਾਈ, ਝਾੜੂ |
| | ਅੱਧਾ ਰਾਸ਼ਨ ਪਾਉਣਾ। | |
| | ਦੁਧਾਰੂ ਡੰਗਰਾਂ ਨੂੰ ਤੂੜੀ ਅਤੇ ਹਰਾ ਚਾਰਾ ਪਾਉਣਾ | |
| 16:30–5:30 | ਦੋਧੀ ਨੂੰ ਦੁੱਧ ਨਾਲ ਭਰੀਆਂ ਡੋਲੀਆਂ ਵੇਚਣਾ<br>ਦੁੱਧ ਚੋਣ ਵਾਲੇ ਸ਼ੈੱਡ ਦੀ ਸਫ਼ਾਈ ਅਤੇ ਜੀਵਾਣੂ ਰਹਿਤ | |
| | ਕਰਨਾ | |
| | ਦੁੱਧੋਂ ਭੱਜੀਆਂ ਗਾਂਵਾਂ, ਵੱਛੇ, ਵੱਛੀਆਂ ਅਤੇ ਸਾਨ੍ਹਾਂ ਨੂੰ | |
| | ਤੂੜੀ ਤੇ ਹਰਾ ਚਾਰਾ ਦੇਣਾ | |
| 16:30–17:30 | ਦੁਧਾਰੂ ਗਾਂਵਾਂ ਦੇ ਸ਼ੈੱਡ ਨੂੰ ਸਾਫ਼ ਕਰਨਾ | |
| 18:30–17:30 | ਦੁਧਾਰੂ ਗਾਂਵਾਂ ਨੂੰ ਤੂੜੀ ਤੇ ਹਰਾ ਚਾਰਾ ਪਾਉਣਾ<br>ਸਾਰੇ ਡੇਅਰੀ ਫਾਰਮ ਦੀ ਸਫ਼ਾਈ,<br>ਚੌਕੀਦਾਰ ਵੱਲੋਂ ਰਾਤ ਦੀ ਰਾਖੀ ਕਰਨਾ | |

**ਜ਼ਰੂਰੀ ਨੁਕਤੇ :**

- 12–14 ਗਾਵਾਂ ਮਗਰ ਇਕ ਮਜ਼ਦੂਰ ਉੱਪਰਲੇ ਕਾਰਜਾਂ ਲਈ ਜ਼ਰੂਰ ਹੋਵੇ। ਅਜਿਹੇ ਦੁੱਧ ਚੋਣ ਵਾਲੇ ਸਵੇਰੇ 8 ਵਜੇਂ ਡਿਊਟੀ ਤੋਂ ਹੱਟ ਜਾਂਦੇ ਹਨ ਅਤੇ ਸਵੇਰੇ 7 ਵਜੇ ਖੇਤ ਮਜ਼ਦੂਰ ਕੰਮ ਤੇ ਆ ਜਾਂਦੇ ਹਨ।
- ਜੇਕਰ ਪਸ਼ੂ ਚਾਰਨ ਦਾ ਕੰਮ ਚਲਦਾ ਹੋਵੇ ਤਾਂ ਸਰਦੀਆਂ ਵਿੱਚ ਸਵੇਰੇ 9 ਤੋਂ ਦੁਪਹਿਰ ਬਾਅਦ 2 ਵਜੇ ਤੱਕ ਅਤੇ ਗਰਮੀਆਂ ਵਿੱਚ ਸਵੇਰੇ 6 ਤੋਂ 10 ਅਤੇ ਸ਼ਾਮ ਨੂੰ 5 ਤੋਂ 7 ਵਜੇ ਤੱਕ ਡੰਗਰਾਂ ਨੂੰ ਚਾਰਨ ਲਈ ਲਿਜਾਣਾ ਚਾਹੀਦਾ ਹੈ।
- ਡੇਅਰੀ ਪ੍ਰਬੰਧਕ ਨੂੰ ਕੰਮਾ ਕਾਰਾਂ ਦੀ ਅਗਾਊਂ ਵੰਡ ਇਸ ਪ੍ਰਕਾਰ ਕਰਨੀ ਚਾਹੀਦੀ ਹੈ ਤਾਂ ਜੋ ਸਾਰੇ ਮਜ਼ਦੂਰਾਂ ਅਤੇ ਕਾਮਿਆਂ ਦੀ ਹਫ਼ਤੇ ਦੇ ਸਾਰੇ ਦਿਨਾਂ ਵਿੱਚ ਇਕਸਾਰ ਡਿਊਟੀ ਲੱਗ ਸਕੇ ਕਿਉਂਕਿ ਕੁਝ ਕੰਮਾਂ ’ਤੇ ਲੇਬਰ ਨੂੰ ਵਧੇਰੇ ਸਮੇਂ ਲਈ ਡਿਊਟੀ ਕਰਨੀ ਪੈਂਦੀ ਹੈ।
- ਦੁੱਧ ਚੋਣ ਵਾਲੇ ਡਿਊਟੀ ਤੇ 3.30 ਵਜੇ ਆਉਂਦੇ ਹਨ ਅਤੇ 5.30 ਵਜੇ ਸ਼ਾਮ ਤੱਕ ਰਹਿੰਦੇ ਹਨ ਜਦ ਕਿ ਦੂਸਰੀ ਲੇਬਰ ਨੂੰ ਸ਼ਾਮ ਦੇ 5 ਵਜੇ ਛੁੱਟੀ ਹੋ ਜਾਂਦੀ ਹੈ।



**ਤਸਵੀਰ 20: ਪਸ਼ੂਆਂ ਦਾ ਇਕ ਗੰਦਾ ਹੋ ਚੁੱਕਾ ਵਾੜਾ ਜਿਸਦੀ ਸਫ਼ਾਈ ਕਰਨ ਦੀ ਲੋੜ ਹੈ।**



**ਤਸਵੀਰ 21: ਫਾਉੜੇ ਨਾਲ ਪਸ਼ੂਆਂ ਦੇ ਰਹਾਇਸ਼ੀ ਖੇਤਰ (ਵਾੜਾ) ਦੀ ਸਫ਼ਾਈ ਕਰਦੇ ਹੋਏ ਮਜ਼ਦੂਰ**

**ਗਤੀਵਿਧੀ 1:** ਡੇਅਰੀ ਫਾਰਮ ਦੇ ਵੱਖ-ਵੱਖ ਸ਼ੈਡਾਂ ਅਤੇ ਵਾੜਿਆਂ ਦੀ ਲੰਬਾਈ ਚੁੜਾਈ ਦੀ ਮਿਣਤੀ ਕਰਕੇ ਨੋਟ ਕਰੋ।

**ਲੁੜੀਂਦਾ ਸਮਾਨ**

1. ਮਿਣਤੀ ਕਰਨ ਵਾਲਾ ਫੀਤਾ
2. ਕਾਪੀ

**ਕਦਮ-ਦਰ-ਕਦਮ ਪ੍ਰਕ੍ਰਿਆ**

1.ਇਕ ਡੇਅਰੀ ਫਾਰਮ ਤੇ ਜਾਓ।

2.ਡੇਅਰੀ ਫਾਰਮ ਦੇ ਵੱਖ-ਵੱਖ ਸ਼ੈੱਡਾਂ, ਵਲਗਣਿਆਂ ਤੇ ਹੋਰ ਢਾਂਚਿਆ ਦੀ ਮਿਣਤੀ ਕਰਕੇ ਨੋਟ ਕਰੋ।

**ਗਤੀਵਿਧੀ 2 :** ਡੇਅਰੀ ਫਾਰਮ ਦੀ ਰੋਜਾਨਾਂ ਦੇ ਰੁਝੇਵਿਆਂ ਦੀ ਸਮਾਂ ਸੂਚੀ ਨੋਟ ਕਰੋ।

**ਲੁੜੀਂਦਾ ਸਮਾਨ**

1. ਕਾਪੀ

**ਕਦਮ-ਦਰ-ਕਦਮ ਪ੍ਰਕ੍ਰਿਆ**

1. ਤੜਕਸਾਰ ਇਕ ਡੇਅਰੀ ਫਾਰਮ ਤੇ ਜਾਓ।
2. ਡੇਅਰੀ ਫਾਰਮ ਤੇ ਕੀਤੇ ਜਾ ਰਹੇ ਸਾਰੇ ਕੰਮਾਂ ਅਤੇ ਉਹਨਾਂ ਦੇ ਸਮੇਂ ਬਾਰੇ ਨੋਟ ਕਰੋ।
3. ਰੋਜ਼ਾਨਾਂ ਦੇ ਰੁਝੇਵਿਆਂ ਬਾਰੇ ਅਤੇ ਕੁਝ ਵਕਫ਼ੇ ਮਗਰੋਂ ਕੀਤੇ ਜਾਣ ਵਾਲੇ ਕੰਮਾਂ ਬਾਰੇ ਨੋਟ ਕਰੋ।

**ਆਪਣੀ ਪ੍ਰਾਪਤੀ ਦੀ ਜਾਂਚ ਕਰੋ।**

**ੳ) ਬਹੁ-ਉੱਤਰੀ ਪ੍ਰਸ਼ਨ**

1. ਕਿਹੜਾ ਡੰਗਰ ਗਾਰੇ ਵਿੱਚ ਲੇਟਣਾ ਪਸੰਦ ਕਰਦਾ ਹੈ।
   ੳ) ਦੇਸੀ ਡੰਗਰ ਅ) ਦੋਗਲੇ ਡੰਗਰਏ) ਮੱਝ ਸ) ਵਲਾਇਤੀ ਡੰਗਰ
2. ਦੁਧਾਰੂ ਪਸ਼ੂਆਂ ਵਾਲੇ ਸ਼ੈਡ ਵਿਚਕਾਰਲੇ ਲਾਂਘੇ ਦੀ ਚੁੜਾਈ ਕਿੰਨੀ ਹੁੰਦੀ ਹੈ।
   ੳ) 1.2 ਮੀਟਰ ਅ) 1.8 ਮੀਟਰ ੲ) 2.2 ਮੀਟਰ ਸ) 2.5 ਮੀਟਰ
3. ਪਸ਼ੂ ਖੜ੍ਹੇ ਰੱਖਣ ਵਾਲੀ ਜਗ੍ਹਾ ਕਿਸ ਨਾਲ ਸੰਬੰਧਿਤ ਹੈ।
   ੳ) ਸੂਣ ਵਾਲੇ ਪਸ਼ੂਆਂ ਦਾ ਖਾਨਾ ਅ) ਵੱਛੇ ਵੱਛੀਆਂ ਦਾ ਖਾਨਾ
   ੲ) ਦੁੱਧ ਚੋਣ ਵਾਲਾ ਸ਼ੈੱਡ ਸ) ਸਾਨ੍ਹ ਵਾਲਾ ਸ਼ੈੱਡ
4. ਸੂਣ ਵਾਲੇ ਪਸ਼ੂ ਨੂੰ ਸੂਣ ਤੋਂ.... ਪਹਿਲਾਂ ਸੂਣ ਵਾਲੇ ਕਮਰੇ ਜਾਂ ਖਾਨੇ ਵਿੱਚ ਤਬਦੀਲ ਕਰ ਦੇਣਾ ਚਾਹੀਦਾ ਹੈ।
   ੳ) 2 ਤੋਂ 3 ਹਫਤੇ ਅ) ਇਕ ਮਹੀਨਾ ੲ) ਡੇਢ ਮਹੀਨਾ ਸ) ਦੋ ਮਹੀਨੇ
5. ਬਿਮਾਰੀਆਂ ਫੈਲਣ ਤੋਂ ਰੋਕਣ ਲਈ, ..... ਗਾਂਵਾਂ ਮਗਰ ਇਕ ਨਵੇਕਲਾ ਕਮਰਾ ਜਾਂ ਸ਼ੈੱਡ ਬਿਮਾਰ ਪਸ਼ੂ ਨੂੰ ਅਲੱਗ ਰੱਖਣ ਲਈ ਹੋਣਾ ਚਾਹੀਦਾ ਹੈ।
   ੳ) 100 ਅ) 150 ੲ) 200 ਸ) 40

**ਅ) ਖਾਲੀ ਥਾਂ ਭਰੋ-**

1. ਗੋਬਰ ਅਤੇ ਪਿਸ਼ਾਬ ਦੇ ਮਿਲਣ ਤੋਂ...... ਬਣਦਾ ਹੈ।
2. 24 ਘੰਟਿਆਂ ਵਿੱਚ ਇਕ ਡੰਗਰ ਆਪਣੇ ਸਰੀਰਕ ਭਾਰ ਦਾ......... ਪ੍ਰਤੀਸ਼ਤ ਗੋਬਰ ਪੈਦਾ ਕਰਦਾ ਹੈ।
3. ਜਰਮ ਰਹਿਤ ਕਰਨ ਅਤੇ ਦੁੱਧ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ..... ਡਿਗਰੀ ਸੈਲਸੀਅਸ ਤੋਂ ਘੱਟ ਤਾਪਮਾਨ 'ਤੇ ਦੁੱਧ ਨੂੰ ਸਟੋਰ ਕੀਤਾ ਜਾਂਦਾ ਹੈ।
4. ਇਕ ਡੇਅਰੀ ਫਾਰਮ ਵਿੱਚ ਨਵਜੰਮੇ ਕਟੜੂਆਂ/ਵਛੜੂਆਂ ਲਈ ਖ਼ਾਨਿਆਂ ਦੀ ਗਿਣਤੀ ਸੂਣ ਵਾਲੇ ਪਸ਼ੂਆਂ ਦੀ ਗਿਣਤੀ ਦਾ.... ਪ੍ਰਤੀਸ਼ਤ ਹੋਣੀ ਚਾਹੀਦਾ ਹੈ।
5. ਦੁਧਾਰੂ ਪਸ਼ੂਆਂ ਦੇ ਸ਼ੈੱਡ ਵਿਚਕਾਰਲੇ ਲਾਂਘੇ ਦੀ ਢਲਾਣ ਵਿਚਕਾਰੋਂ ਪਾਸਿਆਂ ਵੱਲ ਨੂੰ..... ਮਗਰ 1 (ਇੱਕ) ਹੋਣੀ ਚਾਹੀਦੀ ਹੈ।

**ੲ) ਸਹੀ ਜਾਂ ਗਲਤ ਦੱਸੋ**

1. ਡੇਅਰੀ ਫਾਰਮ ਵਿੱਚ ਦਾਖਲ ਹੋਣ ਅਤੇ ਬਾਹਰ ਨਿਕਲਣ ਦੇ ਕਈ ਗੇਟ ਹੋਣੇ ਚਾਹੀਦੇ ਹਨ।
2. ਖੁਲ੍ਹੀ ਰਹਾਇਸ਼ ਵਿੱਚ ਦੁੱਧ ਚੋਣ ਵਾਲਾ ਕਮਰਾ ਉੱਥੇ ਹੁੰਦਾ ਹੈ ਜਿੱਥੇ ਡੰਗਰ ਰੱਖੇ ਜਾਂਦੇ ਹਨ।
3. ਸਿਲ੍ਹੇ ਅਤੇ ਗਿੱਲੇ ਫਰਸ਼ਾਂ ਤੇ ਨਵਜੰਮੇ ਕਟੜੂਆਂ/ਵਛੜੂਆਂ ਨੂੰ ਸਾਹ ਦੀਆਂ ਬਿਮਾਰੀਆਂ ਲੱਗ ਸਕਦੀਆਂ ਹਨ ਕਿਉਂਕਿ ਅਜਿਹੀਆਂ ਬਿਮਾਰੀਆਂ ਨੂੰ ਇਹ ਸੰਵੇਦਨਸ਼ੀਲ ਹੁੰਦੇ ਹਨ।
4. ਸਾਨ੍ਹ ਨੂੰ ਪੱਕੇ ਸਖ਼ਤ ਫਰਸ਼ ਵਾਲੇ ਕਮਰੇ ਵਿੱਚ ਇਕੱਲੇ ਨੂੰ ਰੱਖਣਾ ਚਾਹੀਦਾ ਹੈ।
5. ਸੂਣ ਤੋਂ ਬਾਅਦ ਨਵਜੰਮੇ ਵਛੜੂਆਂ ਨੂੰ ਇਕ ਝੁੰਡ ਵਿੱਚ ਰੱਖਣਾ ਚਾਹੀਦਾ ਹੈ।

**ਸ) ਕਾਲਮਾਂ ਦਾ ਢੁਕਵਾਂ ਮਿਲਾਪ ਕਰੋ—**

| ਕਾਲਮ ੳ) | ਕਾਲਮ ਅ ਵਿੱਚ ਚੁਣ ਕੇ ਲਿਖੋ | ਕਾਲਮ ਅ) |
|---|---|---|
| 1. ਸੂਣ ਵਾਲਾ ਕਮਰਾ | | ਨਵਜੰਮੇ ਕੱਟੜੂ/ਵੱਛੜੂ ਰੱਖਣ ਲਈ |
| 2. ਕੱਟੜੂ/ਵੱਛੜੂ ਲਈ ਕਮਰਾ | | ਡੰਗਰਾ ਨੂੰ ਕਾਬੂ ਕਰਨ ਲਈ |
| 3. ਸ਼ਕੰਜਾ | | ਬਿਮਾਰ ਪਸ਼ੂਆਂ ਨੂੰ ਰੱਖਣ ਲਈ |
| 4. ਨਵੇਕਲਾ ਸ਼ੈਂਡ | | ਫ਼ਾਰਮ ਵਿੱਚ ਨਵੇਂ ਵਾਕਿਫ਼ ਕਰਵਾਏ ਗਏ ਜਾਨਵਰਾਂ ਲਈ |
| 5. ਨਿਗਰਾਨੀ ਵਾਲਾ ਸ਼ੈੱਡ | | ਸੂਣ ਵਾਲੇ ਪਸ਼ੂ ਨੂੰ ਰੱਖਣ ਲਈ |

**ਹ) ਸਾਰਨੀ ਵਿੱਚ ਢੁਕਵੇਂ ਸ਼ਬਦ ਨਾਲ ਖਾਲੀ ਥਾਂ ਭਰੋ**

| | | | |
|---|---|---|---|
| | | 1ਬ | 1ਬ |
| | | | |
| 3 | ਣਾ | ਦ | ਕ |
| 4ਅ | | ਰ | |
| 5 | ਈ | | ਸ਼ੈ |
| | | | |

**ਇੱਕ ਤੋਂ ਦੂਸਰੇ ਕਾਲਮ ਵੱਲ**

3. ਕੱਟੜੂ/ਵੱਛੜੂ ਨੂੰ ਜਨਮ ਦੇਣ ਦੀ ਕਿਰਿਆ
4. ਹਰੇ ਚਾਰੇ ਨੂੰ ਕੁਝ ਸਮੇਂ ਲਈ ਹਵਾ-ਰਹਿਤ ਟੋਏ ਵਿੱਚ ਦਬਾ ਕੇ ਰੱਖਣ ਉਪਰੰਤ ਬਣਦਾ ਹੈ।
5. ਪਾਈਪ ਦੀ ਕਿਸਮ ਜੋ ਕਿ ਡੇਅਰੀ ਸ਼ੈੱਡ ਨੂੰ ਪਾਣੀ ਨਾਲ ਧੋਣ ਲਈ ਵਰਤੀ ਜਾਂਦੀ ਹੈ।

**ਉਪਰੋਂ ਹੇਠਾਂ ਵੱਲ ਖਾਲੀ ਥਾਂ ਭਰੋ**

1. ਖੱਸੀ ਕੀਤਾ ਵੱਡੀ ਉਮਰ ਦਾ ਨਰ
2. ਸ਼ੈੱਡ ਦੇ ਅੰਦਰ ਡੰਗਰ ਨੂੰ ਰੱਖਣ ਲਈ ਵੱਖਰੀ ਜਗ੍ਹਾ

## ਇਕਾਈ 4 : ਡੰਗਰਾਂ ਨੂੰ ਖੁਰਾਕ ਅਤੇ ਪਾਣੀ ਦੇਣ ਦਾ ਪ੍ਰਬੰਧ

**ਸਿੱਖਣ ਦੇ ਨਤੀਜੇ**

*ਇਸ ਇਕਾਈ ਦੀ ਸਮਾਪਤੀ ਉਪਰੰਤ ਵਿਦਿਆਰਥੀ*

- *ਪਸ਼ੂ-ਖੁਰਾਕ ਨੂੰ ਪ੍ਰਾਪਤ ਕਰਨ ਅਤੇ ਸਟੋਰ ਕਰਨ ਯੋਗ ਹੋ ਜਾਵੇਗਾ।*
- *ਪਸ਼ੂ-ਧਨ ਲਈ ਖ਼ੁਰਾਕ ਨੂੰ ਤਿਆਰ ਕਰਨ ਅਤੇ ਪਾਣੀ ਦਾ ਪ੍ਰਬੰਧ ਕਰਨ ਯੋਗ ਹੋ ਜਾਵੇਗਾ।*
- *ਪਸ਼ੂ-ਖੁਰਾਕ ਅਤੇ ਪਾਣੀ ਦੀ ਪੂਰਤੀ ਨੂੰ ਕਾਇਮ ਰੱਖਣ ਅਤੇ ਉਸਦਾ ਨਿਰੀਖਣ ਕਰਨ ਯੋਗ ਹੋ ਜਾਵੇਗਾ।*


## ਭੂਮਿਕਾ—

*ਡੇਅਰੀ ਪਸ਼ੂ ਪਾਲਣ ਤੇ ਆਉਂਦੇ ਕੁੱਲ ਖਰਚੇ ਦਾ 70 ਫੀਸਦੀ ਖਰਚਾ ਇਕੱਲੀ ਖੁਰਾਕ ਤੇ ਹੋ ਜਾਂਦਾ ਹੈ। ਇਕ ਚੰਗੀ ਠੀਕ ਢੰਗ ਨਾਲ ਸੰਤੁਲਿਤ ਹੋਣੀ ਜ਼ਰੂਰੀ ਹੈ ਜਿਸ ਵਿੱਚ ਪ੍ਰੋਟੀਨ, ਕਾਰਬੋਹਾਈਡ੍ਰੇਟਸ, ਚਿਕਨਾਈ, ਖਣਿਜ ਪਦਾਰਥ, ਵਿਟਾਮਿਨ ਆਦਿ ਹੋਣੇ ਚਾਹੀਦੇ ਹਨ। ਖੁਰਾਕ ਚੰਗੀ ਗਣਨਾ ਵਾਲੀ, ਸੁਆਦਲੀ, ਸਸਤੀ ਅਤੇ ਭਰਪੂਰ ਮਾਤਰਾ ਵਿੱਚ ਡੰਗਰਾਂ ਨੂੰ  ਖੁਆਉਣ ਯੋਗ ਫਲਾਵਟਦਾਰ, ਨਰਮ ਅਤੇ ਜ਼ਹਿਰੀਲੇ ਤੱਤਾਂ ਤੋਂ ਰਹਿਤ ਹੋਣੀ ਚਾਹੀਦੀ ਹੈ। ਇਸ ਲਈ ਡੇਅਰੀ ਫਾਰਮ ਦੀ ਸਫ਼ਲਤਾ ਵਿੱਚ ਡੇਅਰੀ ਪਸ਼ੂਆਂ ਦੀ ਸੰਤੁਲਿਤ ਅਤੇ ਵਾਜ਼ਬ ਕੀਮਤ ਵਾਲੀ ਖੁਰਾਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਸੰਤੁਲਿਤ ਫੀਡ ਵਿੱਚ ਵੱਖ-ਵੱਖ ਪ੍ਰਕਾਰ ਦੇ ਪਦਾਰਥਾਂ ਦੀ ਮਾਤਰਾ ਦੇ ਅਨੁਪਾਤ ਦੀ ਚੋਣ ਕਿਸੇ ਖਾਸ ਰੁੱਤ ਵਿੱਚ ਇਨ੍ਹਾਂ ਪਦਾਰਥਾਂ ਦੀਆਂ ਕੀਮਤਾਂ ਤੇ ਨਿਰਭਰ ਕਰਦੀ ਹੈ, ਜੋ ਫੀਡ ਦੀ ਕੀਮਤ ਘਟਾਉਣ ਵਿੱਚ ਸਹਾਈ ਹੁੰਦੇ ਹਨ। ਖੁਰਾਕ ਦੇ ਪਦਾਰਥਾਂ ਦੀਆਂ ਕੀਮਤਾਂ ਜਦ ਘੱਟ ਹੋਣ ਤੱਦ ਇਹ ਖ਼ਰੀਦ ਕੇ ਰੱਖ ਲੈਣੇ ਅਤੇ ਭਵਿੱਖ ਵਿੱਚ ਵਰਤੋਂ ਲਈ ਸਟੋਰ ਕਰ ਲੈਣੇ ਚਾਹੀਦੇ ਹਨ। ਸਟੋਰ ਵਿੱਚ ਇਨ੍ਹਾਂ ਪਦਾਰਥਾਂ ਨੂੰ ਨੁਕਸਾਨ ਤੋਂ ਬਚਾਅ ਕੇ ਰੱਖਣਾ ਚਾਹੀਦਾ ਹੈ ਤਾਂ ਕਿ ਫੀਡ ਸਸਤੀ ਦਰ ਤੇ ਮਿਲ ਸਕੇ।*

## ਸੈਸ਼ਨ 1 : ਪਸ਼ੂਆਂ ਦੀ ਖੁਰਾਕ ਵਿੱਚ ਵਰਤੇ ਜਾਂਦੇ ਵੱਖ-ਵੱਖ ਪਦਾਰਥਾਂ ਦੀਆਂ ਵਿਸ਼ੇਸ਼ਤਾਈਆਂ, ਮਿਕਦਾਰ ਅਤੇ ਗੁਣਵੰਤਾ

### 1. ਪਸ਼ੂਆਂ ਦੇ ਖੁਰਾਕੀ ਪਦਾਰਥਾਂ ਦੀਆਂ ਕਿਸਮਾਂ


*ਕੱਚੇ ਰੇਸ਼ੇ (ਕਰੂਡ ਫਾਈਬਰ) ਦੀ ਮਾਤਰਾ ਅਤੇ ਹਜ਼ਮ ਹੋਣ ਵਾਲੇ ਕੁੱਲ ਪੋਸ਼ਕ ਤੱਤਾਂ* (TDN) *ਅਤੇ ਯੋਗਕ ਵਸਤੂਆਂ ਦੇ ਆਧਾਰ ਤੇ ਪਸ਼ੂ ਖੁਰਾਕੀ ਪਦਾਰਥਾਂ ਨੂੰ ਮੁੱਖ ਰੂਪ ਵਿੱਚ ਤਿੰਨ ਸ਼੍ਰੇਣੀਆਂ ਵਿੱਚ ਵੰਡਿਆ ਜਾ ਸਕਦਾ ਹੈ। ਵਿਭਿੰਨ ਪਦਾਰਥਾਂ ਦੀ ਉਪਲੱਬਧਤਾ ਅਨੁਸਾਰ ਇਕ ਪਸ਼ੂ-ਪਾਲਕ ਪੋਸ਼ਕ ਤੱਤਾਂ ਦੀ ਮਾਤਰਾ ਨੂੰ ਲੋੜ ਅਨੁਸਾਰ ਵਧਾ ਜਾ ਘਟਾ ਸਕਦਾ ਹੈ ਤਾਂ ਜੋ ਡੰਗਰਾਂ ਦੀਆਂ ਖੁਰਾਕੀ ਲੋੜਾਂ ਦੀ ਪੂਰਤੀ ਹੋ ਸਕੇ। ਚਾਰਟ 6.1 ਵਿੱਚ ਅਜਿਹੇ ਪਦਾਰਥਾਂ ਦੀ ਤਿੰਨ ਪ੍ਰਕਾਰ ਦੇ ਤੱਤਾਂ (ਕੱਚੇ ਰੇਸ਼ੇ, ਹਜ਼ਮ ਹੋਣ ਵਾਲੇ ਕੁੱਲ ਪੋਸ਼ਕ ਤੱਤ, ਮੁੱਖ ਰੂਪ ਪੋਸ਼ਕ ਤੱਤਾਂ ਅਤੇ ਯੋਗਿਕ ਵਸਤੂ) ਵਿੱਚ ਵੰਡ ਦਰਸਾਈ ਗਈ ਹੈ।*




**ਚਾਰਟ 6.1: ਪਸ਼ੂਆਂ ਦੀ ਖੁਰਾਕ ਦੀ ਬਣਤਰ ਲਈ ਵੱਖ-ਵੱਖ ਪਦਾਰਥ ਅਤੇ ਤੱਤ**

### 2. ਇਕ ਚੰਗੀ ਪਸ਼ੂ ਖੁਰਾਕ ਦੀਆਂ ਵਿਸ਼ੇਸ਼ਤਾਈਆਂ

*ਸਭ ਤੋਂ ਪਹਿਲਾਂ ਅਤੇ ਮਹੱਤਵਪੂਰਨ ਨੁਕਤਾ ਇਹ ਹੈ ਕਿ ਖੁਰਾਕੀ ਵਸਤਾਂ ਸਾਫ਼ ਸੁਥਰੀਆਂ ਅਤੇ ਜਿੱਥੋਂ ਤੱਕ ਸੰਭਵ ਹੋਵੇ ਤਾਜ਼ੀਆਂ ਹੋਣੀਆਂ ਚਾਹੀਦੀਆਂ ਹਨ। ਅਜਿਹੀ ਖੁਰਾਕ ਵਿੱਚ ਪ੍ਰੋਟੀਨ, ਕਾਰਬੋਹਾਈਡਰੇਟ, ਚਿਕਨਾਈ, ਖਣਿਜ ਖਦਾਰਥ ਅਤੇ ਵਿਟਾਮਿਨ ਆਦਿ ਦੇ ਦ੍ਰਿਸ਼ਟੀਕੋਣ ਤੋਂ ਪੂਰੀ ਤਰ੍ਹਾਂ ਸੰਤੁਲਿਤ ਵਧੀਆ ਗੁਣਵੱਤਾ ਵਾਲੀ ਸੁਆਦਲੀ ਵਾਜ਼ਬ ਕੀਮਤ ਵਾਲੀ ਅਜਿਹੇ ਮਿਸ਼ਰਨ ਵਾਲੀ ਪਸ਼ੂਆਂ ਦੀਆਂ 24 ਘੰਟਿਆਂ ਦੀਆਂ ਲੋੜਾਂ ਪੂਰੀਆਂ ਕਰ ਸਕੇ, ਹਾਜ਼ਮੇਦਾਰ, ਫਲਾਵਟੀ ਅਤੇ ਜ਼ਹਿਰੀਲੇ ਤੱਤਾਂ ਤੋਂ ਰਹਿਤ ਹੋਵੇ। (ਚਾਰਟ 6.2)*





**ਚਾਰਟ 6.2 : ਸੰਤੁਲਿਤ ਪਸੂ ਖੁਰਾਕ ਦੀਆਂ ਵਿਸ਼ੇਸ਼ਤਾਵਾਂ**

### 3. ਖੁਰਾਕ ਦੀ ਬਣਤਰ ਅਤੇ ਗੁਣਵੱਤਾ

*ਸੰਤੁਲਿਤ ਖੁਰਾਕ ਨੂੰ 6 ਮੁੱਖ ਹਿੱਸਿਆਂ ਵਿੱਚ ਵੰਡਿਆਂ ਜਾ ਸਕਦਾ ਹੈ ਜਿਵੇਂ ਕਿ ਪਾਣੀ, ਸੁਆਹ, ਕੱਚੀ ਪ੍ਰੋਟੀਨ* (CP)*, ਈਥਰ ਦਾ ਅਰਕ* (EE)*, ਕੱਚਾ ਰੇਸ਼ਾ* (CF) *ਅਤੇ ਨਾਈਟ੍ਰੋਜਨ ਰਹਿਤ ਤੱਤ ਜਾਂ ਅਰਕ* (NFC) *। ਖੁਰਾਕ ਦੀ ਬਣਤਰ ਬਾਰੇ ਜਾਨਣ ਲਈ ਇਨ੍ਹਾਂ 6 ਤੱਤਾਂ ਜਾਂ ਭਾਗਾਂ ਦੀ ਗਿਣਤੀ-ਮਿਣਤੀ ਬਹੁਤ ਜ਼ਰੂਰੀ ਹੈ। ਖੁਰਾਕ ਦੀ ਬਣਤਰ ਤੋਂ ਭਾਵ ਇਹ ਹੈ ਕਿ ਕੀ ਖੁਰਾਕ ਵਿੱਚ ਰੇਸ਼ੇਦਾਰ ਤੱਤ, ਸ਼ਕਤੀ ਪ੍ਰਦਾਨ ਕਰਨ ਵਾਲੇ ਪਦਾਰਥ ਜਾਂ ਪ੍ਰੋਟੀਨ ਦੇਣ ਵਾਲੇ ਤੱਤ ਹਨ। ਚਾਰਟ 6.3 ਵਿੱਚ ਚੰਗੀ ਪਸ਼ੂ ਖੁਰਾਕ ਵਿਚਲੇ ਮਹੱਤਵਪੂਰਨ ਤੱਤਾਂ ਦੀਆਂ ਮੁੱਖ ਸ਼੍ਰੇਣੀਆਂ ਦਰਸਾਈਆਂ ਗਈਆਂ ਹਨ।*

CP- Crude Protein
CF- Crude Fibre
NFC- Nitrogen Free Extract
EE- Ether Extract
(Write the full forms as well.)




**ਚਾਰਟ 6.3 : ਖੁਰਾਕ ਦੀ ਬਣਤਰ**

*ਪਸ਼ੂਆਂ ਦੀ ਖੁਰਾਕ ਵਿੱਚ ਸ਼ਾਮਿਲ 6 ਮਹੱਤਵਪੂਰਨ ਤੱਤ ਬਾਰੇ ਵਿਸਥਾਰ ਸਾਹਿਤ ਜਾਣਕਾਰੀ ਸਾਰਨੀ 6.1 ਵਿੱਚ ਦਿੱਤੀ ਜਾਂਦੀ ਹੈ।*

**ਸਾਰਨੀ 6.1 ਪਸ਼ੂ ਖੁਰਾਕ ਦੇ 6 ਮਹੱਤਵਪੂਰਨ ਭਾਗਾਂ ਤੱਤਾਂ ਹਿੱਸੇ ਜਾਂ ਭਾਗ**


| ਪਸ਼ੂਆਂ ਦੀ ਖੁਰਾਕ ਦੇ ਤੱਕ | | | ਹਿੱਸੇ ਜਾਂ ਭਾਗ |
|---|---|---|---|
| ਨਮੀ | | | ਪਾਣੀ, ਵਾਸ਼ਪੀ ਰੂਪ ਵਿੱਚ ਪਦਾਰਥ |
| ਸੁੱਕਾ ਪਦਾਰਥ | ਜੈਵਿਕ ਪਦਾਰਥ | ਕੱਚੀ ਪ੍ਰੋਟੀਨ | ਸ਼ੁੱਧ ਪ੍ਰੋਟੀਨ, ਅਮੀਨੋ ਤੇਜ਼ਾਬ ਗੈਰ ਪ੍ਰੋਟੀਨ- ਨਾਈਟ੍ਰੋਜਨ ਯੋਗਿਕ ਪਦਾਰਥ |
| | | ਈਥਰ ਦਾ ਅਰਕ (ਕੱਚੀ ਚਰਬੀ) | ਵਸਾ/ਚਰਬੀ, ਕੰਪਲੈਕਸ ਲਿਪਿਡ, ਸਟੀਰੋਲ, ਵਸਾ/ਚਰਬ ਵਿੱਚ ਘੁਲਣਸ਼ੀਲ ਰੰਗ |
| | | ਕੱਚੇ ਰੇਸ਼ਾ | ਸੈਲੂਲੋਜ਼ (ਕੋਸ਼ਰਸ), ਹੈਮੀਸੈਲੂਲੋ, ਲਿਗਨਿਨ |
| | | ਨਾਈਟ੍ਰੋਜਨ ਰਹਿਤ ਅਰਕ | ਘੁਲਣਸ਼ੀਲ ਕਾਰਬੋਹਾਈਡ੍ਰੇਟ, ਹੈਮੀਸੈਲੂਲੋਜ਼ ਲਿਗਨਿਨ, ਪੈਕਟਿਨ ਜੈਵਿ ਤੇਜ਼ਾਬ, ਟੈਨਿਨ, ਪਾਣੀ ਵਿਚ ਘੁਲਣਸ਼ੀਲ ਰੰਗ। |
| | ਅਜੈਵਿਕ ਪਦਾਰਥ | ਖਾਦ (ਫੀਡ) | ਵੰਡ, ਜੈਵਿਕ ਰਹਿੰਦ ਖੂੰਹਦ |

*ਇਨ੍ਹਾਂ 6 ਮੁੱਖ ਤੱਤਾਂ ਅਤੇ ਇਨ੍ਹਾਂ ਵਿੱਚ ਮੌਜੂਦ ਵੱਖ-ਵੱਖ ਪਦਾਰਥਾਂ ਦੇ ਆਦਰਸ਼ ਮੁੱਲ ਬਾਰੇ ਜਾਣਕਾਰੀ ਆਮ ਮਿਲ ਜਾਂਦੀ ਹੈ।*

**ਪਸ਼ੂਆਂ ਦੀ ਖੁਰਾਕ ਦੀ ਗੁਣਵੱਤਾ ਬਾਰੇ ਜਾਂਚ:**

*ਪਸ਼ੂਆਂ ਲਈ ਦੋ ਪ੍ਰਕਾਰ ਦੇ (ਜੈਵਿਕ) ਖੁਰਾਕੀ ਤੱਤਾਂ ਦੀ ਲੋੜ ਪੈਂਦੀ ਹੈ ਜਿਹੜੇ ਹਨ ਸ਼ਕਤੀ ਅਤੇ ਪ੍ਰੋਟੀਨ। ਇਨ੍ਹਾਂ ਦੋਵੇਂ ਮੁਢਲੀਆਂ ਜ਼ਰੂਰਤਾਂ ਦੀ ਪੂਰਤੀ ਫੀਡ ਤੋਂ ਹੋਣੀ ਹੈ। ਸ਼ਕਤੀ ਅਤੇ ਪ੍ਰੋਟੀਨ ਪ੍ਰਦਾਨ ਕਰਨ ਦੀ ਸਮਰੱਥਾ ਅਨੁਸਾਰ ਫੀਡ ਦੀ ਗੁਣਵੱਤਾ ਨਿਰਧਾਰਤ ਕੀਤੀ ਜਾਂਦੀ ਹੈ।*

*ਇਹ ਚੰਗੀ ਤਰ੍ਹਾਂ ਸਮਝਣ ਦੀ ਲੋੜ ਹੈ ਕਿ ਪਸ਼ੂ ਕੱਚੇ ਰੇਸ਼ੇ, ਈਥਰ ਅਰਕ, ਨਾਈਟਰੋਜਨ ਮੁਕਤ ਅਰਕ ਅਤੇ ਕੱਚੀ ਪ੍ਰੋਟੀਨ ਤੋਂ ਸ਼ਕਤੀ ਪ੍ਰਾਪਤ ਕਰ ਸਕਦਾ ਹੈ, ਪ੍ਰੰਤੂ ਪ੍ਰੋਟੀਨ ਦੀ ਪ੍ਰਾਪਤੀ ਉਸਨੂੰ ਸਿਰਫ਼ ਖ਼ੁਰਾਕੀ ਪਦਾਰਥਾਂ ਵਿੱਚ ਮੌਜੂਦ ਕੱਚੀ ਪ੍ਰੋਟੀਨ ਤੋਂ ਹੀ ਹੋਣੀ ਹੈ। ਇਸ ਬਾਰੇ ਵਰਣਨ ਚਾਰਟ 6.4 ਵਿੱਚ ਕੀਤਾ ਜਾਂਦਾ ਹੈ।*




**ਚਾਰਟ 6.4 ਪਸ਼ੂਆਂ ਦੀ ਫੀਡ ਵਿੱਚ ਸ਼ਕਤੀ ਅਤੇ ਪ੍ਰੋਟੀਨ ਦੇ ਸਰੋਤ**

*ਫੀਡ ਖਾਣ ਤੋਂ ਬਾਅਦ ਪਸ਼ੂ ਇਸਨੂੰ ਹਜ਼ਮ ਕਰਦਾ ਹੈ ਜਿਸ ਦੌਰਾਨ ਫੀਡ ਵਿਚਲੇ ਖ਼ੁਰਾਕੀ ਤੱਤ ਖ਼ੂਨ ਵਿੱਚ ਸਮਾ ਜਾਂਦੇ ਹਨ। ਜਿਵੇਂ ਕਿ ਮਨੁੱਖੀ ਪਾਚਨ ਕਿਰਿਆ ਵਿੱਚ ਕਿਸੇ ਵਿਅਕਤੀ ਦੀ ਸਿਹਤ ਇਸ ਗੱਲ ਤੇ ਨਿਰਭਰ ਨਹੀਂ ਕਰਦੀ ਕਿ ਉਸਨੇ ਕੁੱਲ ਕਿੰਨਾ ਭੋਜਨ ਖਾਇਆ ਬਲਕਿ ਖਾਧੇ ਹੋਏ ਭੋਜਨ ਦੀ ਹਜ਼ਮ ਹੋਣ ਦੀ ਯੋਗਤਾ ਤੇ ਨਿਰਭਰ ਕਰਦਾ ਹੈ। ਬਿਲਕੁਲ ਅਜਿਹਾ ਕੁਝ ਪਸ਼ੂਆਂ ਵਿੱਚ ਹੈ।*

*ਫੀਡ ਦਾ ਹਜ਼ਮ ਹੋਣ ਵਾਲਾ ਭਾਗ ਪੋਸ਼ਕ ਤੱਤਾਂ ਦਾ ਉਹ ਭਾਗ ਹੁੰਦਾ ਹੈ ਜਿਸਨੂੰ ਪਸ਼ੂ ਅਸਾਨੀ ਨਾਲ ਪਚਾ ਲੈਂਦੇ ਹਨ ਅਤੇ ਮਲ-ਮੂਤਰ ਰਾਹੀਂ ਬਾਹਰ ਨਹੀਂ ਕੱਢਦੇ। ਇਸ ਲਈ ਫੀਡ ਦੇ ਪਚਣ ਯੋਗ ਭਾਗ ਤੋਂ ਹੀ ਪਸ਼ੂਆਂ ਨੂੰ ਖ਼ੁਰਾਕੀ ਤੱਤ ਮਿਲਦੇ ਹਨ ਜੋ ਪਸ਼ੂਆਂ ਦੀ ਸਿਹਤ, ਸਰੀਰਕ ਵਾਧੇ, ਪ੍ਰਜਨਣ ਅਤੇ ਪੈਦਾਵਾਰ ਲਈ ਸਹਾਈ ਹੁੰਦੇ ਹਨ।*

**ਸ਼ਕਤੀ ਦੇ ਪੱਖ ਤੋਂ ਫੀਡ ਦੀ ਗੁਣਵੱਤਾ**

**ਹਜ਼ਮ ਹੋਣ ਵਾਲੇ ਕੁੱਲ ਪੋਸ਼ਕ ਤੱਤਾਂ (TDN) ਦਾ ਸਿਧਾਂਤ :** *ਜਦੋਂ ਅਸੀਂ ਫੀਡ ਵਿੱਚ ਮਿਲਾਏ ਹੋਏ ਕੱਚੇ ਰੇਸ਼ੇ* (CF) *ਹਜ਼ਮ ਹੋਣ ਵਾਲੀ ਕੱਚੀ ਪ੍ਰੋਟੀਨ* (CP), *ਹਜ਼ਮ ਹੋਣ ਵਾਲੇ ਈਥਰ ਅਰਕ* (EE) *ਅਤੇ ਹਜ਼ਮ ਹੋਣ ਵਾਲਾ ਨਾਈਟਰੋਜਨ ਮੁਕਤ ਅਰਕ* (NFE) *ਨੂੰ ਜੋੜਦੇ ਹਾਂ ਤਾਂ ਫੀਡ ਵਿੱਚ ਮੌਜੂਦ ਹਜ਼ਮ ਹੋਣ ਵਾਲੇ ਕੁਲ ਯੋਗਕ ਤੱਤਾਂ* (TDN) *ਦੀ ਮਾਤਰਾ ਨਿਕਲ ਆਉਂਦੀ ਹੈ।*

*ਕਿਸੇ ਫੀਡ ਦੀ ਕੁੱਲ ਹਜ਼ਮ ਹੋਣ ਵਾਲੇ ਪੋਸ਼ਕ ਤੱਤਾਂ ਦੀ ਮਾਤਰਾ* (TDN), *ਉਸ ਫੀਡ ਵਿਚਲੇ ਹਜ਼ਮ ਹੋਣ ਵਾਲੇ ਕੱਚੇ ਰੇਸ਼ੇ* (CF), *ਹਜ਼ਮ ਹੋਣ ਵਾਲੀ ਕੱਚੀ ਪ੍ਰੋਟੀਨ ਪੋਸ਼ਕ* (NFE) *ਦੀ ਮਾਤਰਾ ਨੂੰ ਦਰਸਾਉਂਦਾ ਹੈ। ਹਜਮ ਹੋਣ ਵਾਲੇ ਪੋਸ਼ਕ ਤੱਤਾਂ (*TDN*) ਦੀ ਮਾਤਰਾ ਪ੍ਰਤੀਸ਼ਤ ਦੇ ਰੂਪ ਵਿੱਚ ਪ੍ਰਗਟਾਈ ਜਾਂਦੀ ਹੈ ਅਤੇ ਇਸਦੀ ਮਾਤਰਾ ਕੱਢਣ ਦਾ ਹਜ਼ਮ ਹੋਣ ਵਾਲਾ ਸੂਤਰ ਹੇਠਾਂ ਦਿੱਤਾ ਹੈ।*

(CP), *ਹਜ਼ਮ ਹੋਣ ਯੋਗ ਈਥਰ ਅਰਕ* (EF), *ਅਤੇ ਹਜ਼ਮ ਹੋਣ ਯੋਗ ਨਾਈਟ੍ਰੋਜਨ ਰਹਿਤ ਅਰਕ।*

*ਹਜ਼ਮ ਹੋਣ ਵਾਲੇ ਕੁੱਲ ਤੱਤ %=ਹਜ਼ਮ ਹੋਣ ਵਾਲਾ ਕੱਚਾ ਰੇਸ਼ਾ* (CP), *ਹਜਮ ਹੋਣ ਵਾਲਾ ਈਥਰ ਅਰਕ* EF *(% × 2.25), ਹਜ਼ਮ ਹੋਣ ਵਾਲਾ ਨਾਈਟਰੋਜਨ ਰਹਿਤ ਅਰਕ*

*ਇਸ ਫਾਰਮੂਲੇ ਵਿੱਚ ਹਜ਼ਮ ਹੋਣ ਵਾਲੇ ਈਥਰ ਅਰਕ ਨੂੰ 2.25 ਨਾਲ ਗੁਣਾ ਇਸ ਕਰਕੇ ਕੀਤਾ ਹੈ ਕਿਉਂਕਿ ਕਾਰਬੋਹਾਈਡ੍ਰੇਟ ਜਾਂ ਪ੍ਰੋਟੀਨ ਨਾਲੋਂ ਈਥਰ ਅਰਕ* (Fat) *ਵਿੱਚ ਪ੍ਰਤੀ ਇਕਾਈ ਵਜ਼ਨ ਮਗਰ 2.25 ਗੁਣਾ ਵੱਧ ਸ਼ਕਤੀ ਹੁੰਦੀ ਹੈ।*

*ਕਿਸੇ ਫੀਡ ਦੇ ਖ਼ੁਰਾਕੀ ਤੱਤਾਂ ਦੀ ਮਾਤਰਾ ਨੂੰ ਉਨ੍ਹਾਂ ਦੀ ਪਾਚਨ ਸ਼ਕਤੀ ਯੋਗ ਮਾਤਰਾ ਨਾਲ ਗੁਣਾ ਕਰਕੇ ਅਸੀਂ ਉਸ ਫੀਡ ਵਿਚਲੇ ਉਪਯੋਗੀ ਅਤੇ ਖ਼ੂਨ ਵਿੱਚ ਸਮਾ ਸਕਣ ਯੋਗ ਖ਼ੁਰਾਕੀ ਤੱਤਾਂ ਦਾ ਅਨੁਮਾਨ ਲਾ ਸਕਦੇ ਹਾਂ।*

*ਹਜ਼ਮ ਹੋਣ ਵਾਲੇ ਕੁਲ ਪੋਸ਼ਕ ਤੱਤਾਂ ਦਾ ਸਿਧਾਂਤ* (TDN) *ਕੁਝ ਵੱਖਰਾ ਹੈ ਕਿਉਂਕਿ ਇਹ ਫੀਡ ਤੋਂ ਡੰਗਰ ਨੂੰ ਮਿਲਣ ਵਾਲੀ ਤੁਲਨਾਤਮਕ ਸ਼ਕਤੀ ਦਰਸਾਉਂਦਾ ਹੈ। ਕਿਸੇ ਫੀਡ ਦੇ ਹਜ਼ਮ ਹੋਣ ਵਾਲੇ ਕੁਲ ਪੋਸ਼ਕ ਤੱਤਾਂ* (TDN) *ਦੀ ਮਾਤਰਾ ਜਾਨਣ ਦਾ ਅਸਲ ਮਨਰੋਥ ਇਹ ਹੈ ਕਿ ਸਾਰੇ ਚਾਰੇ ਅਤੇ ਸਭ ਪ੍ਰਕਾਰ ਦੀਆਂ ਖ਼ੁਰਾਕਾਂ/ਦਾਣਿਆਂ ਵਿੱਚ ਪੋਸ਼ਕ ਤੱਤਾਂ ਦੀ ਮਾਤਰਾ ਇੱਕੋ ਜਿਹੀ ਨਹੀਂ ਹੁੰਦੀ। ਕੁਝ ਫੀਡ ਇਹੋ ਜਿਹੀਆਂ ਵੀ ਹੋ ਸਕਦੀਆਂ ਹਨ ਜਿਨ੍ਹਾਂ ਨਾਲ ਜਾਨਵਰ ਦਾ ਪੇਟ ਤਾਂ ਭਰ ਜਾਵੇਗਾ ਪਰ ਚੰਗੀ ਸਿਹਤ ਜਾਂ ਵਾਧੇ ਜਾਂ ਪੈਦਾਵਾਰ ਲਈ ਲੋੜੀਂਦੇ ਖ਼ੁਰਾਕੀ ਤੱਤ ਘੱਟ ਮਾਤਰਾ ਵਿੱਚ ਹੀ ਮਿਲ ਸਕਣਗੇ। ਕੁਝ ਫੀਡ ਉਤਮ ਹਨ ਕਿਉਂਕਿ ਇਨ੍ਹਾਂ ਵਿਚਲੇ ਖ਼ੁਰਾਕੀ ਪੋਸ਼ਕ ਤੱਤ ਵੱਧ ਤੋਂ ਵੱਧ ਮਾਤਰਾ ਵਿੱਚ ਹਜ਼ਮ ਹੋਣ ਉਪਰੰਤ ਖਾਣ ਵਾਲੇ ਡੰਗਰ ਦੇ ਖ਼ੂਨ ਵਿੱਚ ਸਮਾ ਕੇ ਡੰਗਰ ਨੂੰ ਲੁੜੀਂਦੀ ਸ਼ਕਤੀ ਪ੍ਰਦਾਨ ਕਰਦੇ ਹਨ। ਆਮ ਤੌਰ ਤੇ ਅਜਿਹੇ ਚੰਗੇ ਗੁਣਕਾਰੀ ਫੀਡ ਮਹਿੰਗੇ ਹੁੰਦੇ ਹਨ।*

*ਇਕ ਡੰਗਰ ਦੀ ਜ਼ਿੰਦਗੀ ਦੀਆਂ ਅਵਸਥਾਵਾਂ ਅਨੁਸਾਰ ਉਸਦੀਆਂ ਕੁੱਲ ਹਜ਼ਮ ਹੋਣ ਵਾਲੇ ਤੱਤਾਂ ਦੀਆਂ ਲੋੜਾਂ ਬਦਲ ਜਾਂਦੀਆਂ ਹਨ। ਮਿਸਾਲ ਦੇ ਤੌਰ ਤੇ ਦੁੱਧੋਂ ਭੱਜੀਆਂ ਗਾਵਾਂ ਨੂੰ ਤਾਕਤ ਦੀ ਲੋੜ ਲਵੇਰੀਆਂ ਗਾਵਾਂ ਤੋਂ ਕਾਫੀ ਘੱਟ ਹੁੰਦੀ ਹੈ। ਵਲਾਇਤੀ ਅਤੇ ਦੋਗਲੀ ਨਸਲ ਦੀਆਂ ਵਹਿੜਾਂ ਨੂੰ ਦੇਸੀ ਵਹਿੜਾਂ ਨਾਲੋਂ ਕੁੱਲ ਹਜ਼ਮ ਹੋਣ ਵਾਲੇ ਖ਼ੁਰਾਕੀ ਪੋਸ਼ਕ ਤੱਤਾਂ ਦੀ ਵੱਧ ਲੋੜ ਹੁੰਦੀ ਹੈ। ਇਸੇ ਤਰ੍ਹਾਂ ਵੱਡੀ ਗਾਂ ਨਾਲੋਂ ਕੱਟੜੂ/ਵੱਛੜੂ ਨੂੰ ਘੱਟ ਤੱਤਾਂ ਦੀ ਲੋੜ ਪੈਂਦੀ ਹੈ।*

*ਹਜ਼ਮ ਹੋਣ ਵਾਲੇ ਕੁੱਲ ਪੋਸ਼ਕ ਤੱਤਾਂ* (TDN) *ਦੇ ਇਸ ਵਿਸਥਾਰ ਤੋਂ ਤੁਹਾਨੂੰ ਪਸ਼ੂਆਂ ਲਈ ਲੁੜੀਂਦੀ ਖ਼ੁਰਾਕ ਦੀ ਮਾਤਰਾ ਕੱਢਣਾ ਕਾਫ਼ੀ ਗੁੰਝਲਦਾਰ ਤਰੀਕਾ ਜਾਪਦਾ ਹੋਵੇਗਾ। ਪ੍ਰੰਤੂ ਇਸ ਸਿਧਾਂਤ ਦਾ ਲਾਭ ਇਹ ਹੈ ਕਿ ਪਸ਼ੂ ਦੀਆਂ ਵੱਧ ਖ਼ੁਰਾਕੀ ਲੋੜਾਂ ਦੇ ਸਮੇਂ ਉਸਨੂੰ ਚੰਗੀ ਗੁਣਵੱਤਾ ਵਾਲਾ ਚਾਰਾ (ਕੂਲਾ ਪੱਤਿਆਂ ਨਾਲ ਭਰਪੂਰ) ਦਿੱਤਾ ਜਾਵੇ ਤਾਂ ਜੋ ਖ਼ੁਰਾਕ ਤੇ ਘੱਟ ਖਰਚ ਹੋਵੇ ਅਤੇ ਖ਼ੁਰਾਕ ਚੰਗੀ ਵੀ ਹੋਵੇ। ਸ਼ਕਤੀ ਤੋਂ ਬਗੈਰ ਡੰਗਰ ਦੀਆਂ ਹੋਰ ਖ਼ੁਰਾਕੀ ਲੋੜਾਂ ਵੀ ਹੁੰਦੀਆਂ ਹਨ।*

*ਕੁਝ ਹਜ਼ਮ ਹੋਣ ਵਾਲੇ ਪੋਸ਼ਕ ਤੱਤ (TDN) ਪਸ਼ੂਆਂ ਦੀ ਖੁਰਾਕ ਯੋਜਨਾ ਦਾ ਸਿਰਫ਼ ਇੱਕ ਪੱਖ ਹੀ ਹੈ। ਪਰ ਅਰੰਭਕ ਖੁਰਾਕ ਯੋਜਨਾ ਵੱਜੋਂ (TDN) ਕਿਸੇ ਡੇਅਰੀ ਫਾਰਮ ਨੂੰ ਸਫਲਤਾ ਨਾਲ ਚਲਾਉਣ ਵਿੱਚ ਕਾਫੀ ਸਹਾਈ ਹੋ ਸਕਦਾ ਹੈ।*


**ਪਸ਼ੂ ਖੁਰਾਕ ਵਿਚ ਪ੍ਰੋਟੀਨ ਦੀ ਜਾਂਚ ਪਰਖ**

*ਕੱਚੀ ਪ੍ਰੋਟੀਨ (Crudeprotein) ਖੁਰਾਕ ਵਿੱਚ ਕੱਚੀ ਪ੍ਰੋਟੀਨ ਦੀ ਮਾਤਰਾ ਦੀ ਜਾਂਚ ਇਸ ਆਧਾਰ ਤੇ ਕੀਤੀ ਜਾਂਦੀ ਹੈ ਕਿ ਖੁਰਾਕ ਵਿਚਲੀ ਸਾਰੀ ਨਾਈਟ੍ਰੋਜਨ ਵੱਖ-ਵੱਖ ਪ੍ਰਕਾਰ ਦੀਆਂ ਪ੍ਰੋਟੀਨਾਂ ਦੇ ਰੂਪ ਵਿੱਚ ਹੁੰਦੀ ਹੈ ਅਤੇ ਲਗ-ਪਗ 16 ਪ੍ਰਤੀਸ਼ਤ ਨਾਈਟ੍ਰੋਜਨ ਇਨ੍ਹਾਂ ਸਾਰੀਆਂ ਪ੍ਰੋਟੀਨਾਂ ਵਿੱਚ ਹੁੰਦੀ ਹੈ। ਜੁਗਾਲ਼ੀ ਕਰਨ ਵਾਲੇ ਡੰਗਰ (ਗਾਵਾਂ, ਮੱਝਾ, ਬੱਕਰੀਆਂ ਤੇ ਭੇਡ ਆਦਿ) ਪੌਦਿਆਂ ਤੋਂ ਮਿਲਣ ਵਾਲੀ ਲਗ-ਪਗ ਸਾਰੀ ਨਾਈਟਰੋਜਨ ਨੂੰ ਪ੍ਰੋਟੀਨ ਵਿੱਚ ਤਬਦੀਲ ਕਰਨ ਦੇ ਸਮਰੱਥ ਹੁੰਦੇ ਹਨ ਜੋ ਸਰੀਰਕ ਵਾਧੇ ਅਤੇ ਪੈਦਾਵਾਰ ਲਈ ਵਰਤੀ ਜਾਂਦੀ ਹੈ।*

*ਵੱਖ-ਵੱਖ ਤਰ੍ਹਾਂ ਦੀ ਫੀਡ ਅਤੇ ਹਰੇ ਚਾਰੇ ਵਾਲੀਆਂ ਫਸਲਾਂ ਵਿੱਚ ਪਾਈ ਜਾਂਦੀ ਨਮੀਂ, ਕੱਚੀ ਪ੍ਰੋਟੀਨ ਅਤੇ ਹਜ਼ਮ ਹੋਣ ਵਾਲੇ ਕੁੱਲ ਪੋਸ਼ਕ ਤੱਤਾਂ (TDN) ਦੀ ਮਾਤਰਾ % ਸਾਰਣੀ 6.2 ਵਿੱਚ ਦਿੱਤੀ ਜਾਂਦੀ ਹੈ।*

**ਸਾਰਨੀ 6.2 ਫੀਡ/ਵੰਡ ਅਤੇ ਚਾਰਿਆਂ ਦੇ ਔਸਤ ਖੁਰਾਕੀ ਪੋਸ਼ਕ ਤੱਤਾਂ ਦਾ ਵੇਰਵਾ ਤਾਜ਼ੇ ਵਜ਼ਨ ਅਨਸੁਾਰ ਹੈ :**

| ਫੀਜ ਜਾਂ ਵੰਡ | ਨਮੀਂ (%) | ਕੱਚੀ ਪ੍ਰੋਟੀਨ (%) | ਹਜਮ ਹੋਣ ਵਾਲੇ ਕੁੱਲ ਤੱਤ (%) |
|---|---|---|---|
| **ਅਨਾਜ ਅਤੇ ਉਨ੍ਹਾਂ ਦੀਆਂ ਹੋਰ ਵਸਤਾਂ** | | | |
| ਮੱਕੀ | 10.0 | 9.0 | 82.0 |
| ਜੌਂ | 10.0 | 9.5 | 75.0 |
| ਜਵਾਰ | 10.0 | 7.2 | 70(TDN) |
| ਬਾਜਰਾ | 10.0 | 6.6 | 65.0 |
| ਛੋਲੇ | 10.0 | 14.4 | 80.0 |
| ਕਣਕ | 10.0 | 12.8 | 80.0 |
| ਜਵੀਂ | 10.0 | 10.4 | 75.0 |
| ਕਣਕ ਦਾ ਸੂੜਾ | 10.0 | 15.0 | 60.0 |
| ਚੌਲਾਂ ਦਾ ਬੂਰਾਦਾ | 10.0 | 9.6 | 65.0 |
| ਮੂੰਗਫਲੀ ਦੀ ਖਲ | 10.0 | 45.0 | 75.0 |
| ਸਰੋਂ ਦੀ ਖਲ | 10.0 | 36.0 | 74.0 |
| ਵੜੇਵਿਆਂ ਦੀ ਖਲ | 10.0 | 21.6 | 70.0 |
| ਤਿਲਾਂ ਦੀ ਖਲ | 10.0 | 45.6 | 78.0 |
| **ਹਰੇ ਚਾਰੇ** | | | |
| ਬਰਸੀਮ | 85.0 | 2.4 | 13.0 |
| ਜਵਾਰ | 75.0 | 0.7 | 16.0 |
| ਮੱਕੀ | 75.0 | 1.6 | 17.0 |
| ਜਵੀਂ | 75.0 | 1.8 | 17.0 |
| ਬਾਜਰਾ | 75.0 | 1.2 | 15.0 |
| ਦੋਗਲਾ ਨੇਪੀਅਰ | 75.0 | 1.5 | 15.0 |
| **ਸੁਕੇ ਚਾਰੇ** | | | |
| ਤੂੜੀ | 10.0 | 3.0 | 40.0 |
| ਪਰਾਲੀ | 10.0 | 2.0 | 40.0 |
| ਜਵੀਂ ਦੀ ਤੂੜੀ | 10.0 | 7.2 | 55.0 |
| ਮੱਕੀ ਦੀ ਕੜਬ/ਸੁੱਕੇ ਟਾਂਡੇ | 10.0 | 1.8 | 40.0 |
| ਜਵਾਰ ਦੀ ਕੜਬ/ਸੱਕੇ ਟਾਂਡੇ10.0 | 10.0 | 1.2 | 40.0 |
| | | | |



| | | | |
|---|---|---|---|
| ਬਾਜਰੇ ਦੀ ਕੜਬ/ਸੁੱਕੇ ਟਾਂਡੇ | 10.0 | 1.2 | 40.0 |
| ਗੰਨੇ/ਕਮਾਦ ਦੇ ਆਗ | 30.0 | 1.2 | 42.0 |
| **ਸੁੱਕੇ ਘਾਹ** | | | |
| ਸੁਕਾਇਆ ਘਾਹ | 15.0 | 4.5 | 45.0 |
| ਸੁਕਾਇਆ ਬਰਸੀਮ | 10.0 | 15.0 | 60.0 |
| **ਵੱਖ ਵੱਖ ਪ੍ਰਕਾਰ ਦੇ ਸਾਈਲੇਜ** | | | |
| ਮੱਕੀ ਦਾ ਅਚਾਰ/ਬੰਦ ਗੁਦਾਮ ਵਿੱਚ ਰੱਖਿਆ, ਮੱਕੀ ਦਾ ਅਚਾਰ। | 70.0 | 1.2 | 18.0 |
| ਜਵੀਂ ਦਾ ਅਚਾਰ/ਬੰਦ ਗੁਦਾਮ ਵਿੱਚ ਰੱਖਿਆ, ਜਵੀਂ ਦਾ ਅਚਾਰ। | 70.0 | 1.4 | 18.0 |

## ਅਭਿਆਸ

**ਗਤੀ ਵਿਧੀ 1:** *ਫੀਡ ਬਣਾਉਣ ਲਈ ਲੁੜੀਂਦੇ ਵੱਖ ਵੱਖ ਤਰ੍ਹਾਂ ਦੇ ਅਨਾਜ ਅਤੇ ਹਰ ਪੱਠਿਆਂ ਦੀ ਸੂਚੀ ਬਣਾਓ ਅਤੇ ਉਹਨਾਂ ਵਿੱਚ ਨਮੀ ਅਤੇ ਕੱਚੀ ਪ੍ਰੋਟੀਨ ਦੀ ਮਾਤਰਾ ਦਰਸਾਓ*

**ਲੁੜੀਂਦਾ ਸਮਾਨ**

1. ਫੀਡ ਬਣਾਉਣ ਵਾਲੇ ਮੂਲ ਅਨਾਜ/ਹੋਰ ਵਸਤਾਂ
2. ਹਰੇ ਚਾਰੇ/ਪੱਠੇ

**ਤਰਤੀਬ/ਤਰੀਕਾ**

1. ਇਕ ਡੇਅਰੀ ਫਾਰਮ ਤੇ ਜਾਓ।
2. ਡੇਅਰੀ ਫਾਰਮ 'ਤੇ ਉਪਲੱਬਧ ਵੱਖ-ਵੱਖ ਪ੍ਰਕਾਰ ਦੇ ਅਨਾਜ ਅਤੇ ਹਰੇ ਚਾਰੇ ਦੀ ਲਿਸਟ ਬਣਾਓ।
3. ਇਨ੍ਹਾਂ ਸਭ ਵਸਤਾਂ ਦੇ ਪੌਸ਼ਕ ਤੱਤਾਂ ਬਾਰੇ ਲਿਖੋ।

**ਆਪਣੀ ਪ੍ਰਾਪਤੀ ਦੀ ਜਾਂਚ ਕਰੋ।**

**ਬਹੁ-ਵਿਕਲਪੀ ਪ੍ਰਸ਼ਨ :**

1. ਕਿਸ ਮੰਤਵ/ਕੰਮ ਲਈ ਡੰਗਰਾਂ ਨੂੰ ਖੁਰਾਕ ਦੇਣੀ ਪੈਂਦੀ ਹੈ?
   ੳ) ਸਾਂਭ ਸੰਭਾਲ ਲਈ    ਅ) ਸਰੀਰਕ ਵਾਧੇ ਲਈ
   ੲ) ਦੁੱਧ ਪੈਦਾ ਕਰਨ ਲਈ    ਸ) ਉਪਰੋਕਤ ਸਾਰਿਆਂ ਲਈ
2. ਨਿਮਨਲਿਖਤ ਵਿੱਚੋਂ ਕਿਹੜਾ ਕੱਚੀ ਪ੍ਰੋਟੀਨ ਨਹੀਂ ਹੈ?
   ੳ) ਸ਼ੁੱਧ ਪ੍ਰੋਟੀਨ    ਅ) ਗੈਰ-ਪ੍ਰੋਟੀਨ ਨਾਈਟਰੋਜਨ ਪਦਾਰਥ
   ੲ) ਐਮੀਨੋ ਤੇਜ਼ਾਬ    ਸ) ਲਿਗਨਿਨ
3. ਹੇਠ ਲਿਖਿਆਂ ਵਿੱਚ ਕਿਹੜਾ ਪਸ਼ੂ ਖੁਰਾਕ ਨਿਯਮ ਨਾਲ ਸੰਬੰਧਿਤ ਨਹੀਂ ਹੈ?
   ੳ) ਐਨ. ਆਰ. ਸੀ. NRC    ਅ) ੲ.ਆਰ.ਸੀ ARC
   ੲ) ਆਈ.ਸੀ.ੲ.ਆਰ ICAR    ਸ) ਆਈ.ਸੀ. ਐਮ.ਆਰ ICMR
4. ਹਜ਼ਮ ਹੋਣ ਵਾਲੇ ਕੁੱਲ ਪੌਸ਼ਕ ਤੱਤਾਂ (TDN) ਦੀ ਜਾਂਚ ਤੋਲ ਵਿੱਚ ਹੇਠ ਲਿਖਿਆਂ ਵਿੱਚੋਂ ਕਿਸ ਸ਼ਾਮਲ ਨਹੀਂ ਕੀਤਾ ਜਾਂਦਾ?
   ੳ) ਕੱਚਾ ਰੇਸ਼ਾ    ਅ) ਈਥਰ ਅਰਕ
   ੲ) ਖਨਿਜ ਪਦਾਰਥ    ਸ) ਕੱਚੀ ਪ੍ਰੋਟੀਨ
5. ਹੇਠ ਲਿਖਿਆਂ ਵਿੱਚੋਂ ਕਿਹੜਾ ਕਥਨ ਚੰਗੀ ਖ਼ੁਰਾਕ/ਫੀਡ ਨਾਲ ਸੰਬੰਧਤ ਨਹੀਂ ਹੈ।
   ੳ) ਫਲਾਵਟੀ    ਅ) ਸਾਫ਼-ਸੁਥਰੀ ਅਤੇ ਤਾਜ਼ੀ
   ੲ) ਪ੍ਰੋਟੀਨ ਭਰਪੂਰ    ਸ) ਜ਼ਹਿਰੀਲੇ ਤੱਤਾਂ ਤੋਂ ਰਹਿਤ

**(ਅ) ਖਾਲੀ ਥਾਂ ਭਰੋ :**

ੳ) ਪਸ਼ੂ ਪਾਲਨ ਵਿੱਚ .............% ਖਰਚਾ ਪਸ਼ੂਆਂ ਦੀ ਖ਼ੁਰਾਕ ਤੇ ਹੋ ਜਾਂਦਾ ਹੈ।

ਅ) ਤੂੜੀ ਵਿੱਚ ਲਗਭਗ ..............% ਸੁੱਕਾ ਪਦਾਰਥ ਹੁੰਦਾ ਹੈ।

ੲ) ਹਜ਼ਮ ਹੋਣ ਵਾਲੇ ਕੁੱਲ ਪੌਸ਼ਕ ਤੱਤਾਂ (TDN) ਦੀ ਜਾਂਚ ਪਦਾਰਥ ਕਰਨ ਲਈ ਈਥਰ ਅਰਕ ਨੂੰ............ ਨਾਲ ਗੁਣਾ ਕੀਤਾ ਜਾਂਦਾ ਹੈ।



ਸ) ਈਥਰ ਅਰਕ (ਚਿਕਨਾਈ) ਦੇ ਪ੍ਰਤੀ ਯੂਨਿਟ ਵਜ਼ਨ ਵਿੱਚ ਕਾਰਬੋਹਾਈਡ੍ਰੇਟ ਅਤੇ ਪ੍ਰੋਟੀਨ ਨਾਲੋਂ ਵਜ਼ਨ ਦੇ ਉਸੇ ਯੂਨਿਟ ਵਜ਼ਨ ਦੇ ਹਿਸਾਬ ਨਾਲ................ ਗੁਣਾ ਵਧੇਰੇ ਸ਼ਕਤੀ ਹੁੰਦੀ ਹੈ।

ਹ) ਕੱਚੀ ਪ੍ਰੋਟੀਨ ਦੀ ਜਾਂਚ ਇਸ ਅਧਾਰ ਤੇ ਕੀਤੀ ਜਾਂਦੀ ਹੈ ਕਿ ਸਾਰੀਆਂ ਪ੍ਰੋਟੀਨਾਂ ਵਿੱਚ ..............ਪ੍ਰਤੀਸ਼ਤ ਨਾਈਟ੍ਰੋਜਨ ਹੁੰਦੀ ਹੈ।

**(ੲ) ਸਹੀ ਜਾਂ ਗਲਤ ਦੱਸੋ**

ੳ) ਕਿਸੇ ਪਸ਼ੂ ਲਈ ਹਜ਼ਮ ਹੋਣ ਵਾਲੇ ਪੋਸ਼ਕ ਤੱਤਾਂ ਦੀ ਲੋੜ ਉਸਦੀ ਜ਼ਿੰਦਗੀ ਦੀਆਂ ਅਵਸਥਾਵਾਂ ਅਨੁਸਾਰ ਬਦਲ ਜਾਂਦੀ ਹੈ।

ਅ) ਸਾਈਲੇਜ ਨੂੰ ਇੱਕ ਪ੍ਰਕਾਰ ਦੀ ਮਿਸ਼ਰਿਤ ਫੀਡ ਜਾਂ ਵੰਡ ਸਮਝਿਆ ਜਾਂਦਾ ਹੈ।

ੲ) ਇੱਕ ਚੰਗੀ ਪਸ਼ੂ-ਖੁਰਾਕ ਵਿੱਚ ਕਾਰਬੋਹਾਈਡ੍ਰੇਟ ਦੀ ਵੱਧ ਮਾਤਰਾ ਹੁੰਦੀ ਹੈ।

ਸ) ਮਿਸ਼ਰਿਤ ਫੀਡ ਜਾਂ ਵੰਡ ਸੁੱਕੇ ਚਾਰੇ ਤੋਂ ਮਹਿੰਗੀ ਹੁੰਦੀ ਹੈ।

ਹ) ਫੀਡ ਵਿਚਲੇ ਅਜੈਵਿਕ ਪਦਾਰਥਾਂ ਨੂੰ ਖਣਿਜ ਪਦਾਰਥ ਕਿਹਾ ਜਾਂਦਾ ਹੈ।

**(ਸ) ਢੁਕਵੇਂ ਕਾਲਮ ਮਿਲਾਓ**

| ਕਾਲਮ ੳ | ਅ ਕਾਲਮ ਵਿੱਚੋਂ ਚੁਣ ਕੇ ਲਿਖੋ | ਕਾਲਮ 'ਅ' |
|---|---|---|
| 1. ਈਥਰ ਅਰਕ EF | | ਐਮੀਨੋ ਤੇਜ਼ਾਬ |
| 2. ਕੱਚਾ ਰੇਸ਼ਾ CF | | ਹੈਮੀਸੈਲਯੂਲੋਸਿਜ਼ |
| 3. ਸੁਆਹ ASH | | ਚਿਕਨਾਈ/ਚਰਬੀ |
| 4. ਕੱਚੀ ਪ੍ਰੋਟੀਨ CP | | ਸੈਲਯੂਲੋਸ |
| 5. ਨਾਈਟ੍ਰੋਜਨ ਮੁਕਤ ਅਰਕ NEF | | ਖਣਿਜ |

**ਹ) ਹੇਠਲੀ ਸਾਰਨੀ ਵਿੱਚ ਢੁੱਕਵੇਂ ਸ਼ਬਦ ਖਾਲੀ ਥਾਂ ਤੇ ਲਿਖੋ**

| | | | | |
|---|---|---|---|---|
| 4 ਮੱ | | ਲਿ 2 | ਬ 3 | |
| | 1 ਸ | | | |
| | | | ਸੀ | |
| | | | | |
| | ਜ | 5 ਜੂ | | |

**ਇਕ ਕਾਲਮ ਤੋਂ ਦੂਸਰੇ ਕਾਲਮ ਵੱਲ**

4. ਫੀਡ ਬਣਾਉਣ ਲਈ ਅਕਸਰ ਵਰਤਿਆ ਜਾਂਦਾ ਅਨਾਜ
5. ਗਰਮੀ ਦੀ ਰੁੱਤ ਵਿੱਚ ਹਰੇ ਚਾਰੇ ਦੀ ਇਕ ਫਸਲ


**ਉਪਰੋਂ ਹੇਠਾਂ ਉਸੇ ਕਾਲਮ ਵਿੱਚ**

1. ਹਰੇ ਚਾਰੇ ਨੂੰ ਸਟੋਰ ਕਰਕੇ ਰੱਖਣ ਦੀ ਵਿਧੀ
2. ਕੱਚੇ ਰੇਸ਼ੇ ਦਾ ਮੁੱਖ ਭਾਗ
3. ਸਰਦੀ ਦੀ ਰੁੱਤ ਵਿੱਚ ਪ੍ਰਚੱਲਿਤ ਹਰਾ ਚਾਰਾ



## ਸੈਸ਼ਨ 2 : ਡੇਅਰੀ ਪਸ਼ੂਆਂ ਨੂੰ ਖੁਰਾਕ ਖੁਆਉਣਾ

*ਡੇਅਰੀ ਵਾਲੇ ਪਸ਼ੂਆਂ ਨੂੰ ਮੁੱਖ ਤੌਰ ਦੇ ਦੋ ਪ੍ਰਕਾਰ ਦੀ ਖੁਰਾਕ ਦਿੱਤੀ ਜਾਂਦੀ ਹੈ। ਮਿਸ਼ਰਿਤ ਫੀਡ ਜਾਂ ਵੰਡ ਅਤੇ ਪੱਠੇ (ਚਾਰਟ 6.5) ਪੱਠੇ ਜਾਂ ਚਾਰਾ ਦੋ ਪ੍ਰਕਾਰ ਦੇ ਹੋ ਸਕਦੇ ਹਨ: ਹਰਾ ਚਾਰਾ ਅਤੇ ਸੁੱਕਾ ਚਾਰਾ। ਪਸ਼ੂਆਂ ਨੂੰ ਜੇਕਰ ਹਰਾ ਚਾਰਾ ਖੁਆਇਆ ਜਾਵੇ ਤਾਂ ਬਹੁਤ ਲਾਭਕਾਰੀ ਹੁੰਦਾ ਹੈ। ਚੰਗੀ ਕਿਸਮ ਦੇ ਹਰੇ ਚਾਰੇ ਖੁਰਾਕੀ ਪੋਸ਼ਕ ਤੱਤਾਂ ਦੇ ਲਿਹਾਜ਼ ਨਾਲ ਫੀਡ/ਵੰਡ ਦੇ ਬਰਾਬਰ ਤਾਕਤਵਰ ਹੁੰਦੇ ਹਨ। ਕੁੱਝ ਹੱਦ ਤੱਕ ਮਿਸ਼ਰਿਤ ਫੀਡ ਨੂੰ ਘਟਾ ਕੇ ਹਰੇ ਪੱਠਿਆਂ ਦੀ ਵਰਤੋਂ ਨਾਲ ਪੂਰਾ ਕੀਤਾ ਜਾ ਸਕਦਾ ਹੈ।*




**ਚਾਰਟ 6.5 ਖੁਰਾਕ ਦਾ ਮੋਟੇ ਤੌਰ ਤੇ ਸ਼੍ਰੇਣੀਕਰਨ**

*ਚੰਗੀ ਸਿਹਤ, ਸਰੀਰਿਕ ਵਾਧੇ, ਦੁੱਧ ਪੈਦਾ ਕਰਨ, ਪ੍ਰਜਨਣ ਅਤੇ ਕੰਮ ਕਰਨ ਲਈ ਪਸ਼ੂਆਂ ਨੂੰ ਚੰਗੀ ਖੁਰਾਕ ਦੇਣੀ ਬਹੁਤ ਜ਼ਰੂਰੀ ਹੈ। ਪਸ਼ੂਆਂ ਨੂੰ ਖੁਰਾਕ ਖੁਆਉਣ ਦੇ ਮੁੱਖ ਮੰਤਵ ਚਾਰਟ 6.6 ਵਿੱਚ ਦਰਸਾਏ ਜਾਂਦੇ ਹਨ।*

**ਖੁਰਾਕ ਦੀ ਲੋੜ ਹੈ**

- *ਸਰੀਰ ਕਾਇਮ ਰੱਖਣ ਲਈ* — *ਪਸ਼ੂਆਂ ਨੂੰ ਆਪਣਾ ਸਰੀਰ ਕਾਇਮ ਰੱਖਣ ਅਤੇ ਸਰੀਰਿਕ ਕਿਰਿਆਂਵਾਂ ਨੂੰ ਚਲਾਉਣ ਲਈ ਖੁਰਾਕੀ ਪੋਸ਼ਕ ਤੱਤਾਂ ਦੀ ਲੋੜ ਹੈ।*
- *ਸਰੀਰਕ ਵਾਧੇ ਲਈ* — *ਪਸ਼ੂਆਂ ਦੇ ਸਰੀਰਿਕ ਵਾਧੇ ਅਤੇ ਭਾਰ ਵਧਾਉਣ ਲਈ ਖੁਰਾਕੀ ਪੋਸ਼ਕ ਤੱਤਾਂ ਦੀ ਲੋੜ ਹੁੰਦੀ ਹੈ। ਜੇਕਰ ਪਸ਼ੂ 3 ਸਾਲ ਜਾਂ ਘੱਟ ਉਮਰ ਦਾ ਹੈ ਤਾਂ ਸਰੀਰਿਕ ਵਾਧੇ ਲਈ, ਸਰੀਰ ਕਾਇਮ ਰੱਖਣ ਲਈ ਲੁੜੀਂਦੀ ਖੁਰਾਕ ਤੋਂ 20 ਪ੍ਰਤੀਸ਼ਤ ਵੱਧ ਖੁਰਾਕ ਦੀ ਲੋੜ ਪੈਂਦੀ ਹੈ। ਤਿੰਨ ਸਾਲ ਤੋਂ ਵੱਡੇ ਅਤੇ ਚਾਰ ਸਾਲ ਤੋਂ ਘੱਟ ਉਮਰ ਦੇ ਡੰਗਰ ਲਈ 10% ਵੱਧ ਅਤੇ ਚਾਰ ਸਾਲ ਤੋਂ ਉਪਰ ਡੰਗਰ ਲਈ ਸਧਾਰਨ ਖੁਰਾਕ ਜੋ ਸਰੀਰ ਕਾਇਮ ਰੱਖਣ ਲਈ ਚਾਹੀਦੀ ਹੈ ਉਨੀਂ ਹੀ ਕਾਫ਼ੀ ਹੁੰਦੀ ਹੈ।*
- *ਦੁੱਧ ਚੁੰਘਾਉਣਾ* — *ਦੁੱਧ ਪੈਦਾ ਕਰਨ ਲਈ ਲਵੇਰੇ ਡੰਗਰ ਲਈ ਵਧੇਰੇ ਖੁਰਾਕੀ ਪੋਸ਼ਕ ਤੱਤਾਂ ਦੀ ਲੋੜ ਪੈਂਦੀ ਹੈ। ਖੁਰਾਕੀ ਪੋਸ਼ਕ ਤੱਤਾਂ ਦੀ ਲੁੜੀਂਦੀ ਮਿਕਦਾਰ ਦੁੱਧ ਦੀ ਪੈਦਾਵਾਰ ਅਤੇ ਦੁੱਧ ਦੀ ਬਣਤਰ ਤੇ ਨਿਰਭਰ ਹੁੰਦੀ ਹੈ।*

**ਚਾਰਟ 6.6 ਪਸ਼ੂਆਂ ਨੂੰ ਖੁਰਾਕ ਖੁਆਉਣ ਦੇ ਮੰਤਵ**

**ਪ੍ਰਜਨਣ ਲਈ**

ਜੇਕਰ ਮਾਦਾ ਗੱਭਣ ਹੋਵੇ ਤਾਂ ਉਸ ਦੇ ਪੇਟ ਵਿੱਚ ਪਲ਼ ਰਹੇ ਕੱਟੜੂ/ਵੱਛੜੂ ਦੇ ਵਾਧੇ ਲਈ ਵੱਧ ਖੁਰਾਕੀ ਪੌਸ਼ਕ ਤੱਤਾਂ ਦੀ ਲੋੜ ਪੈਂਦੀ ਹੈ। ਗਰਭ ਅਵਸਥਾ ਦੇ ਆਖ਼ਰੀ ਤਿੰਨ ਮਹੀਨਿਆਂ ਦੌਰਾਨ ਜਦ ਕੱਟੜੂ/ਵੱਛੜੂ ਦਾ ਅਤੇ ਜੇਰ ਦਾ ਵਾਧਾ ਤੇਜ਼ੀ ਨਾਲ ਹੁੰਦਾ ਹੈ, ਵਧੇਰੇ ਖੁਰਾਕੀ ਪੌਸ਼ਕ ਤੱਤਾਂ ਦੀ ਖਾਸ ਤੌਰ ਤੇ ਲੋੜ ਪੈਂਦੀ ਹੈ।

**ਕੰਮ ਕਰਨ ਲਈ**

ਨਰ ਡੰਗਰ ਢੋਆ ਢੁਆਈ ਅਤੇ ਖੇਤੀ ਦੇ ਕੰਮ ਕਰਨ ਲਈ ਵੱਡੇ ਪੈਮਾਨੇ ਤੇ ਵਰਤੇ ਜਾਂਦੇ ਹਨ। ਅਜਿਹੇ ਡੰਗਰਾਂ ਨੂੰ ਕੰਮ (ਭਾਰਾ ਜਾਂ ਹਲਕਾ) ਅਤੇ ਕੰਮ ਦੇ ਇਹਨਾਂ ਪਸ਼ੂਆਂ ਨੂੰ ਭਾਰੀ ਕੰਮ ਕਰਨੇ ਲਈ ਵਧੇਰੇ ਖੁਰਾਕੀ ਪੌਸ਼ਕ ਤੱਤਾਂ ਦੀ ਲੋੜ ਹੁੰਦੀ ਹੈ ਅਤੇ ਕੰਮ ਦੇ ਸਮੇਂ ਅਨੁਸਾਰ ਵੱਧ ਖੁਰਾਕ ਦੀ ਲੋੜ ਪੈਂਦੀ ਹੈ।

**1. ਪਸ਼ੂਆਂ ਦੀਆਂ ਖੁਰਾਕੀ ਜ਼ਰੂਰਤਾਂ ਦਾ ਅਨੁਮਾਨ ਲਾਉਣ ਲਈ ਸਧਾਰਨ ਤਰੀਕੇ**

ਗਾਵਾਂ ਮੱਝਾਂ ਲਈ ਹੇਠ ਲਿਖੇ ਦੋ ਨਿਯਮਾਂ ਅਨੁਸਾਰ ਲੋੜੀਂਦੀ ਖੁਰਾਕ ਦਾ ਅਨੁਮਾਨ ਲਾਇਆ ਜਾ ਸਕਦਾ ਹੈ।

**ੳ) ਸੁੱਕੇ ਪਦਾਰਥ ਦੇ ਅਧਾਰ ਤੇ ਸਰੀਰ ਕਾਇਮ ਰੱਖਣ ਲਈ ਪਸ਼ੂਆਂ ਦੀਆਂ ਖੁਰਾਕੀ ਲੋੜਾਂ ਦਾ ਅਨੁਮਾਨ :**

ਸਭ ਖੁਰਾਕੀ ਵਸਤਾਂ ਵਿੱਚ ਕੁਝ ਨਮੀ ਜ਼ਰੂਰ ਹੁੰਦੀ ਹੈ। ਜੇਕਰ ਇਸ ਨਮੀ ਨੂੰ ਖਤਮ ਕਰ ਦਿੱਤਾ ਜਾਵੇ ਤਾਂ ਬਾਕੀ ਬਚੀ ਸਮੱਗਰੀ ਨੂੰ ਸੁੱਕਾ ਪਦਾਰਥ ਕਿਹਾ ਜਾਂਦਾ ਹੈ। ਪਸ਼ੂ ਦੁਆਰਾ ਪ੍ਰਤੀ ਦਿਨ ਵੰਡ ਫੀਡ ਵਿੱਚੋਂ ਨਮੀ ਘਟਾਉਣ ਉਪੰਰਤ, ਬਾਕੀ ਬਚੀ ਮਾਤਰਾ ਸੁੱਕੇ ਪਦਾਰਥ ਦੀ ਪ੍ਰਤੀ ਦਿਨ ਖਪਤ ਕਹਿਲਾਉਂਦੀ ਹੈ।

ਰੋਜ਼ ਦੀਆਂ ਸਰੀਰਿਕ ਕਿਰਿਆਵਾਂ ਅਤੇ ਦੁੱਧ ਪੈਦਾ ਕਰਨ ਲਈ ਡੰਗਰ ਨੂੰ ਰੁਜ਼ਾਨਾ ਸੁੱਕੇ ਪਦਾਰਥ ਦੀ ਇੱਕ ਖਾਸ ਮਾਤਰਾ ਖਾਣੀ ਪੈਂਦੀ ਹੈ। ਦੇਸੀ ਨਸਲਾਂ ਦੇ ਪਸ਼ੂਆਂ ਲਈ ਸੁੱਕੇ ਪਦਾਰਥ ਦੀ ਰੁਜ਼ਾਨਾ ਲੁੜੀਂਦੀ ਮਾਤਰਾ ਉਨ੍ਹਾਂ ਦੇ ਸਰੀਰਿਕ ਵਜ਼ਨ ਦਾ 2.0-2.5 ਪ੍ਰਤੀਸ਼ਤ ਹੁੰਦੀ ਹੈ। ਦੋਗਲੀ ਨਸਲ ਦੀਆਂ ਗਾਵਾਂ ਅਤੇ ਮੱਝਾਂ ਲਈ ਸੁੱਕੇ ਪਦਾਰਥਾਂ ਦੀ ਰੁਜ਼ਾਨਾ ਲੋੜ ਵਧੇਰੇ ਹੁੰਦੀ ਹੈ ਜੋ ਉਨ੍ਹਾਂ ਦੇ ਸਰੀਰਿਕ ਵਜ਼ਨ ਦਾ 2.5 ਤੋਂ 3.0 ਪ੍ਰਤੀਸ਼ਤ ਹੋ ਸਕਦੀ ਹੈ।

ਪਸ਼ੂਆਂ ਲਈ ਲੁੜੀਂਦੀ ਖੁਰਾਕ ਦਾ ਅਨੁਮਾਨ ਲਾਉਣ ਦਾ ਇੱਕ ਤਰੀਕਾ ਹੋਰ ਵੀ ਹੈ ਜਿਸਦੇ ਅਨੁਸਾਰ ਬਹੁਤ ਸਾਰੇ ਪਸ਼ੂ ਪਾਲਕ ਡੰਗਰਾਂ ਨੂੰ ਖ਼ੁਰਾਕ ਦਿੰਦੇ ਹਨ। ਇਸ ਤਰੀਕੇ ਅਨੁਸਾਰ ਡੰਗਰ ਲਈ ਰੁਜ਼ਾਨਾ ਲੁੜੀਂਦੇ ਸੁੱਕੇ ਪਦਾਰਥ ਦੀ ਇਕ-ਤਿਹਾਈ ਪੂਰਤੀ ਵੰਡ ਜਾਂ ਮਿਸ਼ਰਿਤ ਫ਼ੀਡ ਤੋਂ ਘੱਟ ਦੋ-ਤਿਹਾਈ ਪੂਰਤੀ ਹਰੇ ਪੱਠਿਆਂ/ਤੂੜੀ ਆਦਿ ਤੋਂ ਕੀਤੀ ਜਾਂਦੀ ਹੈ। ਫਲ਼ੀਦਾਰ ਹਰੇ ਚਾਰੇ ਸਦਕਾ ਸੁੱਕੇ ਚਾਰਿਆਂ (ਤੂੜੀ/ਪਰਾਲੀ) ਦੀ ਖਪਤ ਵਿੱਚ ਚੌਖਾ ਵਾਧਾ ਹੋ ਜਾਂਦਾ ਹੈ ਜਿਵੇਂ ਹੇਠ ਦਰਸਾਇਆ ਗਿਆ ਹੈ।

ਸੁੱਕੇ ਪਦਾਰਥ ਦੀ ਕੁੱਲ ਲੋੜ

**Total DM required**

ਸੁੱਕੇ ਪਦਾਰਥ ਦੀ ਕੁੱਲ ਲੋੜ

1/3rd concentrate → 1/3 ਹਿੱਸਾ ਫੀਡ ਜਾਂ ਵੰਡ ਤੋਂ ਮਿਸ਼ਰਿਤ

2/3rd roughage → 2/3 ਹਿੱਸਾ ਹਰੇ ਚਾਰੇ/ਸੁੱਕੇ ਚਾਰੇ ਤੋਂ

(1/3 ਹਿੱਸਾ ਫੀਡ ਜਾਂ ਵੰਡ ਤੋਂ ਮਿਸ਼ਰਿਤ) (2/3 ਹਿੱਸਾ ਹਰੇ ਚਾਰੇ/ਸੁੱਕੇ ਚਾਰੇ ਤੋਂ)

ਜੇਕਰ ਗੈਰ ਫਲ਼ੀਦਾਰ ਹਰੇ ਚਾਰੇ ਉਪਲੱਬਧ ਹੋਣ ⟶ 1/3 ਹਿੱਸਾ ਹਰੇ ਪੱਠੇ 2/3 ਹਿੱਸਾ ਸੁੱਕਾ ਚਾਰਾ

ਜੇਕਰ ਫਲ਼ੀਦਾਰ ਹਰੇ ਚਾਰੇ ਹੋਣ 1/4 ਹਿੱਸਾ ਹਰੇ ਪੱਠੇ 3/4 ਹਿੱਸਾ ਸੁੱਕਾ ਚਾਰਾ

**(ਅ) ਪੈਦਾਵਾਰੀ ਅਵਸਥਾ ਅਨੁਸਾਰ ਪਸ਼ੂਆਂ ਲਈ ਲੋੜੀਂਦੀ ਖੁਰਾਕ ਦਾ ਅਨੁਮਾਨ ਲਾਉਣਾ**

*ਡੰਗਰਾਂ ਦੀ ਪੈਦਾਵਾਰੀ ਅਵਸਥਾ ਨੂੰ ਧਿਆਨ ਵਿੱਚ ਰੱਖਦੇ ਹੋਏ ਲੁੜੀਂਦੀ ਖੁਰਾਕ ਦਾ ਅਨੁਮਾਨ ਲਾਉਣ ਲਈ ਅਤੇ ਪਸ਼ੂਆਂ ਦੀਆਂ ਖੁਰਾਕੀ ਪੋਸ਼ਕ ਤੱਤਾਂ ਦੀਆਂ ਲੋੜਾਂ ਦੀ ਪੂਰਤੀ ਲਈ ਇੱਕ ਹੋਰ ਕਾਰਗਰ ਤਰੀਕਾ ਸਾਰਨੀ 6.3 ਵਿੱਚ ਦਿੱਤਾ ਗਿਆ ਹੈ ਜਿਸ ਤੋਂ ਡੇਅਰੀ ਫਾਰਮਰ ਸੇਧ ਲੈ ਸਕਦੇ ਹਨ।*

*ਸਾਰਨੀ 6.3: ਡੰਗਰਾਂ ਦੀ ਪੈਦਾਵਾਰੀ ਅਵਸਥਾ ਅਨੁਸਾਰ ਸੁਕੇ ਚਾਰੇ ਅਤੇ ਗਾੜੀ ਫੀਡ ਦੀ ਜ਼ਰੂਰਤ*

*ਪਸ਼ੂ ਦੀ ਪੈਦਾਵਾਰ ਦੀ ਅਵਸਥਾ*

| ਪਸ਼ੂ ਦੀ ਸ਼੍ਰੇਣੀ | ਸਰੀਰਕ ਸਾਂਭ ਸੰਭਾਲ ਲਈ | | ਦੁੱਧ ਦੀ ਪੈਦਾਵਾਰ ਲਈ | 5 ਮਹੀਨੇ ਤੋਂ ਵੱਧ ਗੱਭਣ ਪਸ਼ੂ ਲਈ | ਸਰੀਰਕ ਵਾਧੇ ਲਈ |
|---|---|---|---|---|---|
| ਸੁੱਕਾ ਚਾਰਾ (ਕਿਲੋ) | ਵੰਡ ਜਾਂ ਫੀਡ (ਕਿਲੋ) | ਵੰਡ ਜਾਂ ਫੀਡ | ਵੰਡ ਜਾਂ ਫੀਡ (ਕਿੱਲੋ) | ਵੰਡਾ ਜਾਂ ਫੀਡ (ਕਿੱਲੋ) | |
| ਦੇਸੀ ਗਾਵਾਂ | 4-5 | 1.25 | 0.4 ਕਿਲੋ/ਦੁੱਧ ਦਾ ਲਿਟਰ | 1.25 | 1.00 |
| ਦੋਗਲੀਆਂ ਗਾਵਾਂ | 4-6 | 2.00 | 0.4 ਕਿਲੋ ਪ੍ਰਤੀ ਲਿਟਰ ਦੁੱਧ | 1.75 | 1.00 |
| ਮੱਝਾਂ | 4-6 | 2.00 | 0.5 ਕਿਲੋ ਪ੍ਰਤੀ ਲਿੱਟਰ ਦੁੱਧ | 1.75 | 1.00 |
| ਸਾਨ੍ਹ | ਜਿੰਨਾਂ ਖਾ ਸਕੇ ਜਾਂ ਰੱਜਵਾਂ | 2.50 | —— | —— | —— |
| ਬਲਦ (ਜੋ ਰੋਜ਼ 4 ਘੰਟੇ ਤੋਂ ਵੱਧ ਕੰਮ ਕਰਦੇ ਹਨ) | ਪਸ਼ੂ ਦੀ ਇੱਛਾ ਮੁਤਾਬਕ ਰੱਜਵਾਂ | 3.00 | —— | —— | —— |

*ਖੁਰਾਕੀ ਲੋੜਾਂ ਦੀ ਪੂਰਤੀ ਲਈ ਉਪਰਲੀ ਸ਼੍ਰੇਣੀ ਵਿੱਚ ਦੱਸੇ ਰਾਸ਼ਨ ਤੋਂ ਇਲਾਵਾ 15-20 ਕਿਲੋ ਹਰਾ ਚਾਰਾ ਹਰ ਰੋਜ਼ ਪਸ਼ੂ ਨੂੰ ਪਾਉਣਾ ਜ਼ਰੂਰੀ ਹੈ ਤਾਂ ਕਿ ਪੋਸ਼ਕ ਤੱਤਾਂ ਦੀ ਕੁੱਲ ਲੋੜ ਦੀ ਪੂਰਤੀ ਹੋ ਸਕੇ।*

**2) ਵਿਗਿਆਨਕ ਪੈਮਾਨੇ ਦੇ ਆਧਾਰ ਤੇ ਖ਼ੁਰਾਕੀ ਜ਼ਰੂਰਤਾਂ ਦਾ ਅਨੁਮਾਨ**

*ਇਹ ਮਿਆਰ ਜਾਂ ਪੈਮਾਨੇ ਪਸ਼ੂ ਨੂੰ ਚੰਗੀ ਸਿਹਤ ਅਤੇ ਪੈਦਾਵਾਰ ਲਈ ਲੋੜੀਂਦੇ ਸਾਰੇ ਖੁਰਾਕੀ ਪੋਸ਼ਕ ਤੱਤਾਂ ਦੀ ਸਹੀ ਮਿਕਦਾਰ ਬਾਰੇ ਵਰਣਨ ਕਰਦੇ ਹਨ। ਇਹ ਪੈਮਾਨੇ ਮਾਪਣ ਦੀ ਮੁੱਖ ਕਸੌਟੀ ਪਸ਼ੂ ਦਾ ਸਰੀਰਿਕ ਭਾਰ ਹੈ। ਇਸ ਤੋਂ ਇਲਾਵਾ ਪ੍ਰਤੀਲਿਟਰ ਦੁੱਧ ਮਗਰ ਪਸ਼ੂ ਨੂੰ ਲੁੜੀਂਦੀ ਫੀਡ ਦੇਣ ਬਾਰੇ ਵੀ ਆਕੜੇ ਦਿੱਤੇ ਗਏ ਹਨ। ਖ਼ੁਰਾਕ ਦੇਣ ਸੰਬੰਧੀ ਇਹ ਮਿਆਰੀ ਪੈਮਾਨੇ ਬਹੁਤ ਸਾਰੇ ਤਜ਼ਰਬੇ ਕਰਨ ਉਪਰੰਤ ਵਿਕਸਿਤ ਕੀਤੇ ਗਏ ਹਨ। ਅਜਿਹੇ ਮਿਆਰਾਂ ਵਿੱਚ ਸਮੇਂ-ਸਮੇਂ ਤੇ ਲੋੜ ਅਨੁਸਾਰ ਤਬਦੀਲੀ ਵੀ ਕੀਤੀ ਜਾਂਦੀ ਹੈ ਅਤੇ ਸਾਰਣੀ ਦੇ ਰੂਪ ਵਿੱਚ ਲੁੜੀਂਦੇ ਖੁਰਾਕੀ ਪੋਸ਼ਕ ਤੱਤਾਂ ਦਾ ਵਿਵਰਨ ਹੁੰਦਾ ਹੈ।*

*ਪਸ਼ੂ ਖੁਰਾਕ ਸੰਬੰਧੀ ਕੁੱਝ ਪ੍ਰਚੱਲਤ ਪੈਮਾਨੇ ਅਮਰੀਕਾ ਦੀ ਸੰਸਥਾ ਐਨ.ਆਰ. ਸੀ* (National Research Council) *ਵੱਲੋਂ, ਬ੍ਰਿਟਿਸ਼ ਸੰਸਥਾ ਏ.ਆਰ. ਸੀ* (Agricultural Research Council) *ਅਤੇ ਭਾਰਤ ਦੀ ਆਈ.ਸੀ.ਏ.ਆਰ* (Indian Council of Agricultural Research) *ਸੰਸਥਾ ਵੱਲੋਂ ਦਿੱਤੇ ਗਏ ਹਨ।*

**3) ਸਰਵੋਤਮ ਸਰੀਰਕ ਵਾਧੇ ਅਤੇ ਪੈਦਾਵਾਰ ਲੈਣ ਲਈ ਪੂਰਕ ਖੁਰਾਕੀ ਪਦਾਰਥ (Food Supplements)**

*ਪੂਰਕ ਖੁਰਾਕੀ ਪਦਾਰਥ ਪਸ਼ੂਆਂ ਦੇ ਸਰੀਰਿਕ ਵਾਧੇ ਨੂੰ ਤੇਜ਼ ਕਰਨ, ਖੁਰਾਕ ਨੂੰ ਹਜ਼ਮ ਕਰਨ ਦੀ ਸ਼ਕਤੀ ਵਿੱਚ ਵਾਧਾ ਕਰਨ ਅਤੇ ਪਸ਼ੂ ਦੀ ਤੰਦਰੁਸਤੀ ਦੇ ਮੰਤਵ ਲਈ ਬਹੁਤ ਘੱਟ ਮਾਤਰਾ ਵਿੱਚ ਰੋਜ਼ਾਨਾ ਵਾਲੀ ਫੀਡ ਵਿੱਚ ਮਿਲਾ ਕੇ ਪਸ਼ੂ ਨੂੰ ਖੁਆਏ ਜਾਂਦੇ ਹਨ। ਇਨ੍ਹਾਂ ਦਾ ਆਪਣੀ ਕੋਈ ਖੁਰਾਕ ਮਹੱਤਵ ਨਹੀਂ ਹੈ। ਇਹਨਾਂ ਨੂੰ ਖੁਰਾਕ ਵਿੱਚ ਮਿਲਾਉਣ ਦੇ ਹੇਠ ਲਿਖਿਤ ਕਾਰਨ ਹਨ :*

*ੳ) ਇਨ੍ਹਾਂ ਦੇ ਉੱਲੀ ਰੋਧਕ ਅਤੇ ਐਂਟੀ ਆੱਕਸੀਡੈਂਟ ਹੋਣ ਕਾਰਨ ਇਹ ਸਟੋਰ ਕੀਤੀ ਫੀਡ ਦੀ ਗੁਣਵੱਤਾ ਬਰਕਰਾਰ ਰੱਖਦੇ ਹਨ।*

*ਅ) ਇਹ ਖ਼ੁਰਾਕ ਨੂੰ ਗੋਲੀਆਂ ਦੇ ਰੂਪ ਵਿੱਚ ਜੋੜਨ ਲਈ ਮਦਦ ਕਰਦੇ ਹਨ।*

*ੲ) ਇਨ੍ਹਾਂ ਦੇ ਰੋਗਾਣੂਨਾਸ਼ਕ ਅਤੇ ਉਤੇਜਕ ਰੱਸ (ਹਾਰਮੋਨ) ਗੁਣਾਂ ਕਰਕੇ, ਸਰੀਰਿਕ ਵਾਧੇ ਨੂੰ ਤੇਜ਼ ਕਰਨ ਵਿੱਚ ਸਹਾਈ ਹੁੰਦੇ ਹਨ।*

*ਸ) ਅਜਿਹੇ ਪਦਾਰਥਾਂ ਨੂੰ ਫੀਡ ਵਿੱਚ ਮਿਲਾਉਣ ਨਾਲ ਪਸ਼ੂ ਚਾਅ ਨਾਲ ਫੀਡ ਖਾਂਦਾ ਹੈ ਅਤੇ ਫੀਡ ਦੀ ਰੰਗਤ ਦੇ ਕਾਰਨ ਗਾਹਕਾਂ ਨੂੰ ਪਸੰਦ ਆਉਂਦੀ ਹੈ।*

*ਹ) ਅਜਿਹੇ ਪਦਾਰਥਾਂ ਰਾਹੀਂ ਜ਼ਰੂਰੀ ਖੁਰਾਕੀ ਤੱਤ ਜਿਵੇਂ ਕਿ ਵਿਟਾਮਿਨ, ਖਣਿਜ, ਐਮੀਨੋ ਐਸਿਡ, ਚਰਬੀ ਅਤੇ ਫਾਸਫੋਲਿਪਿਡ ਫੀਡ ਵਿੱਚ ਸ਼ੁੱਧ ਰੂਪ ਵਿੱਚ ਉਪਲੱਬਧ ਹੋ ਜਾਂਦੇ ਹਨ।*

**4. ਖ਼ੁਰਾਕ ਤਿਆਰ ਕਰਨ ਲਈ ਲੁੜੀਂਦੀ ਸਮੱਗਰੀ :** *ਪਸ਼ੂਆਂ ਨੂੰ ਸਰੀਰਿਕ ਸਾਂਭ ਸੰਭਾਲ ਅਤੇ ਦੁੱਧ ਅਤੇ ਮੀਟ ਪੈਦਾ ਕਰਨ ਲਈ ਮਨੁੱਖ ਵਾਂਗ ਸੰਤੁਲਿਤ ਖ਼ੁਰਾਕ ਦੀ ਲੋੜ ਪੈਂਦੀ ਹੈ। ਸਿਰਫ਼ ਇਕ ਤਰ੍ਹਾਂ ਦਾ ਅੰਸ਼ ਕੁੱਲ ਖ਼ੁਰਾਕੀ ਪੋਸ਼ਕ ਤੱਤਾਂ ਦੀ ਲੋੜ ਪੂਰੀ ਨਹੀਂ ਕਰ ਸਕਦਾ। ਇਸ ਲਈ ਵੱਖ ਵੱਖ ਤਰ੍ਹਾਂ ਦੀ ਸਮੱਗਰੀ ਮਿਲਾ ਕੇ ਫੀਡ ਜਾਂ ਵੰਡ ਤਿਆਰ ਕੀਤਾ ਜਾਂਦਾ ਹੈ ਜੋ ਪਸ਼ੂ ਦੀਆਂ ਖ਼ੁਰਾਕੀ ਤੱਤਾਂ ਦੀਆਂ ਲੋੜਾਂ ਪੂਰੀਆਂ ਕਰਦੀ ਹੈ। ਵੱਖ-ਵੱਖ ਪ੍ਰਕਾਰ ਦੇ ਅਨਾਜ ਜਾਂ ਸਮੱਗਰੀ ਜੋ ਸੰਤੁਲਿਤ ਖ਼ੁਰਾਕ/ਫੀਡ ਬਣਾਉਣ ਲਈ ਚਾਹੀਦੀ ਹੈ ਉਹ ਸਾਰਨੀ 6.4 ਵਿੱਚ ਦਿੱਤੀ ਜਾਂਦੀ ਹੈ।*

**ਸਾਰਨੀ 6.4 ਸੰਤੁਲਿਤ ਫੀਡ ਬਣਾਉਣ ਲਈ ਵਰਤੇ ਜਾਂਦੇ ਮੁੱਖ ਅਨਾਜ ਅਤੇ ਹੋਰ ਸਮੱਗਰੀ**

| **ਸ਼੍ਰੇਣੀ** | **ਵੱਖ-ਵੱਖ ਅਨਾਜ/ਸਮੱਗਰੀ** |
|---|---|
| *ਅਨਾਜ* | *ਮੱਕੀ, ਕਣਕ, ਜੌਂ, ਜਵਾਰ, ਬਾਜਰਾ ਆਦਿ* |
| *ਖਲ਼* | *ਸੋਆਬੀਨ, ਮੂੰਗਫਲੀ, ਸਰੋਂ, ਵੜੇਵਿਆਂ, ਤਿਲ਼ਾਂ ਦੀ ਖਲ਼* |
| *ਦਾਣਿਆ ਦਾ ਛਿਲਕਾ* | *ਕਣਕ ਦਾ ਬੂਰਾ, ਚੌਲਾਂ ਦਾ ਬੂਰਾ, ਚੌਲਾਂ ਦਾ ਟੋਟਾ, ਛੋਲਿਆ ਦਾ ਛਿਲਕਾ ਆਦਿ* |
| *ਪਸ਼ੂਆਂ ਦੀ ਪ੍ਰੋਟੀਨ* | *ਫਿਸ਼ ਮੀਲ, ਮੀਟ, ਹੱਡੀਆਂ ਦਾ ਚੂਰਾ, ਆਦਿ* |
| *ਖਣਿਜ ਪਦਾਰਥ* | *ਡੀ ਕੈਲਸ਼ੀਅਮ ਫੌਸਫੇਟ, ਚੂਨਾ, ਘੋਗੇ, ਮੈਗਨੀਸ਼ੀਅਮ ਦਾ ਪੱਥਰ ਅਦਿ* |
| *ਹੋਰ ਪਦਾਰਥ* | *ਸੀਰਾ, ਘੀ/ਤੇਲ, ਗੁੜ ਆਦਿ।* |

*ਵੱਖ-ਵੱਖ ਤਰ੍ਹਾਂ ਦੇ ਅਨਾਜ ਅਤੇ ਹੋਰ ਵਸਤਾਂ ਦੀਆਂ ਤਸਵੀਰਾਂ ਹੇਠਾਂ ਦਿਖਾਈਆਂ ਜਾਂਦੀਆਂ ਹਨ।*

*ਮੱਕੀ*



*ਕਨੋਲਾ ਸਰੋਂ ਦੀ ਖਲ਼*




*ਕਣਕ ਦਾ ਬੂਰਾ*



ਵੜੇਵਿਆਂ ਦੀ ਖਲ਼



ਚੌਲ਼ਾਂ ਦਾ ਬੁਰਾਦਾ



ਡੀਕੈਲਸ਼ੀਅਮ ਫਾਸਫੇਟ



ਚੂਨੇ ਦਾ ਪਾਊਡਰ



ਘੋਗੇ ਅਤੇ ਸਿਪੀ



ਸੀਰਾ



**ਤਸਵੀਰ 6.1 ਸੰਤੁਲਿਤ ਫੀਡ ਬਣਾਉਣ ਲਈ ਲੋੜੀਂਦੇ ਵੱਖ-ਵੱਖ ਅਨਾਜ ਅਤੇ ਹੋਰ ਵਸਤਾਂ**

## ਅਭਿਆਸ

**ਗਤੀਵਿਧੀ :** *10 ਲਿਟਰ ਦੁੱਧ ਦੇਣ ਵਾਲੀ ਮੱਝ ਲਈ ਲੁੜੀਂਦੀ ਫੀਡ ਦੀ ਮਾਤਰਾ ਦੱਸੋ।*

**ਤਰੀਕਾ :**

1. ਮੱਝ ਲਈ ਆਮ ਸਰੀਰਿਕ ਕਿਰਿਆਵਾਂ ਚਲਾਉਣ ਲਈ ਲੋੜੀਂਦੀ ਫੀਡ ਦਾ ਹਿਸਾਬ ਲਗਾਓ।
2. ਦੁੱਧ ਦੀ ਪੈਦਾਵਾਰ ਲਈ ਲੁੜੀਂਦੀ ਫੀਡ ਦੀ ਮਾਤਰਾ ਦਾ ਅਨੁਮਾਨ ਲਗਾਓ।
3. ਸਰੀਰਿਕ ਕਿਰਿਆਵਾਂ ਲਈ ਲੁੜੀਂਦੀ ਫੀਡ ਅਤੇ ਦੁੱਧ ਦੀ ਪੈਦਾਵਾਰ ਲਈ ਲੋੜੀਂਦੀ ਫੀਡ ਦੋਹਾਂ ਨੂੰ ਜਮਾਂ ਕਰ ਦਿਓ।

**ਆਪਣੀ ਪ੍ਰਗਤੀ ਦੀ ਜਾਂਚ ਕਰੋ**

**ੳ) ਬਹੁ-ਵਿਕਲਪੀ ਪ੍ਰਸ਼ਨ :**

1. ਦੇਸੀ ਗਾਵਾਂ ਲਈ ਸੁਕੇ ਪਦਾਰਥਾਂ ਦੀ ਰੋਜ਼ਾਨਾ ਦੀ ਲੋੜ ਉਨ੍ਹਾਂ ਦੇ ਸਰੀਰਿਕ ਵਜ਼ਨ ਦਾ....... ਹੁੰਦੀ ਹੈ।
   ੳ) 1.0–1.5% ਅ) 2.0–2.5% ੲ) 3.0–3.5% ਸ) 4.0–4.5%
2. ਪਸ਼ੂਆਂ ਨੂੰ ਖ਼ੁਰਾਕ/ਫੀਡ ਦੀ ਲੋੜ ਕਿਉਂ ਪੈਂਦੀ ਹੈ?
   ੳ) ਵੱਧਣ ਫੂਲਣ ਲਈ ਅ) ਦੁੱਧ ਪੈਦਾ ਕਰਨ ਲਈ
   ੲ) ਸਰੀਰ ਕਾਇਮ ਰੱਖਣ ਲਈ ਸ) ਉਪਰੋਕਤ ਸਭ ਲਈ
3. ਹੇਠ ਲਿਖਿਆਂ ਵਿੱਚੋਂ ਕਿਹੜੀ ਵਸਤੂ ਅਨਾਜ ਨਹੀਂ ਹੈ?
   ੳ) ਮੱਕੀ ਅ) ਕਣਕ ੲ) ਜੌਂ ਸ) ਸਰੋਂ ਦੀ ਖਲ
4. ਹੇਠ ਲਿਖਿਆਂ ਵਿਚੋਂ ਕਿਹੜੀ ਵਸਤੂ ਖੇਤੀ ਦੀ ਬਾਈਪਰੋਡਕਟ ਜਾਂ ਉਪ-ਪੈਦਾਵਾਰ ਹੈ?
   ੳ) ਚੌਲ਼ਾਂ ਦਾ ਬੁਰਾਦਾ ਅ) ਸੋਆਬੀਨ ਦੀ ਖਲ਼
   ੲ) ਮੂੰਗਫਲੀ ਦੀ ਖਲ਼ ਸ) ਸਰੋਂ ਦੀ ਖਲ਼

5. ਹੇਠ ਲਿਖਿਆਂ ਵਿਚੋਂ ਖੁਰਾਕ ਦੇਣ ਸੰਬੰਧੀ ਭਾਰਤੀ ਪੈਮਾਨਾ ਕਿਹੜਾ ਹੈ?

ੳ) ਏ.ਆਰ.ਸੀ (ARC) ਅ) ਐਨ.ਆਰ.ਸੀ (NRC)

ੲ) ਆਈ.ਸੀ.ਏ.ਆਰ (ICAR) ਸ) ਕਰਲ (Kearl)

**ਅ) ਖਾਲੀ ਥਾਂ ਢੁਕਵੇਂ ਸ਼ਬਦ ਨਾਲ ਭਰੋ**

1. ਡੇਅਰੀ ਵਾਲੇ ਪਸ਼ੂਆਂ ਨੂੰ ਮੁੱਖ ਤੌਰ ਤੇ ਦੋ ਪ੍ਰਕਾਰ ਦੀ ਖੁਰਾਕ ਚਾਹੀਦੀ ਹੈ; ਮਿਸ਼ਰਿਤ ਫੀਡ ਅਤੇ.....
2. ਦੇਸੀ ਗਾਵਾਂ ਨੂੰ ਆਮ ਸਰੀਰਿਕ ਗਤੀਵਿਧੀਆਂ ਲਈ..... ਕਿਲੋ ਫੀਡ ਦੀ ਰੁਜ਼ਾਨਾ ਲੋੜ ਹੁੰਦੀ ਹੈ।
3. ਫੀਡ/ਖੁਰਾਕ ਵਿੱਚੋਂ ਨਮੀ/ਪਾਣੀ ਨੂੰ ਖਤਮ ਕਰਨ ਉਪਰੰਤ ਬਾਕੀ ਬਚੇ ਪਦਾਰਥ ਨੂੰ....... ਕਿਹਾ ਜਾਂਦਾ ਹੈ।
4. ਰਾਸ਼ਨ ਵਿੱਚ ਬਹੁਤ ਘੱਟ ਮਾਤਰਾ ਵਿੱਚ ਖੁਰਾਕੀ ਪਦਾਰਥ ਸਰੀਰਿਕ ਵਾਧੇ ਨੂੰ ਤੇਜ਼ ਕਰਨ, ਖੁਰਾਕ ਨੂੰ ਹਜ਼ਮ ਕਰਨ ਲਈ ਸ਼ਕਤੀ ਵਧਾਉਣ ਅਤੇ ਚੰਗੀ ਸਿਹਤ ਲਈ ਪਸ਼ੂਆਂ ਦੀ ਖੁਰਾਕ ਵਿੱਚ ਮਿਲਾਏ ਜਾਂਦੇ ਹਨ।
5. ਮੱਝਾਂ ਨੂੰ ਪ੍ਰਤੀ ਸਧਾਰਨ ਸਿਧਾਂਤ ਮੁਤਾਬਿਕ ਕਿਲੋ ਦੁੱਧ ਦੇਣ ਲਈ ਇੱਕ ਕਿਲੋ ਫੀਡ ਦੀ ਲੋੜ ਹੁੰਦੀ ਹੈ।

**ੲ) ਸਹੀ ਜਾਂ ਗਲਤ :**

ੳ) ਚਾਰਾ ਹਮੇਸ਼ਾ ਹਰੀ ਅਵਸਥਾ ਵਿੱਚ ਮਿਲਦਾ ਹੈ।

ਅ) ਵਧੀਆ ਕੁਆਲਟੀ ਦੇ ਹਰੇ ਚਾਰੇ ਵਿੱਚ ਖੁਰਾਕੀ ਪੌਸ਼ਕ ਤੱਤ ਰਲ਼ਵੀ ਮਿਸ਼ਰਿਤ ਫੀਡ ਜਿੰਨੇ ਹੁੰਦੇ ਹਨ।

ੲ) ਸਭ ਪ੍ਰਕਾਰ ਦੀਆਂ ਪਸ਼ੂਆ ਖੁਰਾਕਾਂ ਵਿੱਚ ਕੁਝ ਨਮੀਂ ਜ਼ਰੂਰ ਹੁੰਦੀ ਹੈ।

ਸ) ਨੌਜਵਾਨ ਪਸ਼ੂਆਂ ਲਈ ਸਿਰਫ ਇੱਕ ਖੁਰਾਕੀ ਪਦਾਰਥ ਪਸ਼ੂ ਦੀਆਂ ਸਾਰੀਆਂ ਖੁਰਾਕੀ ਲੋੜਾਂ ਨੂੰ ਪੂਰਾ ਕਰ ਸਕਦਾ ਹੈ।

ਹ) ਫੀਡ ਵਿੱਚ ਮਿਲਾਉਣ ਵਾਲੇ ਮਿਲਾਣ ਪਦਾਰਥਾਂ ਦੀ ਆਪਣੀ ਕੋਈ ਖੁਰਾਕੀ ਤਾਕਤ ਨਹੀਂ ਹੁੰਦੀ।

**ਸ) ਢੁਕਵੇਂ ਕਾਲਮਾਂ ਦਾ ਮਿਲਾਨ ਕਰੋ**

| ਕਾਲਮ (ੳ) | ਕਾਲਮ ਅ ਤੋਂ ਢੁਕਵਾਂ ਸ਼ਬਦ ਲਿਖੋ | ਕਾਲਮ (ਅ) |
|---|---|---|
| 1. ਅਨਾਜ | | ਮੱਛੀ ਦਾ ਭੋਜਨ |
| 2. ਖ਼ਲਾ | | ਡੀ-ਕੈਲਸ਼ੀਅਮ ਫਾਸਫੇਟ |
| 3. ਪਸ਼ੂ ਅਧਾਰਿਤ ਪ੍ਰੋਟੀਨ | | ਚੌਲਾ ਦਾ ਬੁਰਾਦਾ |
| 4. ਖਣਿਜ ਪਦਾਰਥਾਂ ਦੇ ਸੋਮੇ | | ਮੱਕੀ |
| 5. ਬਾਈ-ਪਰੋਡਕਟ/ਉਪ-ਪੈਦਾਵਾਰ | | ਸਰੋਂ |

**ਹ) ਸਾਰਨੀ ਵਿੱਚ ਢੁਕਵੇਂ ਅੱਖਰ ਨਾਲ ਖਾਲੀ ਥਾਂ ਭਰੋ**

| | | | |
|---|---|---|---|
| 5 ਪ | | 2 | 1ਸ |
| | 2 ਸੀ | 4 ਬ | |
| | | | ਦੀ |
| 3 ਬ | | | |
| | | ਮ | ਲ਼ |

**ਇੱਕ ਕਾਲਮ ਤੋਂ ਦੂਸਰੇ ਕਾਲਮ ਵੱਲ**

5. ਸੁੱਕੇ ਚਾਰੇ ਦੇ ਤੌਰ ਤੇ ਵਰਤੀ ਜਾਂਦੀ ਹੈ।

**ਉਪਰੋਂ ਹੇਠਾਂ ਵੱਲ ਉਸੇ ਕਾਲਮ ਵਿੱਚ**

1. ਖਲ ਦੀ ਇੱਕ ਵੰਨਗੀ
2. ਇਹ ਪਦਾਰਥ ਗੰਨਾ ਮਿੱਲ ਤੋਂ ਮਿਲਦਾ ਹੈ।
3. ਫਲੀਦਾਰ ਹਰੇ ਚਾਰੇ ਵਾਲੀ ਫਸਲ
4. ਹਰੇ ਚਾਰੇ ਵਾਲੀ ਫਸਲ

## ਸੈਸ਼ਨ 3 ਪਸ਼ੂਆਂ ਲਈ ਖੁਰਾਕ ਤਿਆਰ ਕਰਨਾ

**1. ਖੁਰਾਕ ਬਣਾਉਣ ਲਈ ਉਪਕਰਨਾਂ ਅਤੇ ਔਜ਼ਾਰਾਂ ਦੀ ਲੋੜ**

**ਹਰੇ ਚਾਰੇ ਕੱਟਣ ਲਈ ਲੁੜੀਂਦਾ ਟੋਕਾ ਅਤੇ ਹੋਰ ਮਸ਼ੀਨਰੀ :** *ਸੁੱਕੇ ਚਾਰੇ ਜਿਵੇਂ ਕਿ ਕਣਕ ਦੀ ਤੂੜੀ ਸਿੱਧੀ ਤਰ੍ਹਾਂ ਡੰਗਰਾਂ ਨੂੰ ਪਾਈ ਜਾ ਸਕਦੀ ਹੈ ਪ੍ਰੰਤੂ ਹਰੇ ਪੱਠਿਆਂ ਨੂੰ ਡੰਗਰਾਂ ਨੂੰ ਪਾਉਣ ਤੋਂ ਪਹਿਲਾਂ ਟੋਕੇ ਜਾਂ ਮਸ਼ੀਨ ਨਾਲ ਕੁਤਰਿਆ ਜਾਂਦਾ ਹੈ। ਅਜਿਹੀ ਮਸ਼ੀਨ/ਟੋਕਾ ਤਸਵੀਰ ਨੂੰ 6.1 ਵਿੱਚ ਦਿਖਾਇਆ ਗਿਆ ਹੈ। ਇਸ ਨਾਲ ਹਰੇ ਚਾਰੇ ਨੂੰ ਛੋਟੇ -ਛੋਟੇ ਟੁਕੜਿਆਂ ਵਿੱਚ ਕੱਟ ਕੇ ਫੇਰ ਡੰਗਰਾਂ ਦੀ ਖੁਰਲੀ ਵਿੱਚ ਪਾਉਂਦੇ ਹਨ। ਕੁਤਰੇ ਹੋਏ ਪੱਠੇ ਜਲਦੀ ਹਜ਼ਮ ਹੋ ਜਾਂਦੇ ਹਨ ਅਤੇ ਖੁਰਲੀ ਤੋਂ ਬਾਹਰ ਡਿੱਗਣ ਕਰਕੇ ਵਿਅਰਥ ਨਹੀਂ ਜਾਂਦੇ। ਦੋ ਤਰ੍ਹਾਂ ਦੇ ਟੋਕੇ: ਹੱਥ ਨਾਲ ਚੱਲਣ ਵਾਲਾ ਅਤੇ ਬਿਜਲੀ ਦੀ ਮੋਟਰ ਵਾਲਾ ਟੋਕਾ, ਬਾਜ਼ਾਰ ਵਿੱਚ ਉਪਲੱਬਧ ਹਨ।*




**ਤਸਵੀਰ 6.1 ਬਿਜਲੀ ਦੀ ਮੋਟਰ ਨਾਲ ਚੱਲਣ ਵਾਲਾ ਟੋਕਾ**

**ਫੀਡ/ਖੁਰਾਕ ਬਣਾਉਣ ਲਈ ਲੋੜੀਂਦੀ ਮਸ਼ੀਨਰੀ**

*ਮਿਸ਼ਰਿਤ ਫੀਡ ਕਈ ਪ੍ਰਕਾਰ ਦੇ ਅਨਾਜ ਅਤੇ ਹੋਰ ਵਸਤਾਂ ਦੇ ਮਿਲਾਉਣ ਤੋਂ ਤਿਆਰ ਕੀਤੀ ਜਾਂਦੀ ਹੈ। ਡੇਅਰੀ ਫਾਰਮ 'ਤੇ ਅਜਿਹੀ ਫੀਡ ਤਿਆਰ ਕੀਤੀ ਜਾ ਸਕਦੀ ਹੈ। ਸਭ ਤੋਂ ਪਹਿਲਾਂ ਅਨਾਜ/ਦਾਣਿਆਂ ਅਤੇ ਖ਼ਲ਼ ਨੂੰ ਪੀਸ ਲੈਣਾ ਚਾਹੀਦਾ ਹੈ ਤਾਂ ਜੋ ਇਨ੍ਹਾਂ ਤੋਂ ਅਸਾਨੀ ਨਾਲ ਇਕਸਾਰ ਮਿਸ਼ਰਣ ਬਣਾਇਆ ਜਾ ਸਕੇ। ਪੀਸਣ ਲਈ ਲੁੜੀਂਦੀ ਮੋਟਰ ਨਾਲ ਚੱਲਣ ਵਾਲੀ ਚੱਕੀ ਤਸਵੀਰ 6.2 ਵਿੱਚ ਦਿਖਾਈ ਗਈ ਹੈ। ਫਾਰਮੂਲੇ ਅਨੁਸਾਰ ਇਨ੍ਹਾਂ ਪੀਹੀਆਂ ਹੋਈਆਂ ਵਸਤਾਂ ਅਤੇ ਪੂਰਕ ਖੁਰਾਕੀ ਤੱਤਾਂ ਨੂੰ ਆਪਸ ਵਿੱਚ ਮਿਲਾ ਦਿੱਤਾ ਜਾਂਦਾ ਹੈ। ਇਨ੍ਹਾਂ ਵਸਤਾਂ ਨੂੰ ਫਰਸ਼ ਉਪਰ ਖਲਾਰ ਕੇ ਹੱਥ ਨਾਲ ਜਾਂ ਬਿਜਲੀ ਮੋਟਰ ਨਾਲ ਚੱਲਣ ਵਾਲੀ ਮਸ਼ੀਨ ਦੁਆਰਾ ਆਪਸ ਵਿੱਚ ਮਿਲਾ ਦਿੱਤਾ ਜਾਂਦਾ ਹੈ। ਇਹੋ ਜਿਹੀ ਮਸ਼ੀਨ ਤਸਵੀਰ 6.3 ਵਿੱਚ ਦਿਖਾਈ ਗਈ ਹੈ।*

ਦਿਖ



ਤਸਵੀਰ 6.2 ਬਿਜਲਈ ਮੋਟਰ ਨਾਲ ਚੱਲਣ ਵਾਲੀ ਚੱਕੀ



ਤਸਵੀਰ 6.3 ਖੁਰਾਕੀ ਮਿਸ਼ਰਣ ਵਾਲੀ ਬਿਜਲਈ ਮਸ਼ੀਨ

**ਮਸ਼ੀਨਾਂ ਦੀ ਸਾਂਭ ਸੰਭਾਲ :** ਮਸ਼ੀਨ ਨੂੰ ਚਾਲੂ ਹਾਲਤ ਵਿੱਚ ਰੱਖਣ ਲਈ ਇਸ ਨੂੰ ਸਮੇਂ ਸਿਰ ਤੇ ਸਾਫ਼ ਕਰਨਾ ਅਤੇ ਸੁਰੱਖਿਅਤ ਰੱਖਣਾ ਚਾਹੀਦਾ ਹੈ। ਖੁਰਾਕੀ ਵਸਤਾਂ ਦੀ ਸਹੀ ਗਿਣਤੀ-ਮਿਣਤੀ ਅਤੇ ਤੋਲ-ਤੁਲਾਈ ਲਈ ਕੰਡੇ-ਵੱਟਿਆਂ ਦੀ ਕੁਝ ਸਮੇਂ ਬਾਦ ਜ਼ਰੂਰ ਜਾਂਚ ਕਰਨੀ ਚਾਹੀਦੀ ਹੈ। ਮਸ਼ੀਨਾਂ ਦੀ ਕੀਤੀ ਸਾਂਭ-ਸੰਭਾਲ ਅਤੇ ਸਾਫ਼-ਸਫ਼ਾਈ ਸੰਬੰਧੀ ਰਿਕਾਰਡ ਜ਼ਰੂਰ ਰੱਖਿਆ ਜਾਣਾ ਚਾਹੀਦਾ ਹੈ।

**2. ਪਸ਼ੂ-ਪਾਲਕ ਦੁਆਰਾ ਡੇਅਰੀ ਫਾਰਮ ਤੇ ਫੀਡ ਤਿਆਰ ਕਰਨਾ**

**ਮਿਸ਼ਰਿਤ ਫੀਡ/ਵੰਡ ਤਿਆਰ ਕਰਨ ਲਈ ਜ਼ਰੂਰੀ ਵਸਤਾਂ/ਸਮੱਗਰੀ**

ਵੱਖ-ਵੱਖ ਤਰ੍ਹਾਂ ਦੇ ਅਨਾਜ ਜਾਂ ਖਲਾ ਵਿੱਚ ਵੱਖ-ਵੱਖ ਪ੍ਰਕਾਰ ਦੇ ਖੁਰਾਕੀ ਪੋਸ਼ਕ ਤੱਤ ਹੁੰਦੇ ਹਨ। ਸੰਤੁਲਿਤ ਫੀਡ ਬਨਾਉਣ ਲਈ ਇਨ੍ਹਾਂ ਵਸਤਾਂ ਨੂੰ ਢੁਕਵੇਂ ਅਨੁਪਾਤ ਵਿੱਚ ਆਪਸ ਵਿੱਚ ਮਿਲਾ ਕੇ ਮਿਸ਼ਰਨ ਤਿਆਰ ਕੀਤਾ ਜਾਂਦਾ ਹੈ। ਇਸ ਮਿਸ਼ਰਨ ਨੂੰ ਵੰਡ ਜਾਂ ਪਸ਼ੂ ਖੁਰਾਕ ਜਾਂ ਫੀਡ ਕਿਹਾ ਜਾਂਦਾ ਹੈ। ਫੀਡ ਦੀ ਬਣਤਰ ਵਿੱਚ ਡੰਗਰ ਦੀ ਕਿਸਮ, ਦੁੱਧ ਦੀ ਪੈਦਾਵਾਰ ਅਤੇ ਰੁੱਤ ਦੇ ਲਿਹਾਜ਼ ਨਾਲ ਤਬਦੀਲੀ ਕੀਤੀ ਜਾਂਦੀ ਹੈ। ਇਹ ਫੀਡ ਹਰੇ ਜਾਂ ਸੁੱਕੇ ਚਾਰੇ ਦੇ ਨਾਲ ਪਸ਼ੂ ਨੂੰ ਖੁਆਈ ਜਾਂਦੀ ਹੈ। ਇਹ ਫੀਡ ਗੋਲੀਆਂ ਜਾਂ ਦਲੀਆ ਜਾਂ ਚੂਰੇ ਜਾਂ ਡਲਿਆਂ ਦੇ ਰੂਪ ਵਿੱਚ ਹੋ ਸਕਦੀ ਹੈ। ਵੱਖ-ਵੱਖ ਤਰ੍ਹਾਂ ਦੀਆਂ ਵਸਤਾਂ ਜੋ ਫੀਡ ਬਨਾਉਣ ਲਈ ਵਰਤੀਆਂ ਜਾਂਦੀਆਂ ਹਨ, ਸਾਰਣੀ 6.5 ਵਿਚ ਦਰਸ਼ਾਈਆਂ ਗਈਆਂ ਹਨ।

**ਸਾਰਨੀ 6.5 .ਫੀਡ ਤਿਆਰ ਕਰਨ ਲਈ ਲੁੜੀਂਦੀਆਂ ਵੱਖ-ਵੱਖ ਖੁਰਾਕੀ ਵਸਤਾਂ**

| | |
|---|---|
| ਅਨਾਜ | ਮੱਕੀ, ਜਵਾਰ, ਕਣਕ, ਜਈ, ਜੌਂ, ਬਾਜਰਾ ਆਦਿ |
| ਛਿਲਕੇ | ਚੌਲ਼ਾਂ ਦਾ ਬੁਰਾਦਾ, ਕਣਕ ਦਾ ਬੂਰਾ, ਤੇਲ ਰਹਿਤ ਚੌਲ਼ਾਂ ਦਾ ਬੁਰਾਦਾ ਅਤੇ ਚੌਲ਼ਾਂ ਦੀ ਪਾਲਿਸ਼ |
| ਖ਼ਲਾਂ | ਸਰੋਂ ਦੀ ਖਲ਼, ਵੜੇਵਿਆਂ ਦੀ ਖਲ਼, ਮੂੰਗਫਲੀ ਦੀ ਖਲ਼, ਸੋਆਬੀਨ ਦੀ ਖਲ਼ ਸੂਰਜ ਮੁੱਖੀ ਦੀ ਖਲ਼ ਅਤੇ ਤਿਲ਼ਾਂ ਦੀ ਖਲ਼ |
| ਪਸ਼ੂ ਅਧਾਰ ਵਾਲੀ ਪ੍ਰੋਟੀਨ | ਫਿਸ਼ ਮੀਲ, ਹੱਡੀਆਂ ਦਾ ਚੂਰਾ ਅਤੇ ਮੀਟ ਦਾ ਚੂਰਾ |
| ਦਾਲ਼ਾਂ ਦਾ ਛਿਲਕਾ | ਮੂੰਗੀ, ਅਰਹਰ, ਛੋਲੇ, ਗੁਆਰ, ਆਦਿ |
| ਖੇਤੀ ਜਾਂ ਐਗਰੋ ਉਦਯੋਗਾਂ ਦੇ ਉਪ ਉਤਪਾਦ | ਸੀਰਾ, ਇਮਲੀ ਦੇ ਬੀਜ ਦਾ ਪਾਊਡਰ, ਕਸਾਵਾਂ ਦੀ ਰਹਿੰਦ-ਖੂੰਹਦ |
| ਖਣਿਜ ਅਤੇ ਵਿਟਾਮਿਨ | ਖਣਿਜ ਪਦਾਰਥਾਂ ਦਾ ਮਿਸ਼ਰਣ, ਡੀ-ਕੈਲਸ਼ੀਅਮ ਫੌਸਫੇਟ, ਲੂਣ, ਵਿਟਾਮਿਨ ਏ, ਡੀ-3 ਅਤੇ ਈ. |

**ਮਿਸ਼ਰਿਤ ਫੀਡ ਜਾਂ ਵੰਡ ਦੀ ਬਣਤਰ**


ਕਿਉਂਕਿ ਦੁੱਧ ਉਤਪਾਦਨ ਦੀ ਕੁਲ ਲਾਗਤ ਦਾ 70 ਪ੍ਰਤੀਸ਼ਤ ਫੀਡ ਉਪਰ ਹੀ ਖਰਚ ਹੋ ਜਾਂਦਾ ਹੈ ਇਸ ਲਈ ਡੇਅਰੀ ਫਾਰਮ ਨੂੰ ਸਫਲ ਬਣਾਉਣ ਵਿੱਚ ਸੰਤੁਲਿਤ ਅਤੇ ਸਸਤੀ ਪਸ਼ੂ-ਖੁਰਾਕ ਮਹੱਤਵਪੂਰਨ ਯੋਗਦਾਨ ਪਾ ਸਕਦੀ ਹੈ। ਫੀਡ ਵਿੱਚ ਸਾਰੇ ਲੁੜੀਂਦੇ ਖੁਰਾਕੀ ਪੋਸ਼ਕ ਤੱਤ ਵੀ ਹੋਣੇ ਚਾਹੀਦੇ ਹਨ ਅਤੇ ਇਹ ਸਸਤੀ ਵੀ ਹੋਵੇ। ਫੀਡ ਵਿੱਚ ਵੱਖ-ਵੱਖ ਪ੍ਰਕਾਰ ਦੇ ਦਾਣੇ ਅਤੇ ਖਲਾਂ ਦੀ ਮਿਕਦਾਰ ਇਨ੍ਹਾਂ ਵਸਤਾਂ ਦੀ ਉਸ ਵਿਸ਼ੇਸ਼ ਰੁੱਤ ਦੇ ਸਮੇਂ ਦੀ ਕੀਮਤ 'ਤੇ ਨਿਰਭਰ ਕਰਦੀ ਹੈ। ਡੇਅਰੀ ਵਿੱਚ ਵਰਤੀ ਜਾਣ ਵਾਲੀ ਫੀਡ ਵਿੱਚ ਇਨ੍ਹਾਂ ਵਸਤਾਂ ਦੀ ਆਮ ਤੌਰ 'ਤੇ ਵਰਤੀ ਜਾਣ ਵਾਲੀ ਮਿਕਦਾਰ ਸਾਰਨੀ 6.6 ਵਿੱਚ ਦਿੱਤੀ ਜਾਂਦੀ ਹੈ।

**ਸਾਰਨੀ 6.6 : ਡੇਅਰੀ ਫਾਰਮ ਲਈ ਫੀਡ ਬਣਾਉਣ ਲਈ ਵੱਖ-ਵੱਖ ਵਸਤਾਂ ਦੀ ਮਿਕਦਾਰ**

| **ਵਸਤੂਆਂ** | **ਅਨੁਪਾਤ** (%) |
|---|---|
| ਦਾਣੇ | 35-40 |
| ਖਲ਼ | 32-35 |
| ਐਗਰੋ-ਉਦਯੋਗਾਂ ਦੇ ਉਪ ਉਤਪਾਦ ਦਾਲਾਂ ਦੇ ਛਿਲਕੇ ਤੇ ਅਨਾਜ ਦੇ ਆਦਿ | 25-28 |
| ਖਣਿਜ ਪਦਾਰਥਾਂ ਦਾ ਮਿਸ਼ਰਨ ਅਤੇ ਵਿਟਾਮਿਨ | 2 |
| ਲੂਣ | 1 |
| ਕੁੱਲ | 100 |


**ਡੇਅਰੀ ਫਾਰਮ 'ਤੇ ਫੀਡ/ਵੰਡ ਤਿਆਰ ਕਰਨ ਦਾ ਢੰਗ:**

*ਫੀਡ/ਵੰਡ ਤਿਆਰ ਕਰਨ ਦਾ ਤਰਤੀਬਵਾਦ ਢੰਗ ਜਿਸ ਅਨੁਸਾਰ ਇਕ ਪਸ਼ੂ-ਪਾਲਕ ਆਪਣੀ ਡੇਅਰੀ ਲਈ ਫੀਡ ਤਿਆਰ ਕਰਦਾ ਹੈ ਚਾਰਟ 6.7 ਵਿੱਚ ਦਰਸਾਇਆ ਜਾਂਦਾ ਹੈ। ਫੀਡ ਮਿਸ਼ਰਨ ਤਿਆਰ ਕਰਨ ਲਈ ਵੱਖ-ਵੱਖ ਪੜਾਅ ਚਾਰਟ 6.8 ਵਿੱਚ ਦਰਸਾਏ ਗਏ ਹਨ।*




**ਸਾਰਨੀ 6.7: ਫਾਰਮ ਪੱਧਰ ਤੇ ਫੀਡ ਮਿਸ਼ਰਣ ਤਿਆਰ ਕਰਨ ਦੇ ਪੜਾਅ**

1. *ਪਿਰਾਈ ਲਈ ਮੱਕੀ ਅਤੇ ਖ਼ੱਲ ਇਕੱਠੇ ਲਏ ਜਾਂਦੇ ਹਨ।*
2. *ਖੁਰਾਕ ਦੀ ਸਮੱਗਰੀ ਨੂੰ ਰਲਾਉਣ ਲਈ ਮਿਕਸਰ ਮਸ਼ੀਨ ਵਿੱਚ ਪਾਇਆ ਜਾਂਦਾ ਹੈ।*
3. *ਫੀਡ ਮਿਕਸਰ ਮਸ਼ੀਨ ਵਿੱਚੋਂ ਤਿਆਰ ਫੀਡ ਨੂੰ ਚੁੱਕਿਆ ਜਾਂਦਾ ਹੈ।*
3. *ਸਾਰੀ ਸਮੱਗਰੀ ਨੂੰ ਰਲਾਉਣ ਲਈ ਮਿਕਸਰ ਮਸ਼ੀਨ ਵਿੱਚ ਪਾਇਆ ਜਾਂਦਾ ਹੈ।*
5. *ਤਿਆਰ ਫੀਡ ਨੂੰ ਥੈਲਿਆਂ ਵਿੱਚ ਸਾਂਭਿਆ ਜਾਂਦਾ ਹੈ।*




*ਚਾਰਟ 6.8 : ਫੀਡ ਮਿਸ਼ਰਣ ਤਿਆਰ ਕਰਨ ਲਈ ਤਰਤੀਬਵਾਰ ਕਾਰਜ ਵਿਧੀ।*

**ਫੀਡ ਮਿਸ਼ਰਣ ਬਨਾਉਣ ਵੇਲੇ ਹੇਠ ਲਿਖੀਆਂ ਸਾਵਧਾਨੀਆਂ ਰੱਖੋ :**

*ੳ) ਵਰਤੋਂ ਵਿੱਚ ਲਿਆਉਣ ਤੋਂ ਕੁਝ ਸਮਾਂ ਪਹਿਲਾਂ ਹੀ ਮੱਕੀ ਤੇ ਹੋਰ ਦਾਣੇ ਪੀਹ ਲਵੋ।*

*ਅ) ਪਿਸਾਈ ਦੌਰਾਨ ਦਾਣਿਆਂ ਵਿੱਚੋਂ ਕੁਝ ਤੇਲ ਨਿਕਲ ਸਕਦਾ ਹੈ। ਤੇਲ ਵਿੱਚ ਬਹੁ ਅਸੰਤ੍ਰਪਤ ਤੇਲ ਅਤੇ ਸੀਮਿਤ ਮਾਤਰਾ ਵਿੱਚ ਐਂਟੀ-ਆੱਕਸੀਡੈਂਟ ਹੁੰਦੇ ਹਨ। ਇਸ ਕਰਕੇ ਦਾਣਾ ਪੀਹਣ ਤੋਂ ਕੁਝ ਦਿਨ ਜਾਂ ਹਫਤਿਆਂ ਬਾਅਦ ਪੀਹੇ ਹੋਏ ਦਾਣੇ ਵਿੱਚੋਂ ਸੜ੍ਹਾਂਦ ਜਾਂ ਦੁਰੰਗਧ ਆਉਣ ਲੱਗ ਪੈਂਦੀ ਹੈ। ਇਸ ਕਰਕੇ ਦਾਣੇ ਨੂੰ ਪੀਹਣ ਉਪਰੰਤ ਤਰੁੰਤ ਫੀਡ ਮਿਸ਼ਰਣ ਵਿੱਚ ਮਿਲਾ ਕੇ ਵਰਤ ਲਵੋ।*

*ੲ) ਅਨਾਜ ਅਤੇ ਖਲ਼ ਰੱਖਣ ਵਾਲਾ ਸਟੋਰ, ਫੀਡ ਮਿਸ਼ਰਣ ਵਾਲੇ ਸਟੋਰ ਤੋਂ ਵੱਖ ਹੋਣਾ ਚਾਹੀਦਾ ਹੈ ਤਾਂ ਜੋ ਆਪਸੀ ਲਾਗ ਤੋਂ ਬਚਾਅ ਹੋ ਸਕੇ।*

*ਸ) ਜੀਵਾਣੂ-ਰਹਿਤ ਅਤੇ ਉੱਲੀ-ਰਹਿਤ ਰੱਖਣ ਲਈ ਫੀਡ ਖੁਸ਼ਕ ਹੋਣੀ ਚਾਹੀਦੀ ਹੈ। ਫੀਡ ਵਿੱਚ ਨਮੀ 12 ਪ੍ਰਤੀਸ਼ਤ ਤੋਂ ਘੱਟ ਹੋਣੀ ਚਾਹੀਦੀ ਹੈ।*

*ਹ) ਫੀਡ ਬੰਦ ਬੋਰੀਆਂ ਵਿੱਚ ਭਰ ਕੇ ਠੰਡੇ ਅਤੇ ਖੁਸ਼ਕ ਸਟੋਰ ਵਿੱਚ ਰੱਖੋ।*

*ਕ) ਫੀਡ ਨੂੰ ਚੂਹਿਆਂ ਅਤੇ ਕੀੜੇ-ਮਕੋੜੇ ਤੋਂ ਬਚਾਅ ਕੇ ਰੱਖੋ।*

*ਖ) ਸਟਾਕ ਦਾ ਪੂਰਾ ਰਿਕਾਰਡ ਰੱਖੋ ਤਾ ਜੋ ਵਰਤੋਂ ਤੋਂ ਪਹਿਲਾ ਜਾਂ ਸਟੋਰ ਵਿੱਚ ਨਾ ਤਾਂ ਫੀਡ ਵਸਤੂਆਂ ਅਤੇ ਨਾ ਤਿਆਰ ਕੀਤੀ ਫੀਡ ਖਰਾਬ ਹੋਵੇ।*

**3. ਫੀਡ ਦਾ ਹਿਸਾਬ-ਕਿਤਾਬ ਰੱਖਣਾ**

*ਸਮੇਂ ਸਮੇਂ ਤੇ ਫੀਡ ਵਾਲੀਆਂ ਵੱਖ-ਵੱਖ ਵਸਤੂਆਂ ਦੀ ਸਟੋਰ ਵਿੱਚ ਜਾਂਚ ਕਰਨੀ ਅਤੇ ਸੂਚੀ ਬਣਾਉਣੀ ਜ਼ਰੂਰੀ ਹੈ। ਜਿਵੇਂ ਪਹਿਲਾਂ ਦੱਸਿਆ ਗਿਆ ਹੈ ਡੇਅਰੀ ਫਾਰਮਿੰਗ ਵਿੱਚ ਸਭ ਤੋਂ ਵੱਧ ਖਰਚਾ ਫੀਡ ਤੇ ਹੀ ਹੁੰਦਾ ਹੈ। ਇਸ ਲਈ ਫੀਡ ਸਟੋਰ ਦਾ ਪੂਰਾ ਹਿਸਾਬ ਕਿਤਾਬ ਰੱਖ ਕੇ ਇਕ ਡੇਅਰੀ ਫਾਰਮਰ ਫੀਡ ਦੇ ਖਰਚੇ ਨੂੰ ਕਾਬੂ ਵਿੱਚ ਰੱਖ ਸਕਦਾ ਹੈ ਅਤੇ ਲਾਭ ਵਧਾ ਸਕਦਾ ਹੈ। ਅਜਿਹੇ ਹਿਸਾਬ ਕਿਤਾਬ ਤੋਂ ਸਟੋਰ ਵਿੱਚ ਉਪਲਬਧ ਫੀਡ ਅਤੇ ਲੁੜੀਂਦੀ ਸਮੱਗਰੀ ਬਾਰੇ ਪਤਾ ਲੱਗ ਜਾਂਦਾ ਹੈ। ਸਮਾਨ ਦੀ ਸੂਚੀ ਵਿੱਚ ਸਟੋਰ ਵਿੱਚ ਹੋਣ ਵਾਲੇ ਨੁਕਸਾਨ ਅਤੇ ਡੰਗਰਾਂ ਨੂੰ ਫੀਡ ਪਾਉਣ ਵੇਲੇ ਸੰਭਾਵੀ ਨੁਕਸਾਨ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ। ਡੇਅਰੀ ਦੇ ਵਪਾਰ ਵਿਚ ਨਵੇਂ ਵਿਅਕਤੀ ਲਈ ਸਟੋਰ ਵਿੱਚ ਫੀਡ ਆਉਣ ਸੰਬੰਧੀ ਇਕ ਸਧਾਰਨ ਕਿਸਮ ਦੀ ਸਮਾਨ ਸੂਚੀ ਜਾਂ ਸਟਾੱਕ ਦਾ ਵੇਰਵਾ ਸਾਰਣੀ 6.7 ਵਿੱਚ ਦਿੱਤਾ ਜਾਂਦਾ ਹੈ।*

**ਸਾਰਨੀ 6.7 ਫੀਡ ਦੀ ਇਕ ਸਧਾਰਨ ਵਸਤੂ ਸੂਚੀ**

| ਕ੍ਰਣ ਸੰਖਿਆ | ਫੀਡ ਪ੍ਰਾਪਤੀ ਦੀ ਮਿਤੀ | ਫੀਡ ਜਿੱਥੋਂ ਪ੍ਰਾਪਤ ਹੋਈ ਸੋਮਾ/ਸਪਲਾਈ ਕਰਨ ਵਾਲਾ | ਵੇਰਵਾ | ਵਜ਼ਨ | ਸਟੋਰ ਨੰ. | ਸੈਂਪਲ ਲਿਆ ਗਿਆ (ਹਾਂ/ ਨਹੀਂ) | ਫੀਡ ਦੀ ਸੰਭਾਲ ਕਰਨ ਵਾਲੇ ਵਿਅਕਤੀ ਹਸਤਾਖ਼ਰ |
|---|---|---|---|---|---|---|---|
| | | | | | | | |
| | | | | | | | |
| | | | | | | | |
| | | | | | | | |

**4. ਬਜ਼ਾਰੋਂ ਖਰੀਦੀ ਫੀਡ ਨਾਲੋਂ ਡੇਅਰੀ ਦਾ ਆਪਣਾ ਬਣਾਇਆ ਫੀਡ ਸਸਤਾ ਕਿਉਂ ਹੁੰਦਾ ਹੈ ?**

*ਡੇਅਰੀ ਫਾਰਮ ਦੇ ਕੁੱਲ ਖਰਚੇ ਦਾ 70 ਪ੍ਰਤੀਸ਼ਤ ਸਿਰਫ਼ ਫੀਡ ਤੇ ਹੀ ਖਰਚ ਹੋ ਜਾਂਦਾ ਹੈ। ਲੁੜੀਂਦੀ ਮਾਤਰਾ ਵਿੱਚ ਫੀਡ ਨਾ ਦੇਣ ਕਾਰਨ ਡੰਗਰਾਂ ਦੀ ਸਿਹਤ ਅਤੇ ਪੈਦਾਵਾਰ ਤੇ ਬੁਰਾ ਪ੍ਰਭਾਵ ਪਵੇਗਾ। ਲੋੜ ਤੋਂ ਜ਼ਿਆਦਾ ਫੀਡ ਪਾਉਣ ਨਾਲ ਫੀਡ ਦਾ ਨੁਕਸਾਨ ਹੋਵੇਗਾ ਅਤੇ ਫੀਡ ਦਾ ਖਰਚਾ ਵਧੇਗਾ। ਇਸ ਲਈ ਡੰਗਰਾਂ ਨੂੰ ਲੋੜ ਅਨੁਸਾਰ ਫੀਡ ਪਾਉਣੀ ਚਾਹੀਦੀ ਹੈ। ਖਰਚੇ ਘਟਾਉਣ ਲਈ ਕਈ ਡੇਅਰੀ ਮਾਲਕ ਖੁਦ ਡੇਅਰੀ ਫਾਰਮ 'ਤੇ ਫੀਡ ਤਿਆਰ ਕਰਨਾ ਪਸੰਦ ਕਰਦੇ ਹਨ। ਵਧੀਆ ਗੁਣਵੱਤਾ ਵਾਲੀ ਮਿਸ਼ਰਤ ਫੀਡ ਬਣਾਉਣ ਲਈ ਜ਼ਰੂਰੀ ਹੈ ਕਿ ਫੀਡ ਸਮੱਗਰੀ ਵਧੀਆ ਗੁਣਵੱਤਾ ਵਾਲੀ ਹੋਵੇ ਅਤੇ ਇਨ੍ਹਾਂ ਵਸਤਾਂ ਨੂੰ ਫੀਡ ਬਣਾਉਣ ਦੇ ਫਾਰਮੂਲੇ ਅਨੁਸਾਰ ਮਿਲਾ ਕੇ ਫੀਡ ਤਿਆਰ ਕੀਤੀ ਜਾਵੇ।*

*ਬਜ਼ਾਰੋਂ ਖ਼ਰੀਦੀ ਫੀਡ ਦੀ ਗੁਣਵੱਤਾ ਤੇ ਡੇਅਰੀ ਮਾਲਕ ਦਾ ਕੋਈ ਕੰਟਰੋਲ ਨਹੀਂ ਹੁੰਦਾ। ਇਸ ਲਈ ਵਧੀਆ ਕੁਆਲਟੀ ਵਾਲ਼ੀਆਂ ਫੀਡ ਵਸਤਾਂ ਖਰੀਦਣ ਵੇਲੇ ਦਿਕੱਤ ਆ ਸਕਦੀ ਹੈ। ਘਟੀਆ ਕਿਸਮ ਦੇ ਦਾਣੇ ਜਾਂ ਖਲ ਦੇ ਕਾਰਨ ਪੈਦਾਵਾਰ ਤੇ ਮਾੜਾ ਅਸਰ ਪੈ ਸਕਦਾ ਹੈ ਅਤੇ ਖਾਲਸ ਮੁਨਾਫ਼ਾ ਘੱਟ ਸਕਦਾ ਹੈ। ਕਈ ਵਾਰ ਫੀਡ ਤਿਆਰ ਕਰਨ ਵਾਲਾ ਫੀਡ ਵਿੱਚ ਮਿਲਾਵਟ ਕਰ ਦਿੰਦਾ ਹੈ ਤਾਂ ਜੋ ਪਰਖ ਪ੍ਰਯੋਗਸ਼ਾਲਾ ਵਿੱਚ ਫੀਡ ਪਾਸ ਹੋ ਜਾਵੇ। ਆਰਥਿਕ ਤੌਰ ਤੇ ਆਪਣੀ ਤਿਆਰ ਕੀਤੀ ਫੀਡ ਬਜਾਰੋਂ ਖਰੀਦੀ ਫੀਡ ਨਾਲੋਂ ਸਸਤੀ ਪੈਂਦੀ ਹੈ। ਇਸ ਲਈ ਜੇ ਸੰਭਵ ਹੋਵੇ ਤਾਂ ਖੁਦ ਫੀਡ ਤਿਆਰ ਕਰਨ ਨੂੰ ਤਰਜੀਹ ਦੇਣੀ ਚਾਹੀਦੀ ਹੈ।*

**5. ਡੇਅਰੀ ਫਾਰਮ ਵਿੱਚ ਪਸ਼ੂ ਫੀਡ ਦੀ ਪ੍ਰਾਪਤੀ, ਜਾਂਚ ਅਤੇ ਸਟੋਰ ਕਰਨਾ**

*ਹੁਣ ਤੱਕ ਅਸੀਂ ਜਾਣ ਗਏ ਹਾਂ ਕਿ ਪਸ਼ੂਆਂ ਲਈ ਲੁੜੀਂਦੀ ਖੁਰਾਕ ਦਾ ਅਨੁਮਾਨ ਲਾਉਣ ਵੇਲੇ ਹੇਠ ਲਿਖੇ ਨੁਕਤਿਆਂ ਤੇ ਧਿਆਨ ਦੇਣਾ ਜ਼ਰੂਰੀ ਹੈ:*


*ੳ) ਫੀਡ ਵਸਤੂਆਂ ਵਿਚਲੀ ਪ੍ਰੋਟੀਨ ਦੀ ਮਾਤਰਾ ਅਤੇ ਪ੍ਰੋਟੀਨ ਦੀ ਗੁਣਵੱਤਾ*

*ਅ) ਫੀਡ ਸਮੱਗਰੀ ਵਿਚ ਕੁੱਲ ਹਜ਼ਮ ਹੋਣ ਵਾਲੇ ਖੁਰਾਕੀ ਪੌਸ਼ਕ ਤੱਤ*

*ੲ) ਵੱਖ-ਵੱਖ ਪ੍ਰਕਾਰ ਦੇ ਡੰਗਰਾਂ ਦੀ ਫੀਡ ਦੀ ਲੋੜ*

*ਸ) ਇੱਕ ਫੀਡ ਤਿਆਰ ਕਰਨ ਲਈ ਲੋੜੀਂਦੇ ਮੁੱਖ ਤੱਤ/ਵਸਤਾਂ*

*ਉਪਰ ਦੱਸੇ ਇਨ੍ਹਾਂ ਨੁਕਤਿਆਂ ਦੇ ਆਧਾਰ ਤੇ ਫੀਡ ਦੀ ਰੁਜ਼ਾਨਾ ਲੋੜੀਂਦੀ ਮਾਤਰਾ ਅਤੇ ਮਹੀਨੇਵਾਰ ਲੋੜੀਂਦੀ ਮਾਤਰਾ ਬਾਰੇ ਅਨੁਮਾਨ ਲਾਇਆ ਜਾ ਸਕਦਾ ਹੈ। ਇਸ ਤੋਂ ਇਲਾਵਾ ਫੀਡ ਲਈ ਦਾਣੇ ਜਾਂ ਖਲ ਖਰੀਦਣ ਲਈ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖਣਾ ਜ਼ਰੂਰੀ ਹੈ। ਅਜਿਹੇ ਜ਼ਰੂਰੀ ਨੁਕਤੇ ਚਾਰਟ 6.9 ਵਿਚ ਦਿੱਤੇ ਗਏ ਹਨ।*





**ਚਾਰਟ 6.9: ਫੀਡ ਖਰੀਦਣ ਤੋਂ ਪਹਿਲਾਂ ਧਿਆਨ ਦੇਣ ਯੋਗ ਨੁਕਤੇ**

*ਮੋਟੇ ਤੌਰ ਤੇ ਡੇਅਰੀ ਫਾਰਮ ਲਈ ਤਿੰਨ ਪ੍ਰਕਾਰ ਦੀ ਖੁਰਾਕ ਅਤੇ ਪੱਠੇ ਚਾਹੀਦੇ ਹਨ- ਹਰੇ ਪੱਠੇ, ਸੁੱਕਾ ਚਾਰਾ (ਤੂੜੀ, ਸੁੱਕਾ ਘਾਹ) ਅਤੇ ਮਿਸ਼ਰਿਤ ਖੁਰਾਕ ਜਾਂ ਫੀਡ। ਜੇਕਰ ਆਪਣੇ ਖੇਤ ਹੋਣ ਤਾਂ ਡੇਅਰੀ ਮਾਲਕ ਇਨ੍ਹਾਂ ਖੇਤਾਂ ਵਿੱਚ ਖੁਦ ਚਾਰੇ ਵਾਲੀਆਂ ਫਸਲਾ ਪੈਦਾ ਕਰ ਸਕਦਾ ਹੈ। ਸੁੱਕਾ ਚਾਰਾ ਆਪਣੇ ਖੇਤ ਵਿੱਚ ਉਗਾਈ ਹਰੇ ਚਾਰੇ ਵਾਲੀ ਫਸਲ ਨੂੰ ਕੱਟ ਕੇ ਬਣਾਇਆ ਜਾ ਸਕਦਾ ਹੈ ਅਤੇ ਭਵਿੱਖ ਲਈ ਸਟੋਰ ਕੀਤਾ ਜਾ ਸਕਦਾ ਹੈ। ਤੂੜੀ ਜਾਂ ਪਰਾਲ਼ੀ ਖੇਤੀ ਦਾ ਉਪ-ਉਤਪਾਦ ਹੈ ਜੋ ਸਿਰਫ ਫਸਲਾਂ ਦੀ ਕਟਾਈ ਵੇਲੇ ਹੀ ਉਪਲੱਬਧ ਹੋ ਸਕਦੀ ਹੈ। ਇਸ ਲਈ ਡੇਅਰੀ ਮਾਲਕ ਨੂੰ ਚਾਹੀਦਾ ਹੈ ਕਿ ਤੂੜੀ ਜਾਂ ਪਰਾਲ਼ੀ ਦੀ ਚੌਖੀ ਮਾਤਰਾ ਨੂੰ ਭਵਿੱਖ ਵਿੱਚ ਵਰਤੋਂ ਲਈ ਸਟੋਰ ਕਰਕੇ ਰੱਖੇ।*

*ਵੱਖ-ਵੱਖ ਤਰ੍ਹਾਂ ਦੇ ਦਾਣੇ ਅਤੇ ਖਲ਼ ਤੋਂ ਸੰਤੁਲਿਤ ਫੀਡ ਬਣਾਈ ਜਾਂਦੀ ਹੈ ਤਾਂ ਜੋ ਵੱਖ-ਵੱਖ ਪ੍ਰਕਾਰ ਦੇ ਖੁਰਾਕੀ ਪੌਸ਼ਕ ਤੱਤ ਸੰਤੁਲਿਤ ਮਾਤਰਾ ਵਿੱਚ ਫੀਡ ਵਿੱਚ ਮੌਜੂਦ ਹੋਣ। ਫੀਡ ਲਈ ਲੁੜੀਂਦੀਆਂ ਵਸਤਾਂ ਕਈ ਵਾਰ ਲੋਕਲ ਪੱਧਰ ਤੇ ਉਪਲੱਬਧ ਨਹੀਂ ਹੁੰਦੀਆਂ ਇਸ ਲਈ ਇਹ ਬਜ਼ਾਰੋਂ ਵਿਕਰੇਤਾਵਾਂ ਦੁਆਰਾ ਮੰਗਵਾਈਆਂ ਜਾਂਦੀਆਂ ਹਨ। ਅਜਿਹੀਆਂ ਵਸਤਾਂ ਦੀ ਗੁਣਵੱਤਾ ਚੰਗੀ ਹੋਣੀ ਚਾਹੀਦੀ ਹੈ। ਇਸ ਗੱਲ ਦਾ ਖਾਸ ਧਿਆਨ ਰੱਖਣਾ ਜ਼ਰੂਰੀ ਹੈ ਕਿ ਕੋਈ ਘਟੀਆ ਜਾਂ ਉੱਲੀ ਲੱਗੀ ਵਸਤੂ ਫੀਡ ਬਣਾਉਣ ਲਈ ਨਾ ਵਰਤੀ ਜਾਵੇ।*

*ਡੇਅਰੀ ਫਾਰ ਵਿੱਚ ਫੀਡ ਦੀ ਜਾਂਚ ਪਰਖ, ਖ਼ਰੀਦ ਅਤੇ ਸਟੋਰ ਕਰਨ ਲਈ ਜ਼ਰੂਰੀ ਵੱਖ-ਵੱਖ ਗਤੀਵਿਧੀਆਂ ਚਾਰਟ 6.10 ਵਿੱਚ ਦਿਖਾਈਆਂ ਗਈਆਂ ਹਨ।*




**6.10 ਡੇਅਰੀ ਫਾਰਮ ਲਈ ਫੀਡ ਨੂੰ ਖਰੀਦਣ, ਜਾਂਚ ਕਰਨ ਅਤੇ ਪ੍ਰਾਪਤ ਕਰਨ ਦੀ ਵਿਧੀ**

**6. ਪਸ਼ੂਆਂ ਦੀ ਫੀਡ ਨੂੰ ਸਟੋਰ ਵਿੱਚ ਰੱਖਣ ਦਾ ਢੰਗ :**

*ਕਈ ਵਾਰ ਚੂਹੇ ਜਾਂ ਕੀੜੇ-ਮਕੌੜੇ ਫੀਡ ਦਾ ਕਾਫ਼ੀ ਨੁਕਸਾਨ ਕਰ ਦਿੰਦੇ ਹਨ। ਕੀੜੇ ਮਕੌੜਿਆਂ ਦੇ ਕਾਰਨ ਫੀਡ ਦੇ ਪੋਸ਼ਕ ਤੱਤਾਂ ਦਾ ਨੁਕਸਾਨ ਹੁੰਦਾ ਹੈ ਅਤੇ ਫੀਡ ਬੇਸੁਆਦੀ ਹੋ ਜਾਂਦੀ ਹੈ। ਕੀੜੇ ਮਕੌੜਿਆਂ ਦੇ ਖਾਧੇ ਹੋਏ ਫ਼ੀਡ*

*ਵਿੱਚ ਉੱਲੀ ਅਤੇ ਹੋਰ ਹਾਨੀਕਾਰਕ ਜੀਵਾਣੂ ਪੈਦਾ ਹੋ ਜਾਂਦੇ ਹਨ। ਫੀਡ ਸਮੱਗਰੀ ਵਿੱਚ ਜ਼ਹਿਰੀਲਾਪਨ ਪੈਦਾ ਹੋ ਜਾਂਦਾ ਹੈ। ਇਸ ਲਈ ਫੀਡ ਨੂੰ ਸਹੀ ਤਰੀਕੇ ਨਾਲ ਸਟੋਰ ਵਿੱਚ ਰੱਖਣ ਦੇ ਡੇਅਰੀ ਫਾਰਮਰ ਨੂੰ ਬਹੁਤ ਆਰਥਿਕ ਲਾਭ ਹਨ।*

**ਸੁੱਰਖਿਅਤ ਅਤੇ ਵਿਗਿਆਨਕ ਢੰਗ ਅਨੁਸਾਰ ਫੀਡ ਨੂੰ ਸਟੋਰ ਵਿੱਚ ਰੱਖਨ ਦਾ ਤਰੀਕਾ**

*ਫੀਡ ਨੂੰ ਸੁਰੱਖਿਅਤ ਅਤੇ ਵਿਗਿਆਨਕ ਢੰਗ ਅਨੁਸਾਰ ਰੱਖਣ ਲਈ ਧਿਆਨਯੋਗ ਨੁਕਤੇ:*

ੳ) **ਜਗ੍ਹਾ ਦੀ ਚੋਣ:** *ਸਟੋਰ ਅਜਿਹੀ ਜਗ੍ਹਾ 'ਤੇ ਬਣਾਇਆ ਜਾਵੇ ਜੋ ਉੱਚੀ ਹੋਵੇ ਅਤੇ ਜਿੱਥੇ ਪਾਣੀ ਦੀ ਜਲਦ ਨਿਕਾਸੀ ਹੋ ਸਕੇ। ਸਟੋਰ ਵਾਲੀ ਜਗ੍ਹਾ ਪਹੁੰਚ ਕਰਨੀ ਅਸਾਨ ਹੋਵੇ। ਅਜਿਹੀ ਜਗ੍ਹਾ ਸਿਲ੍ਹ ਤੋਂ ਰਹਿਤ ਹੋਵੇ, ਜ਼ਿਆਦਾ ਗਰਮ ਨਾ ਹੋਵੇ ਅਤੇ ਚੂਹਿਆਂ, ਕੀੜੇ ਮਕੌੜਿਆਂ ਅਤੇ ਸਿਉਂਕ ਤੋਂ ਰਹਿਤ ਹੋਵੇ।*

ਅ) **ਸਟੋਰ ਲਈ ਢੁਕਵੀਂ ਇਮਾਰਤ ਦੀ ਚੋਣ :** *ਕਿੰਨੀ ਫੀਡ ਸਟੋਰ ਕਰਨੀ ਹੈ ਅਤੇ ਕਿੰਨੇ ਸਮੇਂ ਲਈ ਸਟੋਰ ਕਰਨੀ ਹੈ, ਦੇ ਅਧਾਰ ਤੇ ਸਟੋਰ ਦੀ ਇਮਾਰਤ ਚੁਣੀ ਬਿਲਡਿੰਗ ਬਣਾਈ ਜਾਵੇ। ਜੇਕਰ ਫੀਡ ਨੂੰ ਗੋਦਾਮ ਵਿੱਚ ਰੱਖਣਾ ਹੋਵੇ ਜਾਂ ਤਰਪਾਲ ਹੇਠ ਉੱਚੇ ਥੜ੍ਹੇ 'ਤੇ ਰੱਖਣਾ ਹੋਵੇ ਤਾਂ ਦੋ ਢੇਰਾਂ ਵਿਚਕਾਰ ਅਤੇ ਕੰਧਾਂ ਅਤੇ ਢੇਰਾਂ ਵਿਚਕਾਰ ਚੌਖੀ ਜਗ੍ਹਾ ਹੋਣੀ ਚਾਹੀਦੀ ਹੈ ਤਾਂ ਜੋ ਸਟੋਰ ਹਵਾਦਾਰ ਹੋ ਜਾਵੇ।*

ੲ) **ਬੋਰੀਆਂ ਨੂੰ ਸਾਫ਼ ਕਰਨਾ:** *ਹਮੇਸ਼ਾ ਨਵੀਆਂ ਬੋਰੀਆਂ ਵਰਤੋ। ਜੇਕਰ ਪੁਰਾਣੀਆਂ ਬੋਰੀਆਂ ਵਰਤਣੀਆਂ ਹੋਣ ਤਾਂ ਇਹਨਾਂ ਨੂੰ ਜੀਵਾਣੂ-ਰਹਿਤ ਘੋਲ਼ ਵਿੱਚ ਉਬਾਲ ਕੇ ਜੀਵਾਣੂ-ਰਹਿਤ ਕਰਨਾ ਜਰੂਰੀ ਹੈ। ਫੀਡ ਭਰਨ ਤੋਂ ਪਹਿਲਾਂ ਅਜਿਹੀਆਂ ਬੋਰੀਆਂ ਨੂੰ ਸੁਕਾਉਣਾ ਜ਼ਰੂਰੀ ਹੈ।*

ਸ) **ਸਟੋਰਾਂ ਦੀ ਸਫ਼ਾਈ ਅਤੇ ਧੂਣੀ ਦੇਣਾ:** *ਸਟੋਰ ਵਿੱਚ ਫੀਡ ਰੱਖਣ ਤੋਂ ਪਹਿਲਾਂ ਸਟੋਰ ਦੀ ਸਫਾਈ ਕਰੋ ਅਤੇ ਗੈਸ ਦੀ ਧੂਣੀ ਦੇ ਕੇ ਜੀਵਾਣੂ-ਰਹਿਤ ਕਰੋ। ਸਟੋਰ ਵਾਲੀ ਇਮਾਰਤ ਵਿੱਚ ਕੋਈ ਤਰੇੜ ਜਾਂ ਖੁੱਡ ਆਦਿ ਨਹੀਂ ਹੋਣੀ ਚਾਹੀਦੀ।*

ਹ) **ਫੀਡ ਵਾਲੀਆਂ ਵਸਤਾਂ ਨੂੰ ਸੁਕਾਉਣਾ:** *ਦਾਣੇ ਜਾਂ ਖ਼ਲਾਂ ਨੂੰ ਸਟੋਰ ਵਿੱਚ ਰੱਖਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੁਕਾ ਲੈਣਾ ਚਾਹੀਦਾ ਹੈ ਤਾਂ ਕਿ ਉਹਨਾਂ ਦੀ ਗੁਣਵੱਤਾ ਕਾਇਮ ਰਹੇ।*

ਕ) **ਥੜ੍ਹੇ ਦੀ ਉਚਾਈ:** *ਫੀਡ ਸਟੋਰ ਵਿੱਚ ਰੱਖਣ ਲਈ ਫਰਸ਼ ਇਨ੍ਹਾਂ ਉੱਚਾ ਜ਼ਰੂਰ ਹੋਵੇ ਤਾਂ ਜੋ ਬਾਰਸ਼ ਦਾ ਪਾਣੀ ਬੋਰੀਆਂ ਵਿੱਚ ਵੜ ਨਾ ਸਕੇ (ਤਸਵੀਰ 6.4) ਅਤੇ ਸਟੋਰ ਨਮੀ ਅਤੇ ਸਿਲ੍ਹ ਤੋਂ ਆਜ਼ਾਦ ਰਹੇ।*




**ਤਸਵੀਰ 6.4 : ਉੱਚੇ ਫਰਸ਼ ਵਾਲਾ ਫੀਡ ਸਟੋਰ**

ਖ)　**ਸਹੀ ਢੰਗ ਨਾਲ ਹਵਾ ਦਾ ਸੰਚਾਰ :** *ਇਸ ਗੱਲ ਦਾ ਧਿਆਨ ਰੱਖਣਾ ਜ਼ਰੂਰੀ ਹੈ ਕਿ ਗਰਮ ਅਤੇ ਖੁਸ਼ਕ ਮੌਸਮ ਵਿੱਚ ਸਟੋਰ ਵਿੱਚ ਹਵਾ ਅਸਾਨੀ ਨਾਲ ਜਾਵੇ ਅਤੇ ਬਾਰਸ਼ਾਂ ਵਾਲੀ ਰੁੱਤ ਵਿੱਚ ਸਿਲ੍ਹੀ ਹਵਾ ਸਟੋਰ ਵਿੱਚ ਦਾਖਲ ਹੋਣ ਤੋਂ ਰੋਕੀ ਜਾਵੇ।*

ਗ)　**ਸਟੋਰ ਕੀਤੀਆਂ ਬੋਰੀਆਂ ਦੀ ਉਚਾਈ :** *ਪੱਕੇ ਫਰਸ਼ ਉਪਰ ਬੋਰੀਆਂ 5 ਮੀਟਰ ਉਚਾਈ ਤੱਕ ਬੋਰੀਆਂ ਦੀ ਧਾਂਕ ਲਗਾਈ ਜਾ ਸਕਦੀ ਹੈ ਜਿਵੇਂ ਤਸਵੀਰ 6.5 ਵਿੱਚ ਦਿਖਾਇਆ ਗਿਆ ਹੈ।*




**ਤਸਵੀਰ 6.5　ਫੀਡ ਨਾਲ ਭਰੀਆਂ ਹੋਈਆਂ ਬੋਰੀਆਂ ਦਾ ਸਟੋਰ**

(ਘ)　**ਨਵੀਂ ਅਤੇ ਪੁਰਾਣੀ ਫੀਡ ਲਈ ਵੱਖਰੇ ਸਟੋਰ:** *ਪੁਰਾਣੀ ਫੀਡ ਤੋਂ ਨਵੀਂ ਫੀਡ ਨੂੰ ਦੂਸ਼ਿਤ ਹੋਣ ਤੋਂ ਬਚਾਉਣ ਲਈ ਨਵੀਂ ਫੀਡ ਨੂੰ ਵੱਖਰੇ ਸਟੋਰ ਵਿੱਚ ਰੱਖਣ ਦੀ ਸਲਾਹ ਦਿੱਤੀ ਜਾਂਦੀ ਹੈ।*

(ਙ)　**ਲਗਾਤਾਰ ਨਿਗਰਾਨੀ:** *ਫੀਡ ਦੀ ਗੁਣਵੱਤਾ ਬਰਕਰਾਰ ਰੱਖਣ ਲਈ ਫੀਡ ਵਾਲੀ ਸਮੱਗਰੀ ਦੀ ਨਿਗਰਾਨੀ ਬਹੁਤ ਜ਼ਰੂਰੀ ਹੈ। ਲੰਮੇ ਸਮੇਂ ਲਈ ਫੀਡ ਨੂੰ ਸਟੋਰ ਕਰਨਾ ਹੋਵੇ ਤਾਂ ਗੈਸ ਦੀ ਧੂਣੀ ਸਟੋਰ ਵਿੱਚ ਕਰਨੀ ਜ਼ਰੂਰੀ ਹੈ।*

**ਫੀਡ ਵਿੱਚ ਵਰਤੀਆਂ ਜਾਂਦੀਆਂ ਵੱਖ-ਵੱਖ ਵਸਤਾਂ ਨੂੰ ਸਾਂਭਣ ਲਈ ਸਾਂਝੀ ਇਮਾਰਤ :**

*ਢੁਕਵੇਂ ਸਟੋਰ ਦੀ ਚੋਣ ਸੰਰਚਨਾ ਲਈ ਲੋਕਲ ਪੱਧਰ ਤੇ ਉਪਲੱਬਧ ਸਮਾਨ ਅਤੇ ਸਟੋਰ ਕਰਨ ਵਾਲੀਆਂ ਵਸਤਾਂ ਦੀ ਵੰਨਗੀ ਤੇ ਨਿਰਭਰ ਕਰਦੀ ਹੈ। ਰਵਾਇਤੀ ਤੌਰ ਤੇ ਫੀਡ ਬਣਾਉਣ ਵਾਲੀਆਂ ਵਸਤਾਂ ਨੂੰ ਲੋਕਲ ਪੱਧਰ ਤੇ ਮਿਲਣ ਵਾਲੇ ਸਮਾਨ ਤੋਂ ਬਣੇ ਹੋਏ ਦੇਸੀ ਸਟੋਰਾਂ ਵਿੱਚ ਰੱਖਿਆ ਜਾਂਦਾ ਹੈ। ਪਰ ਅੱਜ-ਕੱਲ ਕਾਫ਼ੀ ਸੁਧਰੇ ਹੋਏ ਨਵੀਂ ਤਰ੍ਹਾਂ ਦੇ ਸਟੋਰ ਬਣਨ ਲੱਗ ਪਏ ਹਨ ਜਿਨ੍ਹਾਂ ਵਿੱਚ ਬਗੈਰ ਨੁਕਸਾਨ ਤੋਂ ਵੱਡੀ ਮਾਤਰਾ ਵਿੱਚ ਫੀਡ ਜਾਂ ਖ਼ੁਰਾਕੀ ਵਸਤਾਂ ਨੂੰ ਸੁਰੱਖਿਅਤ ਰੱਖਿਆ ਜਾ ਸਕਦਾ ਹੈ। ਫੀਡ ਵਿੱਚ ਲੁੜੀਂਦੀ ਸਮੱਗਰੀ ਨੂੰ ਸਾਂਭਣ ਲਈ ਹੇਠ ਲਿਖੇ ਸਟੋਰ ਉਪਲੱਬਧ ਹਨ। ਚਾਰਟ 6.11 ਵਿੱਚ ਪਸ਼ੂਆਂ ਦੀ ਫੀਡ ਨੂੰ ਸਾਂਭਣ ਲਈ ਵੱਖ-ਵੱਖ ਤਰ੍ਹਾਂ ਦੀਆਂ ਸੰਰਚਨਾਵਾਂ ਦਾ ਵਿਵਰਨ ਦਿੱਤਾ ਗਿਆ ਹੈ।*




**ਚਾਰਟ 6.11 ਪਸ਼ੂਆਂ ਦੀ ਫੀਡ ਨੂੰ ਰੱਖਣ ਵਾਲੇ ਵੱਖ-ਵੱਖ ਸਟੋਰ**

## ਅਭਿਆਸ

**ਗਤੀਵਿਧੀ 1: ਮਿਸ਼ਰਤ ਫੀਡ ਤਿਆਰ ਕਰਨ ਦੀ ਵਿਧੀ**

**ਲੁੜੀਂਦਾ ਸਮਾਨ**

1. ਫੀਡ ਵਿੱਚ ਵਰਤੀ ਜਾਣ ਵਾਲੀ ਸਮੱਗਰੀ
2. ਚੱਕੀ (ਗਰਾਈਂਡਰ)
3. ਵੱਖ-ਵੱਖ ਵਸਤਾਂ ਨੂੰ ਆਪਸ ਵਿੱਚ ਇਕਸਾਰ ਮਿਲਾਉਣ ਵਾਲੀ ਮਸ਼ੀਨ (ਮਿਕਸਰ)

**ਤਰਤੀਬ**

1. ਵੱਖ-ਵੱਖ ਵਸਤਾਂ ਦੀ ਲੁੜੀਂਦੀ ਮਾਤਰਾ ਦਾ ਹਿਸਾਬ ਲਾਓ।
2. ਮੱਕੀ ਅਤੇ ਖਲ਼ ਵਰਗੀਆਂ ਵਸਤੂਆਂ ਨੂੰ ਚੱਕੀ ਵਿੱਚ ਪੀਹ ਲਵੋ।
3. ਮਿਕਸਰ ਮਸ਼ੀਨ ਨਾਲ ਸਭ ਪੀਹੀਆਂ ਹੋਈਆਂ ਵਸਤਾਂ ਦਾ ਮਿਸ਼ਰਨ ਬਣਾਓ।
4. ਤਿਆਰ ਕੀਤੀ ਫੀਡ ਨੂੰ ਸਟੋਰ ਵਿੱਚ ਸਾਂਭ ਕੇ ਰੱਖੋ।

**ਆਪਣੀ ਪ੍ਰਾਪਤੀ ਦੀ ਜਾਂਚ ਕਰੋ**

**ੳ) ਬਹੁ-ਵਿਕਲਪੀ ਪ੍ਰਸ਼ਨ**

1. *ਹੇਠ ਲਿਖੀਆਂ ਵਿਚੋਂ ਫੀਡ ਰੱਖਣ ਵਾਲਾ ਕਿਹੜਾ ਰਵਾਇਤੀ ਸਟੋਰ ਹੈ?*
   *ੳ) ਸਾਈਲੋ/ਜ਼ਮੀਨ ਹੇਠ ਸਟੋਰ, ਵੱਡੇ ਡਰੰਮ। ਅ) ਇੱਟਾਂ ਦੇ ਬਣੇ ਗੁਦਾਮ*
   *ੲ) ਸੁਧਰੇ ਬਿਨ/ਵੱਡੇ ਭਾਂਡੇ ਸ) ਮਿੱਟੀ ਦੇ ਭੜੋਲੇ/ਵੱਡੇ ਭਾਂਡੇ*
2. *ਫੀਡ ਕਿਸ ਸ਼ਕਲ ਵਿੱਚ ਡੰਗਰਾਂ ਨੂੰ ਪਾਈ ਜਾਂਦੀ ਹੈ?*
   *ੳ) ਉਬਲਿਆ ਦਲੀਆ ਅ) ਗੋਲੀਆਂ*
   *ੲ) ਚੂਰਾ ਸ) ਉਪਰੋਕਤ ਸਾਰੇ*
3. *ਮਿਸ਼ਰਿਤ ਫੀਡ ਵਿੱਚ ਲੂਣ ਦੀ ਕਿੰਨੀ ਮਾਤਰਾ ਮਿਲਾਈ ਜਾਂਦੀ ਹੈ?*
   *ੳ) 1% ਅ) 2%*
   *ੲ) 3% ਸ) 4%*
4. *ਮਿਸ਼ਰਿਤ ਫੀਡ ਬਣਾਉਣ ਲਈ ਕਿਸ ਤਰ੍ਹਾਂ ਦੀਆਂ ਵਸਤਾਂ ਦੀ ਵਰਤੋਂ ਕੀਤੀ ਜਾਂਦੀ ਹੈ?*
   *ੳ) ਦਾਣੇ ਅ) ਖਲ਼*
   *ੲ) ਖਣਿਜ ਪਦਾਰਥਾਂ ਦਾ ਮਿਸ਼ਰਣ ਸ) ਉਪਰੋਕਤ ਸਾਰੇ*
5. *ਫੀਡ ਵਿੱਚ ਲਘੂ-ਪੂਰਕ ਤੱਤ/ਹੋਰ ਰਸਾਇਣ ਮਿਲਾਏ ਜਾਂਦੇ ਹਨ ਤਾਂ ਜੋ*
   *ੳ) ਖ਼ੁਰਾਕ ਦੀਆਂ ਗੋਲੀਆਂ ਬਣ ਸਕਣ*
   *ਅ) ਸਟੋਰ ਕੀਤੀ ਖ਼ੁਰਾਕ ਦੀ ਗੁਣਵੱਤਾ ਬਰਕਰਾਰ ਰੱਖੀ ਜਾ ਸਕੇ*
   *ੲ) ਪਸ਼ੂ ਦਾ ਵੱਧਣਾ ਫੁੱਲਣਾ ਤੇਜ ਹੋ ਸਕੇ*
   *ਸ) ਉਪਰੋਕਤ ਸਾਰੇ ਮੰਤਵਾਂ ਲਈ*

**ਅ) ਖਾਲੀ ਥਾਂ ਭਰੋ**

1. *ਫੀਡ ਵਾਲੀ ਸਮੱਗਰੀ ਨੂੰ ਪੀਸਣ ਲਈ........ ਵਰਤੀ ਜਾਂਦੀ ਹੈ।*
2. *ਸੰਤੁਲਿਤ ਫੀਡ ਤਿਆਰ ਕਰਨ ਲਈ.............. ਇਕ ਖਾਸ ਅਨੁਪਾਤ ਵਿੱਚ ਮਿਲਾਈ ਜਾਂਦੀ ਹਾਂ।*
3. *ਫੀਡ ਨੂੰ ਸਟੋਰ ਕਰਨ ਲਈ ਜ਼ਰੂਰੀ ਹੈ ਕਿ ਫੀਡ ਵਿੱਚ ਨਮੀ.......% ਤੋਂ ਘੱਟ ਹੋਵੇ।*
4. *ਫੀਡ ਨੂੰ ਸਿੱਲ ਤੋਂ ਬਚਾਉਣ ਲਈ ਸਟੋਰ ਇਹੋ ਜਿਹਾ ਹੋਵੇ ਕਿ ਗਰਮੀ ਅਤੇ ਖੁਸ਼ਕ ਮੌਸਮ ਵਿੱਚ ਹਵਾ ਜਾ ਸਕੇ ਪ੍ਰੰਤੂ............ ਦੀ ਰੁੱਤ ਵਿੱਚ ਸਿੱਲ੍ਹੀ ਹਵਾ ਅੰਦਰ ਨਾ ਜਾ ਸਕੇ।*
5. *ਸਟੋਰ ਵਿੱਚ............ ਫੀਡ ਦਾ ਕਾਫ਼ੀ ਨੁਕਸਾਨ ਕਰਦੇ ਹਨ।*

**ੲ) ਸਹੀ ਜਾਂ ਗਲਤ :**

1. *ਚੋਲਾਂ ਦੀ ਪਾਲਿਸ਼ ਅਤੇ ਕਣਕ ਦਾ ਬੂਰਾ ਪ੍ਰੋਟੀਨ ਦਾ ਮੁੱਖ ਸੋਮਾ ਹੋਣ ਕਰਕੇ ਮਿਸ਼ਰਿਤ ਫੀਡ ਵਿੱਚ ਮਿਲਾਇਆ ਜਾਂਦਾ ਹੈ।*
2. *ਮਿਸ਼ਰਿਤ ਫੀਡ ਵਿੱਚ ਵਰਤੀਆਂ ਜਾਣ ਵਾਲੀਆਂ ਵਸਤਾਂ/(ਸੱਮਗਰੀ) ਨੂੰ ਮਿਲਾਉਣ ਤੋਂ ਪਹਿਲਾਂ ਪੀਹਿਆਂ ਜਾਂਦਾ ਹੈ।*
3. *ਕੁਤਰਿਆ ਹੋਇਆ ਚਾਰਾ ਪਸ਼ੂਆਂ ਨੂੰ ਘੱਟ ਸੁਆਦ ਲੱਗਦਾ ਹੈ।*
4. *ਪਸ਼ੂਆਂ ਦੀ ਖ਼ੁਰਾਕ ਸੰਤੁਲਿਤ ਅਤੇ ਸਸਤੀ ਹੋਣੀ ਚਾਹੀਦੀ ਹੈ।*
5. *ਚੋਰੀ ਤੋਂ ਬਚਣ ਲਈ ਫੀਡ ਸਟੋਰ ਦਾ ਫਰਸ਼ ਉੱਚਾ ਹੋਣਾ ਚਾਹੀਦਾ ਹੈ।*

ਸ) ਕਾਲਮ ਦਾ ਮਿਲਾਣ ਕਰੋ :

| ਕਾਲਮ ੳ) | ਢੁਕਵਾਂ ਸ਼ਬਦ ਕਾਲਮ (ਅ) ਤੋਂ ਲਵੋ | ਕਾਲਮ (ਅ) |
|---|---|---|
| *1. ਸਿਲੰਡਰ ਦੇ ਅਕਾਰ ਦਾ ਜਾਂ ਜ਼ਮੀਨ ਦੇ ਹੇਠਾਂ ਸਟੋਰ* | | *ਪੀਹਣ ਉਪਰੰਤ ਫੀਡ ਨੂੰ ਮਿਲਾਉਂਦਾ ਹੈ।* |
| *2. ਮਿੱਟੀ ਦੇ ਭੜੋਲੇ* | | *ਫੀਡ ਵਾਲੀਆਂ ਵਸਤਾਂ ਨੂੰ ਪੀਂਹਦੀ ਹੈ।* |
| *3. ਮਿਕਸਰ* | | *ਇਕ ਸੁਧਰਿਆ ਹੋਇਆ ਸਟੋਰ ਹੈ।* |
| *4. ਚੱਕੀ* | | *ਰਵਾਇਤੀ ਕਿਸਮ ਦੀ ਫੀਡ ਸਟੋਰ ਹੈ।* |
| *5. ਟੋਕਾ* | | *ਹਰੇ ਪੱਠੇ ਕੁਤਰਨ ਦੇ ਕੰਮ ਕਰਦਾ ਹੈ।* |

ਸਾਰਣੀ ਵਿੱਚ ਢੁਕਵੇਂ ਸ਼ਬਦ ਲਿਖੋ-

| | | | |
|---|---|---|---|
| 4 ਸਾ | 3 ਗੁ | | |
| | | | 5ਮਿ |
| | | | |
| 2ਭ | | | ਰ |

**ਇਕ ਤੋਂ ਦੂਸਰੇ ਕਾੱਲਮ ਵੱਲ ਜਾਂਦੇ ਹੋਏ**

*1. ਦਾਣੇ/ਖਲ਼ ਪੀਸਣ ਵਾਲੀ ਮਸ਼ੀਨ*

*2. ਰਵਾਇਤੀ ਫੀਡ ਸਟੋਰ*

*3. ਵੱਡੇ ਪੱਧਰ ਦਾ ਫੀਡ ਸਟੋਰ*

**ਉਪਰੋਂ ਹੇਠਾਂ ਵੱਲ ਜਾਂਦੇ ਹੋਏ**

*4. ਨਵੀਂ ਕਿਸਮ ਦਾ ਸੁਧਰਿਆ ਹੋਇਆ ਫੀਡ ਸਟੋਰ*

*5. ਫੀਡ ਵਾਲੀਆਂ ਵਸਤੂਆਂ ਨੂੰ ਮਿਲਾਉਣ ਵਾਲੀ ਮਸ਼ੀਨ*

## ਸੈਸ਼ਨ 4: ਪਸ਼ੂਆਂ ਲਈ ਫੀਡ ਅਤੇ ਪਾਣੀ ਦੀ ਉਪਲੱਬਧਤਾ

*ਡੇਅਰੀ ਵਿੱਚ ਪਸ਼ੂਆਂ ਨੂੰ ਲਗਾਤਾਰ ਖ਼ੁਰਾਕ ਅਤੇ ਪਾਣੀ ਦੇਣ ਦੀ ਲੋੜ ਹੁੰਦੀ ਹੈ। ਇਸ ਲਈ ਚੰਗੀ ਵਿਉਂਤਬੰਦੀ ਦੀ ਲੋੜ ਪੈਂਦੀ ਹੈ ਤਾਂ ਜੋ ਡੰਗਰਾਂ ਨੂੰ ਖ਼ੁਰਾਕ ਜਾਂ ਪਾਣੀ ਦੀ ਘਾਟ ਨਾ ਆਵੇ। ਪਸ਼ੂਆਂ ਲਈ ਖ਼ੁਰਾਕ ਅਤੇ ਪਾਣੀ ਦੀ ਪੂਰਤੀ ਸੰਬੰਧੀ ਢੁੱਕਵੀਂ ਵਿਉਂਤਬੰਦੀ ਨਿਮਨਲਿਖਿਤ ਤਿੰਨ ਨੁਕਤਿਆਂ ਤੇ ਨਿਰਭਰ ਕਰਦੀ ਹੈ।*

*ੳ) ਖ਼ੁਰਾਕ ਲਈ ਲੋੜੀਂਦੀਆਂ ਵਸਤਾਂ ਅਤੇ ਪਾਣੀ।  ਅ) ਲੇਬਰ ਜਾਂ ਮਜ਼ਦੂਰ।*

*ੲ) ਮਸ਼ੀਨਰੀ ਜਿਵੇਂ ਕਿ ਨਲਕਾ, ਚੱਕੀ, ਮਿਕਸਰ ਆਦਿ।*

*ਇਨ੍ਹਾਂ ਵਿਚੋਂ ਕਿਸੇ ਇੱਕ ਨੁਕਤੇ ਵਿੱਚ ਖ਼ਰਾਬੀ ਹੋਣ ਕਾਰਨ ਫੀਡ ਅਤੇ ਪਾਣੀ ਦੀ ਸਪਲਾਈ ਵਿੱਚ ਰੁਕਾਵਟ ਪੈ ਸਕਦੀ ਹੈ। ਫੀਡ ਅਤੇ ਚਾਰੇ ਦੀ ਉਪਲੱਬਧਤਾ ਨੂੰ ਯਕੀਨੀ ਬਣਾਉਣ ਸੰਬੰਧੀ ਢੁਕਵੀਂ ਵਿਉਂਤਬੰਦੀ ਮੋਟੇ ਤੌਰ ਤੇ ਸਾਰਨੀ 6.8 ਵਿਚ ਦਿੱਤੀ ਗਈ ਹੈ। ਪਾਣੀ ਦੀ ਸਪਲਾਈ ਯਕੀਨੀ ਬਣਾਉਣ ਲਈ ਵਿਉਂਤ ਬੰਦੀ ਸਾਰਨੀ 6.9 ਵਿੱਚ ਦਿੱਤੀ ਗਈ ਹੈ।*

**ਸਾਰਨੀ 6.8 ਖ਼ੁਰਾਕ ਅਤੇ ਚਾਰੇ ਲਗਾਤਾਰ ਉਪਲੱਬਧ ਕਰਾਉਣ ਸੰਬੰਧੀ ਢੁੱਕਵੀਂ ਵਿਉਂਤਬੰਦੀ**


| ਖ਼ੁਰਾਕ ਦੀ ਕਿਸਮ | ਵਿਉਂਤਬੰਦੀ |
|---|---|
| *ਮਿਸ਼ਰਤ/ਵੰਡ* | *ਮਿਸ਼ਰਿਤ ਫੀਡ ਲਈ ਲੁੜੀਂਦੇ ਬਹੁਤੇ ਅਨਾਜ ਫਸਲਾਂ ਦੀ ਵਾਢੀ ਵਾਲੀ ਰੁੱਤ ਦੌਰਾਨ ਅਸਾਨੀ ਨਾਲ ਉਪਲਬਧ ਹੁੰਦੇ ਹਨ। ਪਰੰਤੂ ਇਨ੍ਹਾਂ ਫਸਲਾਂ ਨੂੰ ਸਟੋਰ ਵਿੱਚ ਲੰਮੇ ਸਮੇਂ ਲਈ ਰੱਖਣ ਤੇ ਕੀੜੇ-ਮਕੌੜਿਆਂ ਜਾਂ ਚੂਹਿਆਂ ਦੁਆਰਾ ਨੁਕਸਾਨ ਦਾ ਡਰ ਹਮੇਸ਼ਾ ਰਹਿੰਦਾ ਹੈ। ਇਸ ਲਈ ਇਹਨਾਂ ਖੁਰਾਕੀ ਵਸਤਾਂ ਨੂੰ ਲੰਬੇ ਸਮੇਂ ਲਈ ਸਟੋਰ ਕਰਨ ਤੋਂ ਪਹਿਲਾਂ ਇਹੋ ਜਿਹੇ ਖਤਰੇ/ਨੁਕਸਾਨ ਨੂੰ ਧਿਆਨ ਵਿੱਚ ਰੱਖਣਾ ਚਾਹੀਦਾ ਹੈ।* |
| *ਪੂਰਕ ਖੁਰਾਕੀ ਪਦਾਰਥ* | *ਫੀਡ ਵਿੱਚ ਅਜਿਹੇ ਪਦਾਰਥਾਂ ਨੂੰ ਲਗਾਤਾਰ ਸ਼ਾਮਿਲ ਕਰਦੇ ਰਹਿਣਾ ਚਾਹੀਦਾ ਹੈ। ਇਨ੍ਹਾਂ ਪਦਾਰਥਾਂ ਦੀ ਗੁਣਵੱਤਾ ਅਤੇ ਕੀਮਤ ਸੰਬੰਧੀ ਪਰਖ ਪੜਚੋਲ ਕਰਕੇ ਲੋੜ ਅਨੁਸਾਰ ਇਨ੍ਹਾਂ ਦੀ ਅਗਾਂਊ ਖਰੀਦ ਕੀਤੀ ਜਾ ਸਕਦੀ ਹੈ।* |
| *ਸੁੱਕੇ ਚਾਰੇ (ਤੂੜੀ/ਪਰਾਲ਼ੀ ਆਦਿ)* | *ਵਾਢੀ ਦੌਰਾਨ ਤੂੜੀ ਘੱਟ ਕੀਮਤਾਂ ਤੇ ਅਸਾਨੀ ਨਾਲ ਉਪਲੱਬਧ ਹੋ ਸਕਦੀ ਹੈ। ਜੇਕਰ ਚੰਗੀ ਤਰ੍ਹਾਂ ਸਟੋਰ ਕਰ ਲਈ ਜਾਵੇ ਤਾਂ ਲੰਮੇ ਸਮੇਂ ਲਈ ਤੂੜੀ ਦੀ ਵਰਤੋਂ ਕੀਤੀ ਜੀ ਸਕਦੀ ਹੈ। ਸਾਰੇ ਸਾਲ ਲਈ ਲੁੜੀਂਦੀ ਮਾਤਰਾ ਦਾ ਅਨੁਮਾਨ ਲਾ ਕੇ ਤੂੜੀ ਜਾਂ ਪਰਾਲੀ ਨੂੰ ਡੇਅਰੀ ਫਾਰਮ ਵਿੱਚ ਸਟੋਰ ਕਰ ਕੇ ਰੱਖ ਲੈਣਾ ਚਾਹੀਦਾ ਹੈ ਤਾਂ ਜੋ ਅਗਲੀ ਰੁੱਤ ਤੱਕ ਇਸਦੀ ਵਰਤੋਂ ਕੀਤੀ ਜਾ ਸਕੇ।* |
| *ਸੁੱਕਾ ਘਾਹ ਅਤੇ ਸਾਈਲੇਜ* | *ਇਹ ਦੋਨੋਂ ਡੇਅਰੀ ਫਾਰਮ ਵਿੱਚ ਹੀ ਤਿਆਰ ਕੀਤੇ ਜਾਂਦੇ ਹਨ। ਹਰੇ ਪੱਠਿਆਂ ਦੀ ਘਾਟ ਹੋਣ ਤੇ ਇਨ੍ਹਾਂ ਦੀ ਵਰਤੋਂ ਕੀਤੀ ਜਾਂਦੀ ਹੈ।* |
| *ਪਸ਼ੂਆਂ ਲਈ ਹਰੇ ਪੱਠਿਆਂ ਦੀ ਕਾਸ਼ਤ* | *ਲਗਭਗ ਸਾਰਾ ਸਾਲ ਹੀ ਹਰੇ ਪੱਠਿਆਂ ਦੀ ਕਾਸ਼ਤ ਕੀਤੀ ਜਾ ਸਕਦੀ ਹੈ। ਇਸ ਲਈ ਹਰੇ ਚਾਰੇ ਵਾਲੀਆਂ ਫਸਲਾਂ ਦੀ ਬਿਜਾਈ ਤੇ ਪਸ਼ੂਆਂ ਨੂੰ ਹਰੇ ਚਾਰੇ ਦੀ ਢੁੱਕਵੀਂ ਸੰਬੰਧੀ ਵਿਉਂਤਬੰਦੀ ਬਹੁਤ ਜ਼ਰੂਰੀ ਹੈ।* |

**ਸਾਰਨੀ 6.9 : ਪਾਣੀ ਦੀ ਨਿਰਵਿਘਨ ਸਪਲਾਈ ਬਾਰੇ ਢੁਕਵੀਂ ਵਿਉਂਤਬੰਦੀ**

| ਪਾਣੀ ਦੀ ਲੋੜ | ਵਿਉਂਤਬੰਦੀ |
|---|---|
| *ਪੀਣ ਲਈ* | *ਪਾਣੀ ਦਾ ਚੁਬੱਚਾ ਅਜਿਹੀ ਜਗ੍ਹਾ ਬਣਾਇਆ ਜਾਵੇ ਤਾਂ ਜੋ ਹਰ ਡੰਗਰ ਦਿਨ/ਰਾਤ ਮਰਜ਼ੀ ਅਨੁਸਾਰ ਜਦ ਚਾਹੇ ਪਾਣੀ ਪੀ ਸਕੇ। ਪੀਣ ਵਾਲਾ ਪਾਣੀ ਸਾਫ਼ ਹੋਣਾ ਚਾਹੀਦਾ ਹੈ। ਗਰਮੀ ਦੀ ਰੁੱਤ ਵਿੱਚ ਪਸ਼ੂਆਂ ਲਈ ਵਧੇਰੇ ਪਾਣੀ ਦੀ ਲੋੜ ਹੁੰਦੀ ਹੈ। ਇਸ ਲਈ ਚੌਖੀ ਮਾਤਰਾ ਵਿੱਚ ਪਾਣੀ ਉਪਲੱਬਧ ਹੋਣਾ ਚਾਹੀਦਾ ਹੈ।* |
| *ਸ਼ੈੱਡ ਆਦਿ ਸਾਫ਼ ਕਰਨ ਲਈ* | *ਪਸ਼ੂਆਂ ਵਾਲੇ ਸ਼ੈੱਡ ਅਤੇ ਇਸਦੇ ਆਲੇ-ਦੁਆਲੇ ਨੂੰ ਹਰ ਰੋਜ਼ ਸਾਫ਼ ਕਰਨਾ ਜ਼ਰੂਰੀ ਹੈ ਨਹੀਂ ਤਾਂ ਬਿਮਾਰੀਆਂ ਫੈਲਣ ਦਾ ਖ਼ਤਰਾ ਵੱਧ ਜਾਂਦਾ ਹੈ।* |
| *ਪਸ਼ੂਆਂ ਨੂੰ ਨਵ੍ਹਾਉਣ ਲਈ* | *ਦੁੱਧ ਚੋਣ ਤੋਂ ਪਹਿਲਾਂ ਨਵ੍ਹਾਉਣਾ ਜ਼ਰੂਰੀ ਹੈ। ਦੂਸਰੇ ਡੰਗਰਾਂ ਨੂੰ ਵੀ ਹਰ ਰੋਜ਼ ਨਵ੍ਹਾਉਣਾ ਚਾਹੀਦਾ ਹੈ। ਗਰਮੀ ਦੀ ਰੁੱਤ ਵਿੱਚ ਪਸ਼ੂਆਂ ਨੂੰ ਗਰਮੀ ਤੋਂ ਬਚਾਉਣ ਲਈ ਰੁਜ਼ਾਨਾ ਦੋ ਵਾਰ ਨਵ੍ਹਾਉਣਾ ਚਾਹੀਦਾ ਹੈ।* |

## ਡੇਅਰੀ ਵਾਲੇ ਪਸ਼ੂਆਂ ਦੀ ਪਾਣੀ ਦੀ ਲੋੜ

ਪਸ਼ੂਆਂ ਦੇ ਸਰੀਰ ਦਾ ਪ੍ਰਮੁੱਖ ਹਿੱਸਾ ਪਾਣੀ ਹੁੰਦਾ ਹੈ। ਇਕ ਵੱਡੇ ਪਸ਼ੂ ਦੇ ਸਰੀਰ ਵਿੱਚ 65% ਪ੍ਰਤੀਸ਼ਤ ਪਾਣੀ ਹੁੰਦਾ ਹੈ। ਥੋੜ੍ਹੇ ਸਮੇਂ ਲਈ ਪਾਣੀ ਤੋਂ ਤਿਹਾਏ ਪਸ਼ੂ ਦੀ ਮੌਤ ਹੋ ਸਕਦੀ ਹੈ ਜਦਕਿ ਉਨ੍ਹੇ ਹੀ ਸਮੇਂ ਲਈ ਖੁਰਾਕ ਨਾ ਮਿਲਣ ਕਰਕੇ ਪਸ਼ੂ ਨਹੀਂ ਮਰਦਾ। ਪਾਣੀ ਸਰੀਰ ਵਿੱਚੋਂ ਪਿਸ਼ਾਬ ਰਾਹੀਂ, ਗੋਹੇ ਰਾਹੀਂ, ਸਾਹ ਲੈਣ ਵੇਲੇ ਬਾਹਰ ਕੱਢੀ ਹਵਾ ਰਾਹੀਂ ਅਤੇ ਚਮੜੀ ਵਿੱਚੋਂ ਪਸੀਨੇ ਰਾਹੀਂ ਲਗਾਤਾਰ ਬਾਹਰ ਨਿਕਲਦਾ ਰਹਿੰਦਾ ਹੈ। ਇਸ ਤੋਂ ਇਲਾਵਾ ਲਵੇਰੇ ਪਸ਼ੂ ਦੁੱਧ ਰਾਹੀਂ ਵੀ ਕਾਫ਼ੀ ਪਾਣੀ ਬਾਹਰ ਕੱਢਦੇ ਹਨ ਕਿਉਂਕਿ ਦੁੱਧ ਵਿੱਚ ਵੀ 87% ਪ੍ਰਤੀਸ਼ਤ ਪਾਣੀ ਹੀ ਹੁੰਦਾ ਹੈ। ਵਧੇਰੇ ਦੁੱਧ ਦੇਣ ਵਾਲੇ ਪਸ਼ੂ ਨੂੰ, ਵਧੇਰੇ ਪ੍ਰੋਟੀਨ ਵਾਲੀ ਖੁਰਾਕ ਦੇਣ ਦੀ ਸੂਰਤ ਵਿੱਚ ਜਾਂ ਹਰੇ ਪੱਠਿਆਂ ਦੀ ਘਾਟ ਸਮੇਂ ਜਾਂ ਗਰਮੀਆਂ ਵਿੱਚ ਪਾਣੀ ਦੀ ਲੋੜ ਵੱਧ ਜਾਂਦੀ ਹੈ। ਪਸ਼ੂਆਂ ਲਈ ਪਾਣੀ ਦਿਨ-ਰਾਤ ਤਰਜੀਹੀ ਪੱਧਰ ਤੇ ਉਪਲਬੱਧ ਹੋਣਾ ਚਾਹੀਦਾ ਹੈ। ਪੀਣ ਤੋਂ ਇਲਾਵਾ, ਡੰਗਰ ਨੂੰ ਨਹਾਉਣ ਅਤੇ ਸ਼ੈੱਡ ਨੂੰ ਧੋਣ ਲਈ ਵੀ ਕਾਫ਼ੀ ਪਾਣੀ ਦੀ ਲੋੜ ਪੈਂਦੀ ਹੈ। ਬਹੁਤ ਸਾਰੇ ਨੁਕਤੇ ਜੋ ਪਸ਼ੂਆਂ ਦੀ ਪਾਣੀ ਦੀ ਜ਼ਰੂਰਤ ਨੂੰ ਪ੍ਰਭਾਵਿਤ ਕਰਦੇ ਹਨ ਚਾਰਟ 6.12 ਵਿੱਚ ਦਿੱਤੇ ਗਏ ਹਨ।




**ਚਾਰਟ 6.12 ਪਸ਼ੂਆਂ ਦੀ ਪਾਣੀ ਦੀ ਲੋੜ ਨੂੰ ਪ੍ਰਭਾਵਿਤ ਕਰਨ ਵਾਲੇ ਨੁਕਤੇ**

ਪਸ਼ੂਆਂ ਨੂੰ ਪਾਣੀ ਪਿਆਉਣ ਸੰਬੰਧੀ ਧਿਆਨਯੋਗ ਨੁਕਤੇ :

- ਦਿਨ ਵਿੱਚ ਕਈ ਵਾਰੀ ਪਾਣੀ ਪੀਣ ਦੀ ਲੋੜ ਪੈਂਦੀ ਹੈ ਅਤੇ ਪਾਣੀ ਦੀ ਜ਼ਰੂਰਤ ਆਮ ਤੌਰ ਤੇ ਖੁਰਾਕ ਅਤੇ ਦੁੱਧ ਚੋਣ ਤੇ ਨਿਰਭਰ ਕਰਦੀ ਹੈ।
- ਗਾਵਾਂ ਸਾਰੇ ਦਿਨ ਦੀ ਪਾਣੀ ਦੀ ਕੁੱਲ ਲੋੜ ਦਾ 30-40 ਪ੍ਰਤੀਸ਼ਤ ਪਾਣੀ ਦੁੱਧ ਚੋਣ ਤੋਂ ਬਾਅਦ ਇਕ ਘੰਟੇ ਅੰਦਰ ਪੀ ਲੈਂਦੀਆਂ ਹਨ।
- ਪਾਣੀ ਦਾ ਤਾਪਮਾਨ : ਗਾਵਾਂ ਜ਼ਿਆਦਾ ਠੰਡੇ ਜਾਂ ਗਰਮ ਪਾਣੀ ਨਾਲੋਂ ਨਿੱਘਾ ਪਾਣੀ (17 ਡਿਗਰੀ ਤੋਂ 27 ਡਿਗਰੀ ਸੈਲਸੀਅਸ) ਜ਼ਿਆਦਾ ਪਸੰਦ ਕਰਦੀਆਂ ਹਨ।
- ਪਾਣੀ ਦੀ ਡੂੰਘਾਈ : ਚੁੱਬਚੇ ਵਿੱਚ ਪਾਣੀ ਘੱਟੋ ਘੱਟ 3 ਇੰਚ ਡੂੰਘਾ ਜ਼ਰੂਰ ਹੋਵੇ ਤਾਂ ਜੋ ਆਪਣਾ ਮੂੰਹ 1 ਜਾਂ 2 ਇੰਚ ਪਾਣੀ ਵਿੱਚ ਡਬੋ ਕੇ ਪਾਣੀ ਪੀ ਸਕੇ।
- ਚੁਬੱਚੇ ਦੀ ਜਗ੍ਹਾ: ਪਸ਼ੂਆਂ ਦੇ ਇੱਕ ਵੱਗ ਲਈ ਘੱਟੋ-ਘੱਟ ਦੋ ਚੁਬੱਚੇ ਵਾੜੇ ਵਿੱਚ ਹੋਣੇ ਚਾਹੀਦੇ ਹਨ।

ਇਕ ਸਧਾਰਨ ਨਿਯਮ ਅਨੁਸਾਰ ਖੁਸ਼ ਗਵਾਰ ਮੌਸਮ ਵਿੱਚ ਇਕ ਡੰਗਰ ਨੂੰ ਉਸਦੇ ਸਰੀਰਿਕ ਵਜ਼ਨ ਦਾ 8-10 ਪ੍ਰਤੀਸ਼ਤ ਪਾਣੀ ਪੀਣ ਦੀ ਲੋੜ ਪੈਂਦੀ ਹੈ ਜਦਕਿ ਗਰਮ ਰੁੱਤ ਵਿੱਚ ਸਰੀਰਿਕ ਵਜਨ ਦਾ 13-14 ਪ੍ਰਤੀਸ਼ਤ ਪਾਣੀ ਪੀਣਾ ਚਾਹੀਦਾ ਹੈ।

ਪ੍ਰਤੀ ਦਿਨ ਪਾਣੀ ਦੀ ਕੁੱਲ ਜ਼ਰੂਰਤ (ਲੀਟਰ) = ਸਰੀਰਿਕ ਵਜ਼ਨ ਦਾ 10 ਪ੍ਰਤੀਸ਼ਤ + ਦੁੱਧ ਦੇ ਵਜ਼ਨ ਦਾ ਡੇਢ ਗੁਣਾ

*ਇਸ ਹਿਸਾਬ ਨਾਲ 400 ਕਿਲੋ ਵਜ਼ਨੀ ਇਕ ਗਾਂ ਜੋ 10 ਲੀਟਰ ਦੁੱਧ ਦਿੰਦੀ ਹੈ ਉਸ ਲਈ [(400×10%+1.5×10)] ਲੀਟਰ [(40+15)] ਲੀਟਰ = 55 ਲੀਟਰ ਪਾਣੀ ਰੁਜ਼ਾਨਾ ਪੀਣਾ ਜ਼ਰੂਰੀ ਹੈ। ਇਸ ਤੋਂ ਇਲਾਵਾ 70-75 ਲੀ. ਪਾਣੀ ਡੰਗਰ ਨਵ੍ਹਾਉਣ ਲਈ ਅਤੇ ਸ਼ੈੱਡ ਸਾਫ਼ ਕਰਨ ਲਈ ਚਾਹੀਦਾ ਹੈ। ਕਿ ਡੰਗਰ ਲਈ ਪ੍ਰਤੀ ਦਿਨ ਕੁੱਲ ਪਾਣੀ ਦੀ ਲੋੜ 55+75 = 130 ਲੀਟਰ ਹੈ।*

**1. ਖੁਰਾਕ ਦੇਣ ਅਤੇ ਪਸ਼ੂਆਂ ਨੂੰ ਪਾਣੀ ਪਿਆਉਣ ਸੰਬੰਧੀ ਵਿਉਂਤਬੰਦੀ ਦੇ ਕੁਝ ਜ਼ਰੂਰੀ ਨੁਕਤੇ :**

*ੳ) ਪਸ਼ੂ ਪਾਲਕ ਨੂੰ ਡੰਗਰਾਂ ਦੇ ਸੁਭਾਅ ਅਤੇ ਖਾਣ-ਪਾਣ ਬਾਰੇ ਪਤਾ ਹੋਣਾ ਚਾਹੀਦਾ ਹੈ, ਉਸ ਮੁਤਾਬਿਕ ਹੀ ਡੰਗਰਾਂ ਨੂੰ ਰੱਖਣਾ ਚਾਹੀਦਾ ਹੈ। ਉਸਨੂੰ ਡੇਅਰੀ ਫਾਰਮ ਦੀ ਸਾਂਭ-ਸੰਭਾਲ ਅਤੇ ਸਾਫ਼-ਸਫ਼ਾਈ ਬਾਰੇ ਪੂਰਾ ਗਿਆਨ ਹੋਣਾ ਜ਼ਰੂਰੀ ਹੈ।*

*ਅ) ਫੀਡ ਅਤੇ ਚਾਰਾ ਘੱਟੋ-ਘੱਟ ਦੋ ਵਾਰੀ ਰੁਜ਼ਾਨਾ ਜ਼ਰੂਰ ਪਾਉਣਾ ਚਾਹੀਦਾ ਹੈ। ਇਸ ਅਨੁਸਾਰ ਫੀਡ ਅਤੇ ਚਾਰਾ ਦੋ ਭਾਗਾਂ ਵਿੱਚ ਵੰਡ ਕੇ ਸਹੀ ਸਮੇਂ-ਸਿਰ ਪਾਉਣਾ ਚਾਹੀਦਾ ਹੈ।*

*ੲ) ਹਰਾ ਚਾਰਾ, ਸੁੱਕਾ ਚਾਰਾ ਅਤੇ ਮਿਸ਼ਰਿਤ ਫੀਡ ਨੂੰ ਮਿਲਾ ਕੇ ਪਾਉਣ ਨਾਲ ਡੰਗਰ ਚੋਖੀ ਮਾਤਰਾ ਵਿੱਚ ਖੁਰਾਕ ਖਾ ਲੈਂਦਾ ਹੈ ਅਤੇ ਖੁਰਾਕੀ ਤੱਤਾਂ ਦਾ ਭਰਪੂਰ ਇਸਤੇਮਾਲ ਕਰ ਲੈਂਦਾ ਹੈ ਜਿਵੇਂ ਕਿ ਚਾਰਟ 6.13 ਵਿੱਚ ਦਰਸਾਇਆ ਹੈ।*




**ਚਾਰਟ 6.13 ਕੱਟੇ ਹੋਏ ਹਰੇ ਚਾਰੇ, ਸੁੱਕੇ ਚਾਰੇ ਅਤੇ ਫੀਡ ਨੂੰ ਆਪਸ ਵਿੱਚ ਰਲਾਅ ਦਿਓ ਤਾਂ ਜੋ ਪਸ਼ੂ ਵਧੇਰੇ ਮਾਤਰਾ ਵਿੱਚ ਖਾਣਾ ਖਾ ਲਵੇ ਅਤੇ ਖੁਰਾਕੀ ਤੱਤਾਂ ਤੋਂ ਪੂਰਾ ਲਾਭ ਮਿਲ ਸਕੇ।**

*ਸ) ਬਿਮਾਰ ਪਸ਼ੂ ਨੂੰ ਡਾਕਟਰ ਦੀ ਸਿਫਾਰਸ਼ ਅਨੁਸਾਰ ਖੁਰਾਕ ਦਿਓ।*

*ਹ) ਗਰਮੀ ਦੇ ਮਹੀਨਿਆਂ ਵਿੱਚ ਫੀਡ ਦਾ ਬਹੁਤਾ ਹਿੱਸਾ ਰਾਤ ਨੂੰ ਡੰਗਰ ਨੂੰ ਪਾਇਆ ਜਾਵੇ।*

*ਕ) ਡੰਗਰ ਵੱਲੋਂ ਪੱਠੇ ਖਾਣ ਅਤੇ ਪਾਣੀ ਪੀਣ ਦਾ ਲਗਾਤਾਰ ਖਿਆਲ ਰੱਖਿਆ ਜਾਵੇ। ਖਾਣ-ਪੀਣ ਦੇ ਤਰੀਕੇ ਵਿੱਚ ਕੋਈ ਤਬਦੀਲੀ ਆਵੇ ਤਾਂ ਸਮਝੋ ਡੰਗਰ ਦੀ ਸਿਹਤ ਠੀਕ ਨਹੀਂ ਹੈ।*

*ਖ) ਖੁਰਲੀ ਹਰ ਰੋਜ਼ ਸਾਫ਼ ਕਰੋ। ਬਚੇ ਹੋਏ ਜਾਂ ਬੇਹੇ ਪੱਠੇ ਖੁਰਲੀ ਵਿੱਚੋਂ ਕੱਢ ਕੇ ਕੂੜਾ ਕਰਕਟ ਭੁਗਤਾਨ ਦੇ ਮਿਆਰੀ ਢੰਗ ਮੁਤਾਬਿਕ ਸੁੱਟ ਦੇਣੇ ਚਾਹੀਦੇ ਹਨ।*

*ਗ) ਖੁਰਾਕ ਦੇਣ ਅਤੇ ਪਾਣੀ ਪਿਆਉਣ ਸੰਬੰਧੀ ਮਸ਼ੀਨਰੀ ਅਤੇ ਹੋਰ ਬਰਤਨ ਹਰ ਰੋਜ਼ ਸਾਫ਼ ਕਰਨੇ ਅਤੇ ਸਾਂਭਣੇ ਜ਼ਰੂਰੀ ਹਨ।*

*ਘ) ਉੱਲੀ ਤੋਂ ਰਹਿਤ ਕਰਨ ਲਈ ਪਾਣੀ ਵਾਲੇ ਚੁਬੱਚੇ ਨੂੰ 15 ਦਿਨਾਂ ਵਿੱਚ ਇਕ ਵਾਰੀ ਜ਼ਰੂਰ ਸਾਫ਼ ਅਤੇ ਸਾਂਭਣੇ ਕਰੋ। ਸਾਫ਼ ਕਰਨ ਅਤੇ ਸੁਕਾਉਣ ਤੋਂ ਬਾਅਦ ਚੁਬੱਚੇ ਦੇ ਅੰਦਰਲੇ ਪਾਸੇ ਚੂਨੇ ਨਾਲ ਲੇਪ ਕਰ ਦਿਉ ਤਾਂ ਜੋ ਉੱਲੀ ਤੋਂ ਬਚਾਅ ਹੋ ਸਕੇ।*

*ਙ) ਵਹਿੜਾ/ਝੋਟੀਆਂ, ਬਿਮਾਰ ਡੰਗਰਾਂ ਅਤੇ ਸੂਣ ਵਾਲੇ ਪਸ਼ੂਆਂ ਵੱਲ ਖਾਸ ਧਿਆਨ ਦੇਣਾ ਚਾਹੀਦਾ ਹੈ।*

*ਚ) ਪੱਠੇ ਜਾਂ ਖੁਰਾਕ ਦੇਣ ਵੇਲੇ ਕਾਮਿਆਂ ਨੂੰ ਡੰਗਰਾਂ ਨਾਲ ਨਰਮਾਈ ਨਾਲ ਪੇਸ਼ ਆਉਣਾ ਚਾਹੀਦਾ ਹੈ।*

*ਛ) ਪੱਠੇ ਅਤੇ ਖੁਰਾਕ ਪਾਉਣ ਵੇਲੇ ਇਸ ਗੱਲ ਦਾ ਧਿਆਨ ਰੱਖੋ ਕਿ ਬਿਮਾਰ ਡੰਗਰਾਂ ਵਾਲੇ ਸ਼ੈੱਡ ਵਿੱਚ ਸਭ ਤੋਂ ਬਾਅਦ ਖੁਰਾਕ ਪਹੁੰਚਾਣੀ ਚਾਹੀਦੀ ਹੈ ਤਾਂ ਜੋ ਬਿਮਾਰੀ ਨਾ ਫੈਲੇ।*

**2. ਫੀਡ ਵਿਅਰਥ ਜਾਣ ਦੇ ਕਾਰਨ ਅਤੇ ਇਸਦੀ ਰੋਕਥਾਮ ਲਈ ਉਪਰਾਲੇ :**

*ਹਰ ਡੇਅਰੀ ਫਾਰਮ ਵਿੱਚ ਕੁਝ ਨਾ ਕੁਝ ਫੀਡ/ਵੰਡ ਜ਼ਰੂਰ ਵਿਅਰਥ ਜਾਂਦਾ ਹੈ। ਫੀਡ ਦਾ ਨੁਕਸਾਨ ਹੇਠ ਲਿਖੀਆਂ ਗਤੀਵਿਧੀਆਂ ਦੌਰਾਨ ਹੁੰਦਾ ਹੈ।*

*ੳ) ਫੀਡ ਭੰਡਾਰ ਕਰਨ ਦੌਰਾਨ: ਸਟੋਰ ਵਿੱਚ ਫੀਡ ਦੇ ਨੁਕਸਾਨ ਲਈ ਮੁੱਖ ਤੌਰ ਤੇ ਕੀੜੇ-ਮਕੌੜੇ ਅਤੇ ਚੂਹੇ ਜ਼ਿੰਮੇਵਾਰ ਹਨ।*

*ਅ) ਫੀਡ ਬਣਾਉਣ ਦੌਰਾਨ : ਖੁਰਾਕੀ ਵਸਤਾਂ ਨੂੰ ਪੀਹਣ ਅਤੇ ਰਲਾਉਣ ਵੇਲੇ ਕੁਝ ਫੀਡ ਵਿਅਰਥ ਜਾ ਸਕਦੀ ਹੈ।*

*ੲ) ਪਸ਼ੂਆਂ ਨੂੰ ਖੁਰਾਕ ਦੇਣ ਸਮੇਂ: ਖੁਰਲੀ ਵਿੱਚ ਪਾਈ ਹੋਈ ਖੁਰਾਕ ਪਸ਼ੂ ਥੱਲੇ ਸੁਟ ਦਿੰਦੇ ਹਨ। ਖੁਰਾਕ ਦੀ ਇਹ ਰਹਿੰਦ ਅਕਸਰ ਗਿੱਲੀ ਅਤੇ ਥੁੱਕ ਨਾਲ ਭਰੀ ਹੁੰਦੀ ਹੈ। ਦੂਸਰੇ ਡੰਗਰ ਦੀ ਜੂਠੀ ਫੀਡ ਨੂੰ ਡੰਗਰ ਅਕਸਰ ਨਹੀਂ ਖਾਂਦੇ ਤੇ ਉਹ ਬੇਕਾਰ ਜਾਂਦੀ ਹੈ। ਖੁਰਲੀ ਵਿੱਚ ਪਈ ਜੂਠੀ ਜਾਂ ਬੇਹੀ ਖੁਰਾਕ ਉੱਲੀ, ਚੂਹੇ ਅਤੇ ਮੱਖੀਆਂ ਦੇ ਵੱਧਣ-ਫੁਲਣ ਲਈ ਸਹਾਈ ਹੁੰਦੀ ਹੈ।*

**ਫੀਡ ਦੇ ਨੁਕਸਾਨ ਦੀ ਰੋਕਥਾਮ ਲਈ ਉਪਰਾਲੇ:**

*ੳ) ਫੀਡ ਭੰਡਾਰ ਕਰਨ ਲਈ ਢੁੱਕਵੇਂ ਸਟੋਰ ਭਾਂਡੇ ਦੀ ਚੋਣ ਕਰੋ।*

*ਅ) ਸਟੋਰ ਵਿੱਚ ਚੂਹਿਆਂ ਦੀ ਕਾਰਗਰ ਤਰੀਕੇ ਨਾਲ ਰੋਕਥਾਮ ਕਰੋ।*

*ੲ) ਫੀਡ ਨੂੰ ਹਨੇਰੇ ਅਤੇ ਠੰਡੇ ਸਟੋਰ ਵਿੱਚ ਰੱਖੋ।*

*ਸ) ਫੀਡ ਲਈ ਲੁੜੀਂਦੇ ਅਨਾਜ ਅਤੇ ਹੋਰ ਸਮੱਗਰੀ ਖਰੀਦਣ ਵੇਲ਼ੇ ਧਿਆਨ ਰੱਖੋ ਕਿ ਇਹਨਾਂ ਵਿੱਚ ਨਮੀ ਘੱਟ ਤੋਂ ਘੱਟ ਹੋਵੇ।*

*ਹ) ਖੁਰਲੀ ਇਸ ਤਰ੍ਹਾਂ ਦੀ ਹੋਵੇ ਤਾਂ ਜੋ ਫੀਡ ਦਾ ਨੁਕਸਾਨ ਘੱਟ ਤੋਂ ਘੱਟ ਹੋਵੇ।*

*ਕ) ਖੁਰਲੀਆਂ ਵਿੱਚੋਂ ਬਾਸੀ/ਮੁਸ਼ਕੀ ਫੀਡ ਨੂੰ ਕੱਢ ਕੇ ਖੁਰਲੀਆਂ ਨੂੰ ਹਰ ਰੋਜ਼ ਸਾਫ਼ ਕਰੋ।*

*ਖ) ਪਸ਼ੂਆਂ ਨੂੰ ਲੋੜ ਅਨੁਸਾਰ ਫੀਡ ਪਾਓ।*

*ਗ) ਜੇਕਰ ਇਕ ਸਾਂਝੀ ਖੁਰਲੀ ਵਿੱਚ ਕਾਫ਼ੀ ਡੰਗਰਾਂ ਨੂੰ ਫੀਡ ਪਾਉਣੀ ਹੋਵੇ ਤਾਂ ਸਰੀਰਕ ਵਜ਼ਨ ਅਤੇ ਉਮਰ ਅਨੁਸਾਰ ਡੰਗਰਾਂ ਦਾ ਵਰਗੀਕਰਨ ਕੀਤਾ ਜਾਵੇ।*

## ਅਭਿਆਸ

**ਗਤੀਵਿਧੀ** 1. *ਗਰਮੀ ਦੀ ਰੁੱਤ ਵਿੱਚ ਇੱਕ ਲਵੇਰੇ ਪਸ਼ੂ ਲਈ ਲੋੜੀਂਦੇ ਪਾਣੀ ਦਾ ਅਨੁਮਾਨ ਲਾਓ।*

**ਤਰੀਕੇ:**

1. *ਪਸ਼ੂ ਦਾ ਭਾਰ ਤੋਲੋ।*
2. *ਪਸ਼ੂ ਵੱਲੋਂ ਦਿੱਤੇ ਦੁੱਧ ਦਾ ਵਜ਼ਨ ਨੋਟ ਕਰੋ।*
3. *ਚੰਗੀ ਸਿਹਤ ਅਤੇ ਪੂਰੀ ਦੁੱਧ ਦੀ ਪੈਦਾਵਾਰ ਲੈਣ ਲਈ ਪਸ਼ੂ ਲਈ ਲੁੜੀਂਦੇ ਪਾਣੀ ਦੀ ਮਾਤਰਾ ਕੱਢਣ ਲਈ ਇਸ ਫਾਰਮੂਲੇ ਦੀ ਵਰਤੋਂ ਕਰੋ: ਸਰੀਰਿਕ ਵਜ਼ਨ ਦਾ 10%+ ਦੁੱਧ ਦੇ ਵਜ਼ਨ ਦਾ ਡੇਢ ਗੁਣਾ*
4. *ਸ਼ੈੱਡ ਸਾਫ਼ ਕਰਨ ਲਈ ਲੁੜੀਂਦੇ ਪਾਣੀ ਦੀ ਮਾਤਰਾ ਦਾ ਹਿਸਾਬ ਲਾਓ।*
5. *ਗਰਮੀ ਦੀ ਰੁੱਤ ਕਾਰਨ ਪਾਣੀ ਦੀ ਵਧੇਰੇ ਲੁੜੀਂਦੀ ਮਾਤਰਾ ਦਾ ਅਨੁਮਾਨ ਲਾਓ।*
6. *ਪਾਣੀ ਦੀਆਂ ਇਹ ਸਾਰੀਆਂ ਲੋੜਾਂ ਨੂੰ ਜੋੜ ਲਵੋ।*

**ਆਪਣੀ ਪ੍ਰਾਪਤੀ ਦੀ ਪਰਖ ਕਰੋ**

**ੳ) ਬਹੁ-ਵਿਕਲਪੀ ਪ੍ਰਸ਼ਨ**

1. *ਹੇਠ ਲਿਖੀਆਂ ਵਿੱਚੋਂ ਕਿਹੜੀ ਖੁਰਾਕ ਨੂੰ ਡੰਗਰਾਂ ਨੂੰ ਪਾਉਣ ਤੋਂ ਪਹਿਲਾਂ ਕੁਤਰਨਾ ਪੈਂਦਾ ਹੈ।*

   *ੳ) ਤੂੜੀ　　ਅ) ਹਰਾ ਚਾਰਾ　　ੲ) ਫੀਡ/ਵੰਡ　　ਸ) ਕੋਈ ਵੀ ਨਹੀਂ*
2. *ਸਾਂਝੀ ਵੱਡੀ ਖੁਰਲੀ ਦੀ ਵਰਤੋਂ ਕੀਤੀ ਜਾਂਦੀ ਹੈ।*

   *ੳ) ਡੰਗਰਾਂ ਦੇ ਵੱਗ ਲਈ　　ਅ) ਇਕੱਲੇ-ਇਕੱਲੇ ਡੰਗਰ ਲਈ*

ੲ) 'ੳ' ਅਤੇ 'ਅ' ਦੋਹਾਂ ਲਈ ਸ) ਉਪਰੋਕਤ ਵਿੱਚੋਂ ਕਿਸੇ ਲਈ ਵੀ ਨਹੀਂ

3. ਪਸ਼ੂਆਂ ਲਈ ਲੁੜੀਂਦੀ ਪਾਣੀ ਦੀ ਮਾਤਰਾ ਨਿਰਭਰ ਕਰਦੀ ਹੈ।

ੳ) ਸਰੀਰਕ ਵਜ਼ਨ ਤੇ ਅ) ਖੁਰਾਕ ਤੇ

ੲ) ਆਲੇ ਦੁਆਲੇ ਦੇ ਤਾਪਮਾਨ ਤੇ ਸ) ਉਪਰੋਕਤ ਸਾਰਿਆਂ ਤੇ

4. ਫੀਡ ਬਣਾਉਣ ਲਈ ਲੁੜੀਂਦੀਆਂ ਵਸਤੂਆਂ ਨੂੰ ਲੰਬੇ ਸਮੇਂ ਲਈ ਸਟੋਰ ਵਿੱਚ ਰੱਖਣ ਨਾਲ

ੳ) ਕੀੜਾ-ਮਕੌੜਾ ਲੱਗ ਜਾਂਦਾ ਹੈ। ਅ) ਚੂਹੇ ਨੁਕਸਾਨ ਕਰਦੇ ਹਨ।

ੲ) ਨਮੀ ਵਿੱਚ ਕਮੀ ਆਉਂਦੀ ਹੈ। ਸ) ਉਪਰੋਕਤ ਸਭ ਕੁਝ ਸੰਭਵ ਹੈ।

5. ਡੰਗਰਾਂ ਨੂੰ ਲਗਾਤਾਰ ਫੀਡ ਅਤੇ ਪਾਣੀ ਦੇਣ ਲਈ ਕੀਤੀ ਵਿਉਂਤਬੰਦੀ ਵਿੱਚ ਹੇਠ ਲਿਖਿਆਂ ਵਿੱਚੋਂ ਕਿਹੜਾ ਜ਼ਰੂਰੀ ਹੈ।

ੳ) ਮਜ਼ਦੂਰ ਅ) ਮਸ਼ੀਨਰੀ

ੲ) ਫੀਡ ਵਾਲੀ ਸਮੱਗਰੀ ਸ) ਉਪਰੋਕਤ ਸਾਰੇ

**ਅ) ਖਾਲੀ ਥਾਂ ਢੁਕਵੇਂ ਸ਼ਬਦ ਨਾਲ ਭਰੋ :**

1. ਵੱਡੇ ਡੰਗਰ ਲਈ ਰੁਜ਼ਾਨਾ....... ਲੀਟਰ ਪਾਣੀ ਦੀ ਲੋੜ ਹੈ।
2. ਇਕ ਦੇਸੀ ਗਾਂ ਆਪਣੇ ਸਰੀਰਕ ਵਜ਼ਨ ਦਾ.......... % ਸੁੱਕਾ ਪਦਾਰਥ ਔਸਤਨ ਹਰ ਰੋਜ਼ ਖਾ ਲੈਂਦੀ ਹੈ।
3. ਉੱਲੀ ਰਹਿਤ ਕਰਨ ਲਈ ਪਾਣੀ ਵਾਲਾ ਚੁਬੱਚਾ ਹਰ...... ਦਿਨਾਂ ਵਿੱਚ ਇੱਕ ਵਾਰੀ ਜ਼ਰੂਰ ਸਾਫ਼ ਕੀਤਾ ਜਾਵੇ ।
4. ਪਸ਼ੂ ਨੂੰ ਪਾਣੀ ਵਿੱਚ ਆਪਣਾ ਮੂੰਹ 1-2 ਇੰਚ ਡਬੋਣ ਲਈ ਚੁਬੱਚੇ ਵਿੱਚ ਪਾਣੀ ਦੀ ਘੱਟੋ ਘੱਟ ਡੂੰਘਾਈ....... ਇੰਚ ਜ਼ਰੂਰ ਹੋਣੀ ਚਾਹੀਦੀ ਹੈ।
5. ਇਕ ਸਧਾਰਨ ਨਿਯਮ ਅਨੁਸਾਰ ਸੁਖਾਵੇਂ ਵਾਤਾਵਰਨ ਵਿੱਚ ਪਸ਼ੂ ਨੂੰ ਹਰ ਰੋਜ਼ ਆਪਣੇ ਸਰੀਰਿਕ ਵਜ਼ਨ ਦਾ ...... ਪ੍ਰਤੀਸ਼ਤ ਪਾਣੀ ਪੀਣਾ ਚਾਹੀਦਾ ਹੈ।

**ੲ) ਗਲਤ ਜਾਂ ਸਹੀ :**

1. ਇੱਕ ਵੱਡੀ ਗਾਂ, ਵੱਡੀ ਮੱਝ ਨਾਲੋਂ ਵੱਧ ਸੁੱਕਾ ਪਦਾਰਥ ਖਾਂਦੀ ਹੈ।
2. ਸੁਕਾਏ ਘਾਹ ਵਿੱਚ ਸਾਈਲੇਜ ਨਾਲੋਂ ਵੱਧ ਨਮੀ ਹੁੰਦੀ ਹੈ।
3. ਫੀਡ ਅਤੇ ਚਾਰਾ ਹਰ ਰੋਜ਼ ਦੋ ਵਾਰ ਪਸ਼ੂ ਨੂੰ ਦੇਣੇ ਚਾਹੀਦੇ ਹਨ।
4. ਪਸ਼ੂ ਦੀ ਖੁਰਾਕ ਵਿੱਚੋਂ ਬਚਿਆ ਫੀਡ ਨਸ਼ਟ ਹੋ ਜਾਂਦਾ ਹੈ।
5. ਫੀਡ ਨੂੰ ਸਟੋਰ ਵਿੱਚ ਰੱਖਣ ਦੌਰਾਨ ਚੂਹਿਆਂ ਅਤੇ ਕੀੜੇ-ਮਕੌੜਿਆਂ ਦੁਆਰਾ ਫ਼ੀਡ ਦੀ ਕਾਫ਼ੀ ਮਾਤਰਾ ਨਸ਼ਟ ਕਰ ਦਿੱਤੀ ਜਾਂਦੀ ਹੈ।

**ਸ) ਢੁਕਵੇਂ ਕਾਲਮ ਦਾ ਮਿਲਾਣ ਕਰੋ।**

| ਕਾਲਮ 'ੳ' | ਕਾਲਮ 'ਅ' ਤੋਂ ਢੁਕਵੇਂ ਸ਼ਬਦ ਦੀ ਚੋਣ ਕਰਕੇ ਲਿਖੋ। | ਕਾਲਮ 'ਅ' |
|---|---|---|
| 1. ਚੱਕੀ ਅਤੇ ਮਿਕਸਰ ਮਸ਼ੀਨ | | ਭੰਡਾਰਨ ਦੌਰਾਨ ਫੀਡ ਦਾ ਨੁਕਸਾਨ |
| 2. ਕੀੜੇ-ਮਕੌੜੇ ਅਤੇ ਚੂਹੇ | | ਬਾਕੀ ਬਚਿਆ ਫੀਡ |
| 3. ਖੁਰਲੀ | | ਆਮ ਤੌਰ ਤੇ ਰਾਤ ਨੂੰ ਫੀਡ ਪਾਈ ਜਾਂਦੀ ਹੈ |
| 4. ਗਰਮੀ ਦੀ ਰੁੱਤ | | ਪਾਣੀ ਲਈ ਹੈ |
| 5. ਚੁਬੱਚਾ | | ਫੀਡ/ਵੰਡ ਤਿਆਰ ਕਰਨ ਲਈ ਹੈ |

ਹ) ਸਾਰਨੀ ਵਿੱਚ ਢੁੱਕਵਾਂ ਸ਼ਬਦ ਲਿਖੋ।

| | | | |
|---|---|---|---|
| 2 ਸ | — | — | ਰ |
| | | 5 ਪ | 3 ਗ |
| 2 ਸ | | — | — |
| — | | — | — |
| — | | ਧੋ | — |

**ਇੱਕ ਕਾਲਮ ਤੋਂ ਦੂਸਰੇ ਕਾਲਮ ਵੱਲ ਜਾਂਦੇ ਹੋਏ ਲਿਖੋ :**

*1. ਪਾਣੀ ਨਾਲ ਸ਼ੈੱਡ ਦੀ ਸਫ਼ਾਈ ਦੀ ਕਿਰਿਆ।*

*2. ਖ਼ੁਰਾਕ ਅਤੇ ਪਾਣੀ ਪਸ਼ੂਆਂ ਨੂੰ ਲਗਾਤਾਰ ਦੇਣ ਲਈ ਜ਼ਰੂਰੀ ਹੈ।*

**ਉਪਰੋਂ ਹੇਠਾਂ ਵੱਲ ਜਾਂਦੇ ਹੋਏ ਲਿਖੋ।**

*3. ਇਸ ਰੁੱਤ ਵਿੱਚ ਪਸ਼ੂਆਂ ਨੂੰ ਜ਼ਿਆਦਾ ਮਾਤਰਾ ਵਿੱਚ ਪਾਣੀ ਦੀ ਲੋੜ ਹੁੰਦੀ ਹੈ।*

*4. ਡੰਗਰਾਂ ਦੀ ਚੰਗੀ ਸਿਹਤ ਲਈ ਸ਼ੈੱਡ ਅੰਦਰ ਇਹ ਗਤੀਵਿਧੀ ਲਗਾਤਾਰ ਕਰਨੀ ਪੈਂਦੀ ਹੈ।*

*5. ਇੱਕ ਪ੍ਰਕਾਰ ਦਾ ਸੁੱਕਾ ਚਾਰਾ ਹੈ।*

## ਇਕਾਈ 5 ਪਸ਼ੂਆਂ ਦੀ ਸਾਂਭ-ਸੰਭਾਲ (Management of Dairy Animals)


**ਸੈਸ਼ਨ 1**

### ਭੂਮਿਕਾ (Introduction)

*ਪਾਲਤੂ ਪਸ਼ੂ ਰੋਜ਼ਾਨਾ ਦੀ ਕਾਰਵਾਈ ਜਿਵੇਂ ਕਿ ਖ਼ੁਰਾਕ/ਪੱਠੇ ਖਾਣੇ, ਦੁੱਧ ਚੋਣਾ, ਸਫ਼ਾਈ ਆਦਿ ਨੂੰ ਇੱਕ ਨਿਯਮ-ਬੱਧ ਤਰਤੀਬ ਅਨੁਸਾਰ ਨਿਭਾਉਂਦੇ ਹਨ। ਕਈ ਵਾਰ ਉਹ ਜ਼ਖਮੀ ਜਾਂ ਬਿਮਾਰ ਵੀ ਹੋ ਜਾਂਦੇ ਹਨ। ਬਿਮਾਰ ਡੰਗਰ ਅਸਧਾਰਨ ਵਰਤਾਓ ਕਰਦਾ ਹੈ ਅਤੇ ਰੋਗਾਂ ਦੀਆਂ ਨਿਸ਼ਾਨੀਆਂ ਜਾਂ ਲੱਛਣ ਪ੍ਰਗਟ ਕਰਦਾ ਹੈ। ਡੇਅਰੀ ਵਿੱਚ ਪਸ਼ੂਆਂ ਦੀ ਸਾਂਭ-ਸੰਭਾਲ ਨਾਲ ਸੰਬੰਧਤ ਵੱਖ-ਵੱਖ ਪਹਿਲੂਆਂ ਬਾਰੇ ਇਸ ਯੂਨਿਟ ਵਿੱਚ ਚਰਚਾ ਕੀਤੀ ਜਾਵੇਗੀ। ਪਸ਼ੂ ਪਾਲਕ ਨੂੰ ਆਪਣੇ ਡੰਗਰਾਂ ਦੀ ਲਗਾਤਾਰ ਨਿਗਰਾਨੀ ਰੱਖਣੀ ਚਾਹੀਦੀ ਹੈ ਤਾਂ ਜੋ ਕਿਸੇ ਰੋਗ ਦੇ ਅਸਧਾਰਨ ਲੱਛਣ ਦੀ ਸ਼ਨਾਖਤ ਅਰੰਭਰ ਅਵੱਸਥਾ ਵਿੱਚ ਹੀ ਹੋ ਸਕੇ। ਕਈ ਕਾਰਨਾਂ ਕਰਕੇ ਡੰਗਰਾਂ ਨੂੰ ਇਕ ਥਾਂ ਤੋ ਦੂਜੀ ਥਾਂ ਤੇ ਲਿਜਾਣਾ ਪੈਂਦਾ ਹੈ। ਅਜਿਹਾ ਪੂਰੀ ਸਾਵਧਾਨੀ ਨਾਲ ਕਰਨਾ ਚਾਹੀਦਾ ਹੈ ਤਾਂ ਜੋ ਡੰਗਰ ਨੂੰ ਸਫ਼ਰ ਦੁਰਾਨ ਕੋਈ ਔਖ ਨਾ ਆਵੇ। ਡੇਅਰੀ ਵਿੱਚ ਕੰਮ ਕਰਦੇ ਮਜ਼ਦੂਰ ਨੂੰ ਵੀ ਪਸ਼ੂਆਂ ਦੁਆਰਾ ਸੱਟ ਲੱਗਣ ਤੋਂ ਬਚਾਅ ਰੱਖਣਾ ਚਾਹੀਦਾ ਹੈ। ਰੋਜ਼ਾਨਾ ਪੈਦਾ ਹੁੰਦੇ ਗੋਬਰ ਅਤੇ ਮਲਮੂਤਰ ਨੂੰ ਬਾਹਰ ਕੱਢ ਕੇ ਡੇਅਰੀ ਫਾਰਮ ਨੂੰ ਸਾਫ਼ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਬਿਮਾਰੀਆਂ ਫੈਲਣ ਅਤੇ ਪ੍ਰਦੂਸ਼ਣ ਦੇ ਖਤਰੇ ਤੋਂ ਬੱਚਤ ਹੋ ਸਕੇ।*

**1. ਡੰਗਰਾਂ ਦੀ ਚੰਗੀ ਸਿਹਤ ਲਈ ਮਿਆਰੀ ਪ੍ਰਬੰਧ (Standard Practices to maintain health of dairy aniamls)**

*ਕਿਸੇ ਬਿਮਾਰ ਜਾਂ ਜ਼ਖ਼ਮੀ ਪਸ਼ੂ ਦੀ ਪਹਿਚਾਣ ਕਰਨ ਲਈ ਪਸ਼ੂ ਪਾਲਕ ਨੂੰ ਹਰ ਰੋਜ਼ ਡੇਅਰੀ ਫਾਰਮ ਦਾ ਨਿਰੀਖਣ ਕਰਨਾ ਚਾਹੀਦਾ ਹੈ। ਪੱਠੇ ਪਾਉਣ, ਪਾਣੀ ਪਿਆਉਣ, ਦੁੱਧ ਚੋਣ ਆਦਿ ਰੋਜ਼ਾਨਾ ਦੀ ਕਾਰਵਾਈ ਨਿਭਾਉਣੀ ਜ਼ਰੂਰੀ ਹੈ। ਰੋਜ਼ਾਨਾ ਦੀ ਇਸ ਕਾਰਵਾਈ ਵਿੱਚ ਵਿਘਨ ਜਾਂ ਰੁਕਾਵਟ ਦਾ ਡੰਗਰਾਂ ਦੀ ਸਿਹਤ ਅਤੇ ਦੁੱਧ ਦੀ ਪੈਦਾਵਾਰ ਤੇ ਬੁਰਾ ਅਸਰ ਪੈਂਦਾ ਹੈ। ਚਾਰਟ 5.1 ਵਿੱਚ ਦਰਸਾਈਆਂ ਵੱਖ-ਵੱਖ ਪ੍ਰਕਾਰ ਦੀਆਂ ਬਿਮਾਰੀਆਂ ਅਤੇ ਅਸਧਾਰਨ ਵਰਤਾਓ ਦੇ ਲੱਛਣਾਂ ਅਨੁਸਾਰ ਡੰਗਰਾਂ ਦਾ ਨਿਰੀਖਣ ਕਰੋ।*




**ਚਾਰਟ 5.1: ਬਿਮਾਰੀ ਦੇ ਲੱਛਣ**

*ਡੰਗਰਾਂ ਦੀ ਚੰਗੀ ਸਿਹਤ ਅਤੇ ਬਿਮਾਰ ਡੰਗਰ ਦੀ ਦੇਖ-ਭਾਲ ਸੰਬੰਧੀ ਮਿਆਰੀ ਉਪਰਾਲੇ ਚਾਰਟ 5.2 ਵਿੱਚ ਦਿੱਤੇ ਗਏ ਹਨ।*





**ਚਾਰਟ 5.2 : ਪਸ਼ੂਆਂ ਦੀ ਸਿਹਤ ਅਤੇ ਦੇਖਭਾਲ ਕਰਨ ਲਈ ਜ਼ਰੂਰੀ ਉਪਰਾਲੇ**

### 2. ਟੀਕਾਕਰਨ (Vaccination)

*ਮਨੁੱਖ ਵਾਂਗ ਪਸ਼ੂ ਵੀ ਕੀਟਾਣੂਆਂ, ਵਿਸ਼ਾਣੂਆਂ, ਉੱਲੀਆਂ ਜਾਂ ਪਰਜੀਵਾਂ ਨੂੰ ਸੰਵੇਦਨਸ਼ੀਲ ਹੋਣ ਕਾਰਨ ਭਿਆਨਕ ਬਿਮਾਰੀਆਂ ਦਾ ਸ਼ਿਕਾਰ ਹੋ ਜਾਂਦੇ ਹਨ। ਬਿਮਾਰੀ ਫੈਲਣ ਨਾਲ ਡੇਅਰੀ ਫਾਰਮ ਨੂੰ ਸਖ਼ਤ ਨੁਕਸਾਨ ਹੋ ਸਕਦਾ ਹੈ। ਇਸ ਲਈ ਪਸ਼ੂਆਂ ਦੀ ਸਿਹਤ ਸੰਬੰਧੀ ਇਲਾਜ ਨਾਲੋਂ ਪਰਹੇਜ ਚੰਗਾ, ਵਾਲੀ 'ਕਹਾਵਤ' ਅਨੁਸਾਰ ਵਿਸ਼ੇਸ਼ ਸਾਵਧਾਨੀਆਂ ਰੱਖਣ ਨਾਲ ਬਿਮਾਰੀਆਂ ਅਤੇ ਬਿਮਾਰੀ ਕਾਰਨ ਪਸ਼ੂਆਂ ਨੂੰ ਹੁੰਦੇ ਕਸ਼ਟ ਤੋਂ ਬਚਾਅ ਹੋ ਸਕਦਾ ਹੈ। ਮੁੱਖ ਬਿਮਾਰੀਆਂ ਜਿਨ੍ਹਾਂ ਦੀ ਰੋਕਥਾਮ ਲਈ ਟੀਕਾ ਜਾਂ ਵੈਕਸੀਨੇਸ਼ਨ ਜ਼ਰੂਰੀ ਹੈ ਚਾਰਟ 5.3 ਵਿੱਚ ਦੱਸੀਆਂ ਗਈਆਂ ਹਨ। ਵੈਕਸੀਨੇਸ਼ਨ ਨਾਲ ਪਸ਼ੂ ਦੀ ਬਿਮਾਰੀਆਂ ਨਾਲ ਲੜਨ ਦੀ ਸਮੱਰਥਾ ਵਿੱਚ ਵਾਧਾ ਹੁੰਦਾ ਹੈ। ਸਿੱਟੇ ਵੱਜੋਂ ਪਸ਼ੂਆਂ ਅਤੇ ਮਨੁੱਖਾਂ ਲਈ ਭਿਆਨਕ ਬਿਮਾਰੀਆਂ ਦੀ ਰੋਕਥਾਮ ਹੋ ਜਾਂਦੀ ਹੈ।*

*ਵੈਕਸੀਨ ਇਕ ਤਰਲ ਪਦਾਰਥ ਹੁੰਦਾ ਹੈ ਜਿਸ ਵਿੱਚ ਮਾਰੇ ਗਏ ਖਾਸ ਜੀਵਾਣੂ ਹੁੰਦੇ ਹਨ ਜੋ ਇੱਕ ਖਾਸ ਵਰਗ ਦੇ ਬਿਮਾਰੀ ਫਲਾਉਣ ਵਾਲੇ ਜੀਵਾਣੂਆਂ ਵਿਰੁੱਧ ਲੜਨ ਵਾਲੀ ਪਸ਼ੂ ਦੀ ਅੰਦਰੂਨੀ ਸੁਰੱਖਿਅਤ ਪ੍ਰਨਾਲੀ ਨੂੰ ਤਾਕਤਵਰ ਬਣਾ ਦਿੰਦੇ ਹਨ। ਵੈਕਸੀਨ ਵਿੱਚ ਜੀਵਾਣੂ ਦੁਆਰਾ ਉਤਪੰਨ ਵਿਸ਼ੇਲੇ ਤੱਤ ਦਾ ਕੁੱਝ ਹਿੱਸਾ ਹੀ ਹੁੰਦਾ ਹੈ ਜਿਸ ਕਾਰਨ ਵੈਕਸੀਨ ਲਾਉਣ ਉਪਰੰਤ ਡੰਗਰ ਬਿਮਾਰ ਤਾਂ ਹੁੰਦਾ ਪ੍ਰੰਤੂ ਭਵਿੱਖ ਵਿੱਚ ਜੀਵਾਣੂਆਂ ਦੁਆਰਾ ਬਿਮਾਰੀ ਫੈਲਾਉਣ ਤੋਂ ਡੰਗਰ ਨੂੰ ਸੁਰੱਖਿਆ ਪ੍ਰਦਾਨ ਕਰ ਦਿੰਦਾ ਹੈ। ਵੈਕਸੀਨ ਤੋਂ ਭਾਵ ਇਕ ਅਜਿਹਾ ਟੀਕਾ ਜੋ ਡੰਗਰ ਦੇ ਸ਼ਰੀਰ ਵਿੱਚ ਲਗਾ ਦਿੱਤਾ ਜਾਂਦਾ ਹੈ ਜਿਸ ਕਾਰਨ ਪਸ਼ੂ ਦੀ ਬਿਮਾਰੀਆਂ ਖਿਲਾਫ਼ ਲੜਨ ਦੀ ਅੰਦਰੂਨੀ ਸੁਰੱਖਿਆ ਪ੍ਰਨਾਲੀ ਮਜ਼ਬੂਤ ਹੋ ਜਾਂਦੀ ਹੈ ਅਤੇ ਬਿਮਾਰੀ ਦੇ ਹਮਲੇ ਤੋਂ ਡੰਗਰ ਸੁਰੱਖਿਅਤ ਹੋ ਜਾਂਦਾ ਹੈ। ਟੀਕਾਕਰਣ ਮਿਆਰੀ ਨਿਰਦੇਸ਼ ਅਨੁਸਾਰ ਜਾਂ ਤਾਂ ਚਮੜੀ ਦੀ ਹੇਠਲੀ ਤਹਿ ਵਿੱਚ ਜਾਂ ਪੱਠਿਆਂ (ਮਸਲ) ਵਿੱਚ ਲਗਾਇਆ ਜਾਂਦਾ ਹੈ। ਇਹ ਸਿਰਫ਼ ਤੰਦਰੁਸਤ ਪਸ਼ੂ ਦਾ ਹੀ ਕੀਤਾ ਜਾਂਦਾ ਹੈ।*




**ਚਾਰਟ 5.3 ਛੂਤ ਦੀਆਂ ਪ੍ਰਮੁੱਖ ਬਿਮਾਰੀਆਂ ਜਿਨ੍ਹਾਂ ਦੀ ਰੋਕਥਾਮ ਟੀਕਾਕਰਣ ਨਾਲ ਹੋ ਸਕਦੀ ਹੈ।**

**ਗਾਵਾਂ ਅਤੇ ਮੱਝਾਂ ਦੇ ਟੀਕਾਕਰਣ ਲਈ ਸਮਾਂ-ਸੂਚੀ**

*ਮੱਝਾਂ ਅਤੇ ਗਾਵਾਂ ਦੇ ਨਿਰਧਾਰਿਤ ਟੀਕਾਕਰਣ ਦੀ ਸੂਚੀ ਸਾਰਣੀ 5.1 ਵਿੱਚ ਦਿੱਤੀ ਗਈ ਹੈ।*

**ਸਾਰਨੀ 5.1 ਮੱਝਾਂ ਅਤੇ ਗਾਵਾਂ ਵਿੱਚ ਛੂਤ ਤੇ ਰੋਗਾਂ ਦੀ ਰੋਕਥਾਮ ਲਈ ਟੀਕਾਕਰਣ ਦੀ ਸਮਾਂ-ਸੂਚੀ**

| ਵੈਕਸੀਨ/ | ਪਹਿਲੇ ਟੀਕੇ ਦਾ ਸਮਾਂ | ਬੂਸਟਰ ਟੀਕੇ ਦਾ ਸਮਾਂ | ਦੋਹਰੇ ਟੀਕੇ ਦਾ ਸਮਾਂ |
|---|---|---|---|
| ਮੂੰਹ-ਖੁਰ ਦੀ ਵੈਕਸੀਨ | 6-8 ਹਫ਼ਤੇ ਦੀ ਉਮਰ ਤੱਕ | ਪਹਿਲੇ ਟੀਕੇ ਤੋਂ 6 ਮਹੀਨੇ ਬਾਅਦ | ਸਲਾਨਾ |
| ਗਲ਼-ਘੋਟੂ ਦੀ ਵੈਕਸੀਨ | 6 ਜਾਂ 6 ਮਹੀਨੇ ਤੋਂ ਵੱਡੀ ਉਮਰ ਵਿੱਚ | - | ਸਲਾਨਾ |
| ਲੰਗੜਾ ਬੁਖ਼ਾਰ ਦੀ ਵੈਕਸੀਨ | 6 ਜਾਂ 6 ਮਹੀਨੇ ਤੋਂ ਵੱਧ ਉਮਰ ਵਿੱਚ | - | ਸਲਾਨਾ |
| ਤਿੱਲੀ ਦਾ ਰੋਗ ਦੀ ਵੈਕਸੀਨ | 6 ਜਾਂ 6 ਤੋਂ ਵੱਡੀ ਉਮਰ ਵਿੱਚ | ਮਹਾਂਮਾਰੀ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ | ਸਲਾਨਾ |
| ਤੂਅ ਜਾਣਾ ਰੋਗ ਲਈ ਬਰੂਸੈਲਾ ਵੈਕਸੀਨ | 4-8 ਮਹੀਨੇ ਦੀ ਉਮਰ ਦੀ ਕੱਟੀ ਜਾਂ ਵੱਛੀ | - | - |

*ਪਸ਼ੂਆਂ ਲਈ ਬਹੁਤੀਆਂ ਵੈਕਸੀਨ ਬਿਮਾਰੀ ਫੈਲਾਉਣ ਵਾਲੇ ਜ਼ਿੰਦਾ ਜੀਵਾਣੂਆਂ ਤੋਂ ਤਿਆਰ ਕੀਤੀਆਂ ਜਾਂਦੀਆਂ ਹਨ।*

*ਵੈਕਸੀਨ ਦਵਾਈਆਂ ਤਾਪਮਾਨ ਨੂੰ ਬਹੁਤ ਸੰਵੇਦਨਸ਼ੀਲ ਹੁੰਦੀਆਂ ਹਨ। ਇਸ ਲਈ ਬਿਮਾਰੀ ਦੀ ਕਾਰਗਰ ਰੋਕਥਾਮ ਲਈ ਇਨ੍ਹਾਂ ਦਾ ਸੁਚੱਜੇ ਢੰਗ ਨਾਲ ਰੱਖ-ਰਖਾਓ ਅਤੇ ਸਹੀ ਸਮੇਂ ਤੇ ਇਸਤੇਮਾਲ ਬਹੁਤ ਜ਼ਰੂਰੀ ਹੈ।*

**ਟੀਕਾਕਰਣ ਬਾਰੇ ਰਿਕਾਰਡ ਬਹੁਤ ਜ਼ਰੂਰੀ ਹੈ।**

*ਟੀਕਾਕਰਣ ਦੇ ਸੰਬੰਧ ਵਿੱਚ ਲਿਖਤੀ ਰਿਕਾਰਡ ਰੱਖਣਾ ਬਹੁਤ ਜ਼ਰੂਰੀ ਹੈ। ਕਿਸੇ ਇਲਾਕੇ ਵਿੱਚ ਬਿਮਾਰੀ ਵੱਡੇ ਪੱਧਰ ਤੇ ਫੈਲਣ ਦੀ ਹਾਲਤ ਵਿੱਚ ਸਬੂਤ ਵਜੋਂ ਅਤੇ ਵੈਕਸੀਨੈਸ਼ਨ ਕਰਨ ਉਪਰੰਤ ਡੰਗਰ ਤੇ ਬੁਰੇ ਪ੍ਰਭਾਵ ਪ੍ਰਗਟ ਹੋਣ ਦੀ ਸੂਰਤ ਵਿੱਚ ਘੋਖ ਕਰਨ ਲਈ ਟੀਕਾਕਰਣ ਦਾ ਰਿਕਾਰਡ ਜ਼ਰੂਰੀ ਹੈ।*


*ਹਰ ਡੰਗਰ ਦੇ ਟੀਕਾਕਰਣ ਸੰਬੰਧੀ ਹੇਠ ਲਿਖੀ ਜਾਣਕਾਰੀ ਜ਼ਰੂਰ ਲਿਖੀ ਜਾਵੇ।*

*ੳ) ਟੀਕੇ ਦਾ ਨਾਂ, ਦਵਾਈ ਬਣਾਉਣ ਵਾਲੀ ਕੰਪਨੀ ਦਾ ਨਾਂ, ਲਾਟ ਨੰਬਰ ਅਤੇ ਸੀਰੀਅਲ ਨੰਬਰ, ਦਵਾਈ ਦੀ ਮਿਆਦ ਖ਼ਤਮ ਹੋਣ ਵਾਲੀ ਮਿਤੀ।*

*ਅ) ਵੈਕਸੀਨ ਦੇਣ/ਟੀਕਾ ਲਾਉਣ ਦੀ ਮਿਤੀ*

*ੲ) ਟੀਕਾ ਲਾਉਣ ਦਾ ਤਰੀਕਾ*

*ਸ਼ੀਸ਼ੀ ਉਪਰੋਂ ਦੁਆਈ ਵਾਲਾ ਲੇਬਲ (ਤਸਵੀਰ 5.1) ਉਤਾਰ ਕੇ ਰਿਕਾਰਡ ਵਾਲੇ ਰਜਿਸਟਰ ਵਿੱਚ ਚਿਪਕਾਇਆ ਜਾ ਸਕਦਾ ਹੈ। ਅਜਿਹਾ ਰਿਕਾਰਡ ਇੱਕ ਕੰਪਿਊਟਰ ਵਿੱਚ ਰੱਖਣਾ ਆਸਾਨ ਹੈ।*




**ਤਸਵੀਰ 5.1-ਕੰਪਨੀ ਵੱਲੋਂ ਸ਼ੀਸ਼ੀ ਉਪਰ ਚਿਪਕਾਏ ਲੇਬਲ ਦਾ ਇਕ ਨਮੂਨਾ ਜਿਸ ਉਪਰ 1) ਵੈਕਸੀਨ ਦਾ ਨਾਂ, 2) ਵੈਕਸੀਨ ਦੇਣ ਦਾ ਤਰੀਕਾ, 3) ਵੈਕਸੀਨ ਦੇਣ ਦੀ ਮਾਤਰਾ 4) ਵੈਕਸੀਨ ਰੱਖਣ ਲਈ ਢੁੱਕਵਾਂ ਤਾਪਮਾਨ, 5) ਬੈਚ ਨੰਬਰ ਅਤੇ 6) ਨਿਰਮਾਤਾ ਕੰਪਨੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਲਿਖੀ ਹੋਈ ਹੈ।**

**3. ਡੇਅਰੀ ਫਾਰਮ ਵਿੱਚ ਡੰਗਰਾਂ ਲਈ ਢੁਕਵਾਂ ਵਾਤਾਵਰਨ ਸਥਾਪਿਤ ਕਰਨਾ।**

*ਪਾਲਤੂ ਡੰਗਰਾਂ ਦਾ ਸਰੀਰਕ ਤਾਪਮਾਨ ਸਥਿਰ ਰਹਿੰਦਾ ਹੈ ਅਤੇ ਵਾਤਾਵਰਣ ਅਨੁਸਾਰ ਇਸ ਵਿੱਚ ਤਬਦੀਲੀ ਨਹੀਂ ਆਉਂਦੀ। ਡੰਗਰਾਂ ਵਿੱਚ ਪਾਚਨ ਕਿਰਿਆ ਦੁਆਰਾ ਗਰਮੀ ਪੈਦਾ ਹੁੰਦੀ ਹੈ। ਪਸ਼ੂ ਇਸ ਗਰਮੀ ਨੂੰ ਚਮੜੀ ਰਾਹੀਂ ਜਾਂ ਸਾਹ ਰਾਹੀਂ ਬਾਹਰ ਹਵਾ ਵਿੱਚ ਕੱਢਦਾ ਹੈ। ਚਮੜੀ ਉਪਰਲੀ ਨਮੀਂ ਅਤੇ ਫੇਫੜਿਆਂ ਦੁਆਰਾ ਪੈਦਾ ਕੀਤੀ ਨਮੀਂ ਦੇ ਵਾਸ਼ਪੀਕਰਨ ਦੁਆਰਾ ਕੁਝ ਗਰਮੀ ਪਸ਼ੂ ਦੁਆਰਾ ਬਾਹਰਲੀ ਹਵਾ ਵਿੱਚ ਕੱਢ ਦਿੱਤੀ ਜਾਂਦੀ ਹੈ ਤਾਂ ਜੋ ਸਰੀਰ ਦਾ ਤਾਪਮਾਨ ਸਥਿਰ ਰਹੇ। ਡੰਗਰਾਂ ਦੁਆਰਾ ਸ਼ੈੱਡ ਅੰਦਰ ਇਸ ਤਰ੍ਹਾਂ ਨਾਲ ਗਰਮੀ ਅਤੇ ਨਮੀ ਲਗਾਤਾਰ ਛੱਡੀ ਜਾਣ ਕਾਰਨ ਸ਼ੈੱਡ ਅੰਦਰਲਾ ਮਾਹੌਲ/ਵਾਤਾਵਰਨ ਪਸ਼ੂ ਲਈ ਕਾਫ਼ੀ ਅਣਸੁਖਾਵਾਂ ਹੋ ਜਾਂਦਾ ਹੈ। ਜੋ ਕਿ ਉਹਨਾਂ ਲਈ ਤਨਾਵਪੂਰਨ ਹੋ ਸਕਦਾ ਹੈ ਅਤੇ ਅਖੀਰ ਵਿੱਚ ਕੱਸ਼ਟ ਅਤੇ ਬਿਮਾਰੀਆਂ ਦਾ ਰੂਪ ਲੈ ਸਕਦਾ ਹੈ। ਇਸ ਲਈ ਵਧੇਰੇ ਪਸ਼ੂ ਰੱਖਣ ਦੀ ਸੂਰਤ ਵਿੱਚ ਸ਼ੈੱਡ ਅੰਦਰਲੇ ਵਾਤਾਵਰਨ ਨੂੰ ਸੁਖਾਵਾਂ ਰੱਖਣ ਲਈ ਢੁਕਵੇਂ ਪ੍ਰਬੰਧ ਕਰਨੇ ਜ਼ਰੂਰੀ ਹਨ।*

*ਸੁਖਾਵਾਂ ਵਾਤਾਵਰਨ ਰੱਖਣ ਲਈ ਸ਼ੈੱਡ ਹਵਾਦਾਰ ਹੋਵੇ, ਬਹੁਤੀ ਠੰਡ ਦੀ ਰੁੱਤ ਵਿੱਚ ਗਰਮ ਰੱਖਣ ਲਈ ਹੀਟਰ ਹੋਵੇ ਅਤੇ ਬਹੁਤ ਗਰਮੀ ਦੇ ਮੌਸਮ ਵਿੱਚ ਇਸਨੂੰ ਠੰਡਾ ਰੱਖਣ ਲਈ ਕੂਲਰ ਦਾ ਪ੍ਰਬੰਧ ਜ਼ਰੂਰੀ ਹੈ।*

*ਦੁੱਧ ਦੀ ਚੰਗੇਰੀ ਪੈਦਾਵਾਰ ਲਈ ਹੇਠ ਲਿਖੀਆਂ ਵਾਤਾਵਰਨ ਦੀਆਂ ਸੁਖਾਵੀਆਂ ਹਾਲਤਾਂ ਜ਼ਰੂਰੀ ਹਨ:*

**ੳ) ਤਾਪਮਾਨ**

*ਡੇਅਰੀ ਸ਼ੈੱਡ ਅੰਦਰਲਾ ਤਾਪਮਾਨ 15-27 ਡਿਗਰੀ ਸੈਲਸੀਅਸ ਹੋਣਾ ਜ਼ਰੂਰੀ ਹੈ। ਇਸ ਤੋਂ ਘੱਟ ਜਾਂ ਵੱਧ ਤਾਪਮਾਨ ਡੰਗਰਾਂ ਦੀ ਸਿਹਤ ਅਤੇ ਦੁੱਧ ਦੀ ਪੈਦਾਵਾਰ ਲਈ ਨੁਕਸਾਨਦਾਇਕ ਹੈ।*

**ਅ) ਨਮੀ**

*ਸ਼ੈੱਡ ਵਿੱਚ ਮੁਕਾਬਲਤਨ ਨਮੀਂ 40% ਤੋਂ 60% ਹੋਣੀ ਚਾਹੀਦੀ ਹੈ। ਇਸ ਤੋਂ ਘੱਟ ਜਾਂ ਵੱਧ ਨਮੀ ਨਾਲ਼ ਡੰਗਰਾਂ 'ਤੇ ਬੁਰਾ ਪ੍ਰਭਾਵ ਪੈਂਦਾ ਹੈ।*

**ੲ) ਹਵਾਦਾਰ ਹੋਣਾ**

*ਇੱਕ ਹਵਾਦਾਰ ਸ਼ੈੱਡ/ਮਕਾਨ ਵਿੱਚ ਡੰਗਰ ਬੜਾ ਸੁਖਾਵਾਂ ਮਹਿਸੂਸ ਕਰਦੇ ਹਨ। ਪਸ਼ੂਆਂ ਦੁਆਰਾ ਉਤਪੰਨ ਕੀਤੀਆਂ ਹਾਨੀਕਾਰਕ ਗੈਸਾਂ ਬਾਹਰ ਨਿਕਲ ਜਾਂਦੀਆਂ ਹਨ ਜੇਕਰ ਸ਼ੈੱਡ ਹਵਾਦਾਰ ਹੋਵੇ। ਸ਼ੈੱਡ ਵਿੱਚ ਬਹੁਤੇ ਡੰਗਰ ਰੱਖਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।*

**ਸ) ਹਵਾ ਦੀ ਰਫਤਾਰ**


*ਜੇਕਰ ਹਵਾ 5-8 ਕਿਲੋਮੀਟਰ ਪ੍ਰਤੀ ਘੰਟਾ ਦੀ ਸਪੀਡ ਤੇ ਵਗ ਰਹੀ ਹੈ ਤਾਂ ਇਸ ਵਿੱਚ ਪਸ਼ੂ ਕਾਫ਼ੀ ਸੁਖਾਵਾਂ ਮਹਿਸੂਸ ਕਰਦੇ ਹਨ। ਜਿਨ੍ਹਾਂ ਇਲਾਕਿਆਂ ਵਿੱਚ ਤੇਜ਼ ਹਨੇਰੀ ਚਲਦੀ ਹੈ ਅਜਿਹੇ ਇਲਾਕਿਆਂ ਵਿੱਚ ਡੇਅਰੀ ਫਾਰਮ ਦੇ ਆਲ਼ੇ-ਦੁਆਲ਼ੇ ਉੱਚੇ ਦਰਖ਼ਤ ਲਾਉਣ ਨਾਲ ਹਵਾ ਦੀ ਸਪੀਡ ਕੁੱਝ ਘੱਟ ਕੀਤੀ ਜਾ ਸਕਦੀ ਹੈ ਅਤੇ ਪਸ਼ੂਆਂ ਨੂੰ ਰਾਹਤ ਮਿਲ ਸਕਦੀ ਹੈ।*

**ਹ) ਲੋੜ ਅਨੁਸਾਰ ਰੌਸ਼ਨੀ**

*ਜ਼ਿਆਦਾ ਤੇਜ਼ ਰੌਸ਼ਨੀ ਵਿੱਚ ਪਸ਼ੂ ਅਣਸੁਖਾਵਾਂ ਮਹਿਸੂਸ ਕਰਦੇ ਹਨ ਜਿਸ ਨਾਲ ਉਨ੍ਹਾਂ ਦੀ ਸਿਹਤ ਅਤੇ ਪੈਦਾਵਾਰ ਪ੍ਰਭਾਵਿਤ ਹੁੰਦੀ ਹੈ। ਇਸ ਪੱਖ ਤੋਂ ਬਿਮਾਰ, ਕਮਜ਼ੋਰ, ਗਰਭਵਤੀ ਅਤੇ ਨੌਜਆਨ ਡੰਗਰਾਂ ਦਾ ਖਾਸ ਖਿਆਲ ਰਖਣਾ ਚਾਹੀਦਾ ਹੈ।*

**4. ਡੰਗਰਾ ਦੇ ਦਬਾਅ ਘਟਾਉਣ ਲਈ ਢੁਕਵੇਂ ਪ੍ਰਬੰਧ**

*ਡੰਗਰਾਂ 'ਤੇ ਬੁਰਾ ਪ੍ਰਭਾਵ ਪਾਉਣ ਵਾਲੇ ਕਾਰਨ ਚਾਰਟ 5.4 ਵਿੱਚ ਦਿੱਤੇ ਜਾਂਦੇ ਹਨ।*




**ਚਾਰਟ 5.4 ਨਵੇਂ ਡੇਅਰੀ ਫਾਰਮ ਵਿੱਚ ਜਾਣ ਤੇ**

ਪਸ਼ੂ ਇੱਕ ਸਮਾਜਿਕ ਜੀਵ ਹਨ ਜੋ ਇਕੱਠੇ ਵੱਗ ਜਾਂ ਝੁੰਡ ਵਿੱਚ ਰਹਿਣਾ ਪਸੰਦ ਕਰਦੇ ਹਨ। ਇਕੱਠੇ ਪਸ਼ੂਆਂ ਦਾ ਵਰਤਾਉ ਵੱਗ ਦਾ ਵਰਤਾਉ ਕਹਿਲਾਉਂਦਾ ਹੈ (ਤਸਵੀਰ 5.2)। ਉਹ ਇਕੱਲੇ ਰਹਿਣਾ ਪਸੰਦ ਨਹੀਂ ਕਰਦੇ। ਉਹ ਵੱਗ ਵਿਚਲੇ ਦੂਸਰੇ ਪਸ਼ੂਆਂ ਨੂੰ ਦੇਖਕੇ ਰਹਿਣਾ ਪਸੰਦ ਕਰਦੇ ਹਨ। ਪਸ਼ੂ ਸਰੀਰਿਕ ਤੌਰ ਤੇ ਵੱਡੇ ਹੋਣ ਕਰਕੇ ਕਈ ਵਾਰੀ ਜੇਕਰ ਉਨ੍ਹਾਂ ਨੂੰ ਛੇੜਿਆ ਜਾਵੇ ਤਾਂ ਉਹ ਭੜਕ ਉਠਦੇ ਹਨ। ਅਜਿਹੇ ਭੂਸਰੇ ਡੰਗਰ ਆਪਸ ਵਿੱਚ ਭਿੜਦੇ ਹਨ ਅਤੇ ਕਈ ਵਾਰ ਪਸ਼ੂ ਪਾਲਕਾਂ ਲਈ ਵੀ ਖਤਰਾ ਬਣ ਜਾਂਦੇ ਹਨ। ਭੈੜਾ ਵਰਤਾਉ ਕਰਨ ਵਾਲੇ ਪਸ਼ੂ ਪਾਲਕ ਤੋਂ ਡੰਗਰ ਭੈਭੀਤ ਹੋ ਜਾਂਦੇ ਹਨ ਅਤੇ ਦਬਾਅ ਵਿੱਚ ਚਲੇ ਜਾਂਦੇ ਹਨ।



**ਤਸਵੀਰ 5.2 : ਪਸ਼ੂ ਵੱਗ ਜਾਂ ਝੁੰਡ ਵਿੱਚ ਰਹਿਣਾ ਪਸੰਦ ਕਰਦੇ ਹਨ।**

ਪਸ਼ੂਆਂ ਦੀ ਵਧੀਆ ਦੇਖ ਭਾਲ ਕਰਨ ਲਈ ਉਨ੍ਹਾਂ ਨਾਲ ਚੰਗਾ ਵਰਤਾਉ ਕਰਨਾ ਚਾਹੀਦਾ ਹੈ। ਪਸ਼ੂ ਵੱਖ-ਵੱਖ ਵਿਅਕਤੀਆਂ ਨਾਲ ਅਲੱਗ-ਅਲੱਗ ਤਰ੍ਹਾਂ ਦਾ ਵਰਤਾਉ ਕਰਦੇ ਹਨ। ਇਸ ਨੂੰ ਸਮਝਣਾ ਜ਼ਰੂਰੀ ਹੈ ਕਿ ਕੁਝ ਪਸ਼ੂ ਪਾਲਕਾਂ ਨੂੰ ਡੰਗਰ ਪਸੰਦ ਨਹੀਂ ਕਰਦੇ ਕਿਉਂਕਿ ਉਹ ਡੰਗਰਾਂ ਨਾਲ ਬੁਰੀ ਤਰ੍ਹਾਂ ਪੇਸ਼ ਆਉਂਦੇ ਹਨ ਜਿਸ ਕਰਕੇ ਪਸ਼ੂ ਉਹਨਾਂ ਦਾ ਭੈਅ ਮੰਨਦੇ ਹਨ।

### 5. ਡੰਗਰਾਂ ਦੀ ਢੋਆ-ਢੁਆਈ

ਡੰਗਰਾਂ ਨੂੰ ਇਕ ਜਗ੍ਹਾ ਤੋਂ ਦੂਸਰੀ ਥਾਂ ਤੇ ਲਿਜਾਣ ਲਈ ਉਹਨਾਂ ਨੂੰ ਫੜ ਕੇ ਗੱਡੀ ਤੇ ਲੱਦਣਾ ਪੈਂਦਾ ਹੈ।

ਨਵੀਂ ਜਗ੍ਹਾ ਤੇ ਡੰਗਰ ਇਕੱਲਾ-ਪਨ ਮਹਿਸੂਸ ਕਰਦਾ ਹੈ। ਉਹ ਦੂਸਰੇ ਡੰਗਰਾਂ ਤੋਂ ਵਿੱਛੜ ਜਾਂਦਾ ਹੈ। ਨਵੀਂ ਜਗ੍ਹਾਂ ਤੇ ਗਰਮੀ ਜਾਂ ਸਰਦੀ ਅਤੇ ਪਾਣੀ ਜਾਂ ਖੁਰਾਕ ਦੀ ਥੁੜ ਦਾ ਉਸਨੂੰ ਸਾਹਮਣਾ ਕਰਨਾ ਪੈ ਸਕਦਾ ਹੈ। ਇਨ੍ਹਾਂ ਕਾਰਨਾਂ ਕਰਕੇ ਜਦ ਡੰਗਰ ਨੂੰ ਇਕ ਥਾਂ ਤੋਂ ਦੂਸਰੀ ਜਗ੍ਹਾਂ ਤਬਦੀਲ ਕੀਤਾ ਜਾਂਦਾ ਹੈ ਤਾਂ ਉਸਨੂੰ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਲਈ ਜਦ ਵੀ ਡੰਗਰ ਨੂੰ ਇੱਕ ਥਾਂ ਤੋਂ ਦੂਸਰੀ ਜਗ੍ਹਾ ਲਿਜਾਣਾ ਹੋਵੇ ਤਾਂ ਡੰਗਰੀ ਸੁੱਖ-ਸਹੂਲਤ ਅਤੇ ਸੁਰੱਖਿਆ ਦਾ ਪੂਰਾ ਧਿਆਨ ਰੱਖੋ। ਢੋਆ-ਢੁਆਈ ਦੁਰਾਨ ਡੰਗਰ ਕਾਫ਼ੀ ਦਬਾਅ ਵਿੱਚ ਆ ਜਾਂਦਾ ਹੈ। ਤਾਪਮਾਨ, ਨਮੀਂ ਜਾਂ ਸ਼ੋਰ ਕਰਕੇ ਜਾਂ ਖੁਰਾਕ ਤੇ ਪਾਣੀ ਦੀ ਘਾਟ ਕਰਕੇ ਜਾਂ ਨਵੀਂ ਥਾਂ ਅਤੇ ਨਵੇਂ ਡੰਗਰਾਂ ਵਿੱਚ ਜਾਣ ਕਾਰਨ ਡੰਗਰ ਨੂੰ ਉਦਰੇਵਾਂ ਹੋ ਜਾਂਦਾ ਹੈ ਅਤੇ ਉਹ ਦਬਾਅ ਹੇਠ ਆ ਜਾਂਦਾ ਹੈ।

*ਢੋਆ-ਢੁਆਈ ਦਾ ਮੰਤਵ : ਡੰਗਰਾਂ ਨੂੰ ਇਕ ਥਾਂ ਤੋਂ ਦੂਸਰੀ ਜਗ੍ਹਾ ਕਈ ਕਾਰਨਾਂ ਕਰਕੇ ਲਿਜਾਣਾ ਪੈਂਦਾ ਹੈ। ਡੰਗਰਾਂ ਨੂੰ ਵੇਚਣ ਸਮੇਂ ਜਾਂ ਸੋਕੇ ਨਾਲ ਪ੍ਰਭਾਵਿਤ ਇਲਾਕੇ ਤੋਂ ਹਰੇ-ਭਰੇ ਇਲਾਕੇ ਵਿੱਚ ਚਾਰਨ ਲਈ ਜਾਂ ਮਾਹਰ ਡਾਕਟਰ ਕੋਲ ਇਲਾਜ ਕਰਾਉਣ ਲਈ ਜਾਂ ਕਿਸਾਨ ਮੇਲੇ ਤੇ ਨੁਮਾਇਸ਼ ਲਈ ਢੋਆ-ਢੁਆਈ ਦੇ ਸਾਧਨ : ਆਮ ਤੌਰ ਤੇ ਡੰਗਰਾਂ ਦੀ ਢੋਆ-ਢੁਆਈ ਲਈ ਹੇਠ ਲਿਖੇ ਸਾਧਨ ਵਰਤੇ ਜਾਂਦੇ ਹਨ।*

*ੳ) ਡੰਗਰਾਂ ਨੂੰ ਤੋਰ ਕੇ*

*ਅ) ਸੜਕ ਰਾਹੀਂ*

*ੲ) ਰੇਲ ਗੱਡੀ ਰਾਹੀਂ*

*ਸ) ਸਮੁੰਦਰ ਰਾਹੀਂ*

*ਹ) ਹਵਾਈ ਜਹਾਜ਼ ਰਾਹੀਂ*

*ਡੰਗਰ ਨੂੰ ਗੱਡੀ 'ਤੇ ਚਾੜ੍ਹਨ ਅਤੇ ਲਾਹੁਣ ਲਈ ਸਾਧਨ: ਗੱਡੀ ਤੇ ਚਾੜਨ ਜਾਂ ਲਾਹੁਣ ਲਈ ਇੱਕ ਉੱਚੀ ਤੇ ਢਾਲੂ ਜਗ੍ਹਾ ਜਾਂ ਫੱਟੇ ਦੀ ਲੋੜ ਪੈਂਦੀ ਹੈ ਜਿਸਨੂੰ ਰੈਂਪ ਕਿਹਾ ਜਾਂਦਾ ਹੈ। ਇਹ ਢਾਲ ਜਾਂ ਫੱਟਾ ਅਜਿਹਾ ਹੋਣਾ ਚਾਹੀਦਾ ਹੈ ਤਾਂ ਜੋ ਚੜਦੇ ਸਮੇਂ ਜਾਂ ਉਤਰਨ ਸਮੇਂ ਡੰਗਰ ਇਸ ਤੋਂ ਤਿਲਕ ਨਾ ਸਕੇ। ਕੰਕਰੀਟ ਦੀ ਅਜਿਹੀ ਬਣੀ ਢਲਾਣ ਚੰਗੀ ਰਹਿੰਦੀ ਹੈ ਕਿਉਂਕਿ ਇਸ 'ਤੇ ਡੰਗਰ ਤਿਲਕਦਾ ਨਹੀਂ ਅਤੇ ਅਸਾਨੀ ਨਾਲ ਗੱਡੀ ਵਿੱਚ ਚੜ੍ਹ ਜਾਂਦਾ ਹੈ। ਅਜਿਹੀ ਢਲਾਣ ਦਾ ਕੋਣ 20 ਜਾਂ ਘੱਟ ਹੋਣਾ ਚਾਹੀਦਾ ਹੈ ਤਾਂ ਜੋ ਡੰਗਰ ਆਸਾਨੀ ਨਾਲ ਗੱਡੀ ਤੋਂ ਚੜ੍ਹ ਸਕੇ ਜਾਂ ਉਤਰ ਸਕੇ।*

**ੳ) ਪਸ਼ੂਆਂ ਨੂੰ ਤੋਰ ਕੇ ਲਿਜਾਣਾ**

*ਗਾਵਾਂ ਅਤੇ ਮੱਝਾਂ ਨੂੰ ਇਕ ਥਾਂ ਤੋਂ ਦੂਸਰੀ ਜਗ੍ਹਾ ਤੋਰ ਕੇ ਅਸਾਨੀ ਨਾਲ ਲਿਜਾਇਆ ਜਾ ਸਕਦਾ ਹੈ। ਅਜਿਹੇ ਸਫ਼ਰ ਦੀ ਵਿਉਂਤਬੰਦੀ ਲੰਬੀ ਦੂਰੀ, ਹਰੇ ਘਾਹ ਨੂੰ ਚਰਨ, ਪਾਣੀ ਦੀ ਉਪਲੱਬਧੀ ਅਤੇ ਰਾਤ ਵੇਲੇ ਆਰਾਮ ਆਦਿ ਨੁਕਤਿਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਕਰਨੀ ਚਾਹੀਦੀ ਹੈ। ਦਿਨ ਵੇਲੇ ਸਵੇਰੇ ਜਾਂ ਸ਼ਾਮ ਜੱਦ ਠੰਢ ਹੋਵੇ ਤਦ ਪਸ਼ੂਆਂ ਨੂੰ ਤੋਰਨਾ ਚਾਹੀਦਾ ਹੈ। ਰੇਲ ਗੱਡੀ ਤੇ ਚੜ੍ਹਾਉਣ ਤੋਂ ਪਹਿਲਾਂ ਪਸ਼ੂ ਨੂੰ ਕੁਝ ਅਰਾਮ ਕਰਨ ਦਿਓ ਅਤੇ ਪਾਣੀ ਪਿਆਓ। ਇਕ ਪਸ਼ੂ ਨੂੰ ਵੱਧ ਤੋਂ ਵੱਧ ਕਿੰਨੀ ਦੂਰੀ ਤੱਕ ਤੌਰ ਕੇ ਲਿਜਾਇਆ ਜਾ ਸਕਦਾ ਹੈ ਇਹ ਉਸਦੀ ਸਿਹਤ, ਉਮਰ ਅਤੇ ਮੌਸਮ ਤੇ ਨਿਰਭਰ ਕਰਦਾ ਹੈ। ਵੱਖ-ਵੱਖ ਪਸ਼ੂਆਂ ਲਈ ਇਹ ਦੂਰੀ ਸਾਰਣੀ 5.2 ਵਿੱਚ ਦਿੱਤੀ ਗਈ ਹੈ।*

*ਇਸ ਤੋਂ ਵੱਧ ਪਸ਼ੂਆਂ ਨੂੰ ਤੋਰਨਾ ਨਹੀਂ ਚਾਹੀਦਾ।*

**ਸਾਰਨੀ 5.2: ਤੋਰਨ ਯੋਗ ਵੱਧ ਤੋਂ ਵੱਧ ਦੂਰੀ**

| ਪਸ਼ੂ ਦੀ ਕਿਸਮ | ਇਕ ਦਿਨ ਦਾ ਸਫ਼ਰ | ਇਕ ਦਿਨ ਤੋਂ ਵੱਧ ਸਫ਼ਰ | |
|---|---|---|---|
| | | ਪਹਿਲਾ ਦਿਨ | ਹਰ ਅਗਲੇ ਦਿਨ |
| *ਗਾਵਾਂ/ਮੱਝਾਂ* | *30 ਕਿ: ਮੀ:* | *24 ਕਿ: ਮੀ:* | *22 ਕਿ: ਮੀ:* |
| *ਭੇਡ/ਬੱਕਰੀ* | *24 ਕਿ: ਮੀ:* | *24ਕਿ: ਮੀ:* | *16 ਕਿ: ਮੀ:* |

*ਵੱਖ-ਵੱਖ ਪਸ਼ੂਆਂ ਨੂੰ ਤੋਰ ਕੇ ਲਿਜਾਣ ਸੰਬੰਧੀ ਮਿਆਰੀ ਅੰਕੜੇ ਸਾਰਨੀ 5.3 ਵਿੱਚ ਦਿੱਤੇ ਗਏ ਹਨ। ਭਾਰੀ ਬਾਰਸ਼ ਜਾਂ ਹਨੇਰੀ/ਝੱਖੜ ਜਾਂ ਬਹੁਤੀ ਗਰਮੀ ਜਾਂ ਤੇਜ਼ ਗਰਮ ਲੂ ਵਿੱਚ ਕਿਸੇ ਵੀ ਪਸ਼ੂ ਨੂੰ ਤੋਰਨਾ ਨਹੀਂ ਚਾਹੀਦਾ। ਸੂਰਜ ਚੜਨ ਤੋਂ ਪਹਿਲਾਂ ਜਾਂ ਸੂਰਜ ਡੁੱਬਣ ਤੋਂ ਬਾਅਦ ਕਿਸੇ ਵੀ ਵਿਅਕਤੀ ਨੂੰ ਡੰਗਰ ਨੂੰ ਇਕ ਥਾਂ ਤੋਂ ਦੂਜੀ ਥਾਂ ਲਿਜਾਣ ਲਈ ਤੋਰਨਾ ਨਹੀਂ ਚਾਹੀਦਾ। ਥੋੜੀ, ਦੂਰੀ ਲਈ ਡੰਗਰ ਨੂੰ ਤੋਰ ਕੇ ਲਿਜਾਣਾ ਸਭ ਤੋਂ ਆਸਾਨ ਅਤੇ ਸਸਤਾ ਤਰੀਕਾ ਹੈ। ਪ੍ਰੰਤੂ ਤੋਰ ਕੇ ਲਿਜਾਣ ਦੇ ਕੁਝ ਨੁਕਸਾਨ ਵੀ ਹਨ ਜਿਵੇਂ ਕਿ ਇਸ ਤੇ ਸਮਾਂ ਬਹੁਤਾ ਲਗਦਾ ਹੈ, ਡੰਗਰ ਨੂੰ ਗਰਮੀ ਜਾਂ ਸਰਦੀ ਲਗ ਸਕਦੀ ਹੈ ਅਤੇ ਉਸਦਾ ਸਰੀਰਿਕ ਵਜ਼ਨ ਘੱਟ ਸਕਦਾ ਹੈ।*

**ਸਾਰਨੀ 5.3: ਡੰਗਰਾਂ ਨੂੰ ਤੋਰ ਕੇ ਲਿਜਾਣ ਸੰਬੰਧੀ ਮਿਆਰੀ ਅੰਕੜੇ**

| ਕਿਸਮ | ਇਕ ਦਿਨ ਵਿੱਚ ਵੱਧ ਤੋਂ ਵੱਧ ਯਾਤਰਾ ਦੀ ਮੁਨਾਸਬ ਦੂਰੀ | ਗਤੀ/ਰ਼ਫ਼ਤਾਰ (ਕਿ.ਮੀ:/ਘੰਟਾ) | ਇੱਕ ਦਿਨ ਵਿੱਚ ਵੱਧ ਤੋਂ ਵੱਧ ਤੁਰਨ ਦਾ ਸਮਾਂ (ਘੰਟੇ) | ਖਾਣ ਪੀਣ ਅਤੇ ਆਰਾਮ ਲਈ ਸਮਾਂ | ਤਾਪਮਾਨ (ਸੈਲਸੀਅਸ) | |
|---|---|---|---|---|---|---|
| | | | | | ਵੱਧ ਤੋਂ ਵੱਧ | ਘੱਟ ਤੋਂ ਘੱਟ |
| *ਗਾਵਾਂ* | *30* | *4* | *8* | *ਹਰ ਦੋ ਘੰਟੇ ਬਾਅਦ ਪਾਣੀ ਪਿਆਉਣਾ ਅਤੇ ਹਰ 4 ਘੰਟਿਆਂ ਬਾਅਦ ਖੁਰਾਕ ਦੇਣੀ ਹੈ।* | *12* | *30* |
| *ਮੱਝਾਂ* | *25* | *3* | *8* | *ਹਰ ਦੋ ਘੰਟੇ ਬਾਅਦ ਪਾਣੀ ਅਤੇ ਹੋਰ 4 ਘੰਟਿਆਂ ਬਾਅਦ ਖੁਰਾਕ ਦੇਣੀ ਹੈ।* | *12* | *30* |
| *ਵੱਛੇ/ਵੱਛੀਆਂ/ ਕੱਟੇ/ਕੱਟੀਆਂ* | *16* | *2.5* | *6* | *ਹਰ 1 1/2 ਘੰਟੇ ਬਾਅਦ ਪਾਣੀ ਅਤੇ ਹਰ 3 ਘੰਟਿਆਂ ਬਾਅਦ ਖੁਰਾਕ ਦਿਓ* | *15* | *25* |

**ਅ) ਪਸ਼ੂਆਂ ਦੀ ਸੜਕ ਰਾਂਹੀ ਢੋਆ-ਢੁਆਈ**

*ਸੜਕ ਰਾਹੀਂ ਪਸ਼ੂਆਂ ਦੀ ਢੋਆ-ਢੁਆਈ ਕਰਨ ਲਈ ਆਮ ਤੌਰ ਤੇ ਟਰੱਕ ਦੀ ਵਰਤੋਂ ਕੀਤੀ ਜਾਂਦੀ ਹੈ। ਟਰੱਕ ਨੂੰ ਝਾੜੂ ਨਾਲ ਸਾਫ਼ ਕਰੋ। ਟਰੱਕ ਵਿੱਚ 10-12 ਸੈਂ.ਮੀ. ਮੋਟੀ ਰੇਤ ਦੀ ਤਹਿ ਜਾਂ 15 ਸੈਂ.ਮੀ. ਮੋਟੀ ਪਰਾਲੀ/ਤੂੜੀ ਦੀ ਤਹਿ ਵਿਛਾ ਲਵੋ। ਕਿਸੇ ਢਲਾਣ ਤੇ ਪਿਛਾਂਹ ਕਰਕੇ ਟਰੱਕ ਲਾ ਲਵੋ, ਟਰੱਕ ਦਾ ਪਿਛਲਾ ਦਰਵਾਜਾ ਖੋਲ੍ਹ ਲਵੋ ਅਤੇ ਟਰੱਕ ਅਤੇ ਢਲਾਣ ਦਰਮਿਆਆਨ ਲੱਕੜੀ ਦਾ ਫੱਟਾ ਰੱਖ ਲਵੋ। ਪਸ਼ੂ ਨੂੰ ਹੌਲ਼ੀ-ਹੌਲ਼ੀ ਪਿੱਛੋਂ ਧੱਕ ਕੇ ਟਰੱਕ ਵਿੱਚ ਲੋਡ ਕਰ ਲਵੋ।*

*ਵੱਖਰੇ ਵੱਖਰੇ ਪਸ਼ੂਆਂ ਨੂੰ ਖੜਾ ਕਰਨ ਲਈ ਬਾਂਸ ਦੀਆਂ ਸੋਟੀਆਂ ਨਾਲ ਟਰੱਕ ਵਿੱਚ ਰੱਖਣੇ ਬਣਾ ਲਵੋ। ਸ਼ਫ਼ਰ ਦੌਰਾਨ ਟਰੱਕ ਵਿੱਚ ਪਸ਼ੂਆਂ ਦਾ ਧਿਆਨ ਰੱਖਣ ਲਈ ਇੱਕ ਵਿਅਕਤੀ ਜ਼ਰੂਰ ਹੋਣਾ ਚਾਹੀਦਾ ਹੈ।*

*ਜਦੋਂ ਪਸ਼ੂ ਲਿਜਾਣੇ ਹੋਣ ਤਾਂ ਟਰੱਕ ਵਿੱਚ ਹੋਰ ਸਮਾਨ ਨਹੀਂ ਲੱਦਣਾ ਚਾਹੀਦਾ ਅਤੇ ਪਸ਼ੂਆਂ ਨੂੰ ਡਰਣ ਜਾਂ ਹਿਲਣ-ਜੁਲਣ ਤੋਂ ਰੋਕਣ ਲਈ ਪਸ਼ੂਆਂ ਦਾ ਮੂੰਹ ਟਰੱਕ ਦੇ ਇੰਜਨ ਵੱਲ ਹੋਣਾ ਚਾਹੀਦਾ ਹੈ।*

*ਟਰੱਕ ਵਿੱਚ ਪਸ਼ੂਆਂ ਨੂੰ ਸਿਰ ਤੋਂ ਸਿਰ ਜਾਂ ਪਿੱਛੇ ਨੂੰ ਜੋੜ ਕੇ ਖੜ੍ਹਾ ਕਰਨਾ ਚਾਹੀਦਾ ਹੈ। 8-10 ਘੰਟਿਆਂ ਬਾਅਦ ਡੰਗਰਾਂ ਨੂੰ ਪਾਣੀ ਤੇ ਖੁਰਾਕ ਦੇਣੀ ਜ਼ਰੂਰੀ ਹੈ। ਸ਼ਫ਼ਰ ਦੌਰਾਨ ਪਸ਼ੂਆਂ ਨੂੰ ਨਿਗਰਾਨੀ ਸਹਾਇਕ ਵੱਲੋਂ ਕੀਤੀ ਜਾਵੇ। 10-12 ਘੰਟਿਆਂ ਦੇ ਸ਼ਫ਼ਰ ਬਾਅਦ ਡੰਗਰਾਂ ਨੂੰ ਟਰੱਕ ਵਿੱਚੋਂ ਉਤਾਰ ਕੇ ਤੋਰੋ-ਫੇਰੋ ਅਤੇ ਫਿਰ ਅਰਾਮ ਕਰਨ ਦਿਓ। ਅਰਾਮ ਤੋਂ ਬਾਅਦ ਪਹਿਲਾਂ ਵਾਂਗ ਡੰਗਰਾ ਨੂੰ ਟਰੱਕ ਵਿੱਚ ਲੋਡ ਕਰਕੇ ਸ਼ਫ਼ਰ ਜਾਰੀ ਰੱਖੋ।*

*ਇਕ ਟਰੱਕ ਵਿੱਚ ਸੁਰੱਖਿਅਤ ਤਰੀਕੇ ਨਾਲ ਲੋਡ ਕੀਤੇ ਜਾ ਸਕਣ ਵਾਲੇ ਡੰਗਰਾਂ ਨੂੰ ਗਿਣਤੀ ਦਿੱਤੀ ਗਈ ਹੈ।*

**ਸਾਰਨੀ 5.4 ਟਰੱਕ ਵਿੱਚ ਲਿਜਾਣ ਲਈ ਡੰਗਰਾਂ ਨੂੰ ਮਨਜ਼ੂਰਸ਼ੁਦਾ ਗਿਣਤੀ**

| ਟਰੱਕ ਦਾ ਸਾਈਜ਼ | ਇਕ ਡੰਗਰ ਦਾ ਔਸਤ ਵਜ਼ਨ (ਕਿਲੋ) | | | | |
|---|---|---|---|---|---|
| | 300 | 350 | 400 | 450 | 500 |
| **4 ਮੀਟਰ ਲੰਮਾ ਟਰੱਕ** | *11* | *10* | *9* | *8* | *7* |
| **5 ਮੀਟਰ ਲੰਮਾ ਟਰੱਕ** | *14* | *13* | *12* | *11* | *10* |
| **6 ਮੀਟਰ ਲੰਮਾ ਟਰੱਕ** | *18* | *16* | *15* | *13* | *12* |
| **7 ਮੀਟਰ ਲੰਮਾ ਟਰੱਕ** | *22* | *20* | *18* | *16* | *15* |

*ਟਰੱਕ 'ਤੇ ਡੰਗਰ ਲਿਜਾਣ ਦੇ ਕਈ ਲਾਭ ਹਨ ਜਿਵੇਂ ਕਿ ਲੰਮੀ ਦੂਰੀ ਤੱਕ ਪਸ਼ੂਆਂ ਨੂੰ ਲਿਜਾਇਆ ਜਾ ਸਕਦਾ ਹੈ। ਜਦ ਮਰਜ਼ੀ ਕਿਸੇ ਵੀ ਸਮੇਂ ਡੰਗਰਾਂ ਦੀ ਢੋਆ-ਢੁਆਈ ਕੀਤੀ ਜਾ ਸਕਦੀ ਹੈ। ਇਸਦੇ ਕੁਝ ਨੁਕਸਾਨ ਵੀ ਹਨ। ਟਰੱਕ ਵਿੱਚ ਡੰਗਰਾਂ ਨੂੰ ਜ਼ਿਆਦਾ ਗਰਮੀ ਅਤੇ ਸੱਟ-ਫੇਟ ਲੱਗਣ ਦਾ ਖਤਰਾ ਹੁੰਦਾ ਹੈ। ਵਧੇਰੇ ਦਬਾਅ ਹੇਠ ਰਹਿਣ ਕਰਕੇ ਡੰਗਰ ਦਾ ਸਰੀਰਿਕ ਵਜ਼ਨ ਘੱਟ ਸਕਦਾ ਹੈ।*

**ੲ) ਡੰਗਰਾਂ ਦੀ ਰੇਲ ਰਾਹੀਂ ਢੋਆ-ਢੁਆਈ**

*ਢੋਆ-ਢੁਆਈ ਮਾਲ ਗੱਡੀ ਦੇ ਡੱਬੇ ਦੇ ਸਾਈਜ਼ ਅਤੇ ਡੰਗਰਾਂ ਦੇ ਅਕਾਰ ਅਨੁਸਾਰ ਲੋਡ ਕੀਤੇ ਜਾ ਸਕਣ ਵਾਲੇ ਡੰਗਰਾਂ ਦੀ ਗਿਣਤੀ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਡੰਗਰਾਂ ਨੂੰ ਇਕ ਦੂਸਰੇ ਦੇ ਨਾਲ ਨਾਲ ਖੜ੍ਹਾ ਕੀਤਾ ਜਾਵੇ ਤਾਂ ਜੋ ਸਫ਼ਰ ਦੌਰਾਨ ਡੰਗਰ ਸੌਖੇ ਰਹਿਣ ਪ੍ਰੰਤੂ ਜ਼ਿਆਦਾ ਭੀੜ ਕਰਨ ਤੋਂ ਵੀ ਗੁਰੇਜ ਕਰਨਾ ਚਾਹੀਦਾ ਹੈ। ਇਕ ਸਧਾਰਨ ਗੱਡੀ ਦੇ ਡੱਬੇ ਵਿੱਚ ਵੱਧ ਤੋਂ ਵੱਧ 10 ਵੱਡੇ ਡੰਗਰ ਲੋਡ ਕੀਤੇ ਜਾ ਸਕਦੇ ਹਨ। ਰੇਲ ਦੁਆਰਾ ਪਸ਼ੂਆਂ ਨੂੰ ਲਿਜਾਣ ਲਈ ਹੇਠ ਲਿਖੇ ਨੁਕਤੇ ਧਿਆਨਯੋਗ ਹਨ:*

*1) ਹਰ ਡੱਬੇ ਵਿੱਚ ਘੱਟੋ-ਘੱਟ ਇੱਕ ਨਿਗਰਾਨ/ਸਹਾਇਕ ਜ਼ਰੂਰ ਹੋਵੇ।*

*2) ਡੰਗਰਾਂ ਨੂੰ ਇਕ ਦੂਜੇ ਦੇ ਆਮ੍ਹਣੇ-ਸਾਹਮਣੇ ਅਤੇ ਰੇਲ ਲੀਹ ਦੇ ਸਮਾਨਅੰਤਰ ਖੜ੍ਹੇ ਕਰਨਾ ਚਾਹੀਦਾ ਹੈ।*

*3) ਪਸ਼ੂਆਂ ਵਾਲਾ ਡੱਬਾ ਰੇਲ ਗੱਡੀ ਦੇ ਅੱਧ-ਵਿਚਕਾਰ ਹੋਣਾ ਚਾਹੀਦਾ ਹੈ.*

*4) ਦੋ ਡੱਬੇ ਅੰਦਰ ਦੋ ਡੰਡੇ ਜਾਂ ਲੰਮੀਆਂ ਪਾਈਪਾਂ ਇੱਕ ਫਰਸ਼ ਤੋਂ 60-80 ਸੈਂ: ਮੀ: ਉਚਾਈ ਤੇ ਅਤੇ ਦੂਸਰੀ 100-110 ਸੈਂ. ਮੀ: ਉਚਾਈ ਜ਼ਰੂਰ ਹੋਣੀਆਂ ਚਾਹੀਦੀਆਂ ਹਨ।*

*5) ਦਿਨ ਵਿੱਚ ਦੋ ਵਾਰ ਲਵੇਰੀ ਗਾਂ ਦਾ ਦੁੱਧ ਚੋਣਾ ਅਤੇ ਕੱਟੜੂ/ਵੱਛੜੂ ਨੂੰ ਦੁੱਧ ਪਿਆਉਣਾ ਜ਼ਰੂਰੀ ਹੈ।*

*6) ਜਿਥੋਂ ਤੱਕ ਸਭੰਵ ਹੋਵੇ ਡੰਗਰਾਂ ਨੂੰ ਰਾਤ ਨੂੰ ਹੀ ਲਿਜਾਣਾ ਚਾਹੀਦਾ ਹੈ।*

*ਰੇਲ ਰਾਹੀ ਡੰਗਰ ਲਿਜਾਣ ਦੇ ਕਈ ਲਾਭ ਹਨ। ਸੜਕ ਮੁਕਾਬਲੇ, ਰੇਲ ਦਾ ਸਫ਼ਰ ਪਸ਼ੂਆਂ ਲਈ ਸੁਖਾਵਾਂ ਹੁੰਦਾ ਹੈ। ਰੇਲ ਰਾਹੀਂ ਲੰਮੀ ਦੂਰੀ ਤੱਕ ਡੰਗਰ ਲਿਜਾਏ ਜਾ ਸਕਦੇ ਹਨ। ਰੇਲ ਸਫ਼ਰ ਦੌਰਾਨ ਸੱਟ ਲੱਗਣ ਦਾ ਖ਼ਤਰਾ ਵੀ ਘੱਟ ਹੈ। ਰੇਲ ਸਫ਼ਰ ਦੇ ਨੁਕਸਾਨ ਇਹ ਹਨ: ਰੇਲਵੇ ਦੇ ਟਾਈਮ ਟੇਬਲ ਅਨੁਸਾਰ ਹੀ ਯਾਤਰਾ ਪੂਰੀ ਹੁੰਦੀ ਹੈ ਅਤੇ ਘੱਟ ਪਸ਼ੂਆਂ ਲਈ ਇਹ ਤਰੀਕਾ ਕਾਫ਼ੀ ਮਹਿੰਗਾ ਪੈਂਦਾ ਹੈ।*

**ਸ) ਸਮੁੰਦਰੀ ਜ਼ਹਾਜਾਂ ਰਾਹੀਂ ਪਸ਼ੂਆਂ ਦੀ ਢੋਆ-ਢੋਆਈ**

*ਸਦੀਆਂ ਤੋਂ ਪਸ਼ੂਆਂ ਨੂੰ ਜ਼ਹਾਜਾਂ ਜਾਂ ਕਿਸ਼ਤੀਆਂ ਰਾਹੀਂ ਸਮੁੰਦਰ ਜਾਂ ਦਰਿਆਵਾਂ ਪਾਰ ਲਿਜਾਇਆ ਜਾਂਦਾ ਰਿਹਾ ਹੈ। ਆਮ ਤੌਰ ਤੇ ਅਜਿਹੇ ਸਫ਼ਰ ਵਿੱਚ ਕਾਫ਼ੀ ਸਮਾਂ ਲੱਗਦਾ ਹੈ। ਨਸਲ ਸੁਧਾਰ ਲਈ ਲੋੜੀਂਦੇ ਕੀਮਤੀ ਪਸ਼ੂ ਅਕਸਰ ਸਮੁੰਦਰੀ ਰਸਤੇ ਰਾਹੀਂ ਲਿਜਾਏ ਜਾਂਦੇ ਹਨ। ਇੱਕ ਗਾਂ ਲਈ ਲਗਭਗ 40 ਵਰਗ ਫੁੱਟ ਜਗ੍ਹਾਂ ਦੀ ਲੋੜ ਹੁੰਦੀ ਹੈ। ਜਿਨ੍ਹਾਂ ਬਕਸਿਆਂ ਜਾਂ ਡੱਬਿਆ ਵਿੱਚ ਡੰਗਰ ਸਮੁੰਦਰੀ ਰਸਤੇ ਰਾਹੀਂ ਲਿਜਾਏ ਜਾਂਦੇ ਹਨ ਉਨ੍ਹਾਂ ਦੀ ਲੰਬਾਈ 5 ਫੁੱਟ, ਚੌੜਾਈ 3 ਫੁੱਟ ਅਤੇ ਉਚਾਈ 3 ਫੁੱਟ ਹੋਣੀ ਚਾਹੀਦੀ ਹੈ। ਸਫ਼ਰ ਦੌਰਾਨ ਹਰ 2 ਜਾਂ 3 ਘੰਟੇ ਮਗਰੋਂ ਸਹਾਇਕ ਵਿਅਕਤੀ ਨੂੰ ਡੰਗਰਾਂ ਦੀ ਦੇਖ ਭਾਲ ਕਰਨੀ ਚਾਹੀਦੀ ਹੈ।*

**ਹ) ਹਵਾਈ ਜਹਾਜ਼ ਰਾਂਹੀ ਡੰਗਰਾ ਦੀ ਢੋਆ-ਢੁਆਈ**

*ਜ਼ਿਆਦਾ ਕੀਮਤੀ ਪਸ਼ੂ ਅਕਸਰ ਹਵਾਈ ਜਹਾਜ਼ਾਂ ਰਾਹੀਂ ਇੱਕ ਥਾਂ ਤੋਂ ਦੂਜੀ ਜਗ੍ਹਾ ਲਿਜਾਏ ਜਾਂਦੇ ਹਨ। ਦੌੜਾਂ ਵਿੱਚ ਭਾਗ ਲੈਣ ਵਾਲੇ ਕੀਮਤੀ ਘੋੜੇ ਅਤੇ ਉੱਚ ਨਸਲ ਦੇ ਮੁਰਗੇ ਜਾਂ ਮੁਰਗੀਆਂ ਅਕਸਰ ਹਵਾਈ ਜ਼ਹਾਜਾਂ ਰਾਹੀ ਲਿਜਾਏ ਜਾਂਦੇ ਹਨ। ਇਨ੍ਹਾਂ ਤੋਂ ਇਲਾਵਾ ਹੋਰ ਵੀ ਕਈ ਤਰ੍ਹਾਂ ਦੇ ਪਸ਼ੂਆਂ ਦੀ ਢੋਆ ਢੁਆਈ ਹਵਾਈ ਜ਼ਹਾਜ਼ਾਂ ਨਾਲ ਕੀਤੀ ਜਾਂਦੀ ਹੈ।*

*ਪਸ਼ੂ ਜੋ ਢੋਆ ਢੁਆਈ ਦੇ ਯੋਗ ਨਹੀਂ: ਹੇਠ ਲਿਖੇ ਕੁਝ ਖਾਸ ਤਰ੍ਹਾਂ ਦੇ ਡੰਗਰਾਂ ਦੀ ਢੋਆ-ਢੁਆਈ ਨਹੀਂ ਕੀਤੀ ਜਾਂ ਸਕਦੀ।*

*ੳ) ਨਵ ਜੰਮੇ ਕਮਜ਼ੋਰ ਕਟੱੜੂ ਜਾਂ ਵੱਛੜੂ, ਕਮਜ਼ੋਰ ਪਸ਼ੂ, ਜ਼ਖਮੀ ਪਸ਼ੂ ਅਤੇ ਡੰਗਰ ਜੋ ਚੱਲ ਫਿਰ ਨਹੀਂ ਸਕਦੇ, ਅਜਿਹੇ ਡੰਗਰਾਂ ਦੀ ਢੋਆ-ਢੁਆਈ ਨਹੀਂ ਕਰਨੀ ਚਾਹੀਦੀ।*

*ਅ) ਜੋ ਪਸ਼ੂ ਸੂਣ ਵਾਲਾ (ਪ੍ਰਸਵ) ਹੋਵੇ।*

*ੲ) ਗੱਭਣ ਪਸ਼ੂ ਦੀ ਖਾਸ ਹਾਲਤਾਂ ਤੋਂ ਇਲਾਵਾ ਢੋਆ-ਢੁਆਈ ਨਹੀਂ ਕਰਨੀ ਚਾਹੀਦੀ।*

*ਸ) ਜਿਨ੍ਹਾਂ ਪਸ਼ੂਆਂ ਦਾ ਗਰਭਕਾਲ ਸਾਰਣੀ 5.5 ਵਿੱਚ ਦਰਸਾਏ ਸਮੇਂ ਤੋਂ ਵੱਧ ਹੋਵੇ ਅਜਿਹੇ ਡੰਗਰਾਂ ਨੂੰ ਢੋਆ-ਢੁਆਈ ਲਈ ਮਨਜ਼ੂਰ ਨਹੀਂ ਕਰਨਾ ਚਾਹੀਦਾ।*

**ਸਾਰਨੀ 5.5: ਵੱਖ-ਵੱਖ ਪ੍ਰਕਾਰ ਦੇ ਡੰਗਰਾਂ ਵਿੱਚ ਢੋਆ-ਢੁਆਈ ਯੋਗ ਗਰਭਕਾਲ ਦੀ ਸੀਮਾ**

| ਪਸ਼ੂਆਂ ਦੀ ਕਿਸਮ | ਗਰਭਕਾਲ ਦੇ ਵੱਧ ਤੋਂ ਵੱਧ ਦਿਨ |
|---|---|
| ਗਾਂਵਾਂ | 250 ਦਿਨ |
| ਘੋੜੀ | 300 ਦਿਨ |
| ਬੱਕਰੀ ਹਿਰਨੀ | 115 ਦਿਨ |
| ਮਾਦਾ ਭੇਡ | 115 ਦਿਨ |

*ਹ) ਅਜਿਹੇ ਪਸ਼ੂ ਜੋ ਸਫ਼ਰ ਤੇ ਜਾਣ ਤੋਂ 48 ਘੰਟੇ ਪਹਿਲਾਂ ਸੂਏ ਹੋਣ*

*ਕ) ਪੁਰਾਣੇ ਅਤੇ ਬੁੱਢੇ ਡੰਗਰਾਂ ਦੀ ਢੋਆ-ਢੁਆਈ ਨਹੀਂ ਕਰਨੀ ਚਾਹੀਦੀ*

*ਖ) ਜ਼ਿਆਦਾ ਗਰਮੀ ਜਾਂ ਸਰਦੀ ਜਾਂ ਭਾਰੀ ਬਾਰਿਸ਼ ਦੌਰਾਨ ਡੰਗਰਾਂ ਦੀ ਢੋਆ ਢੁਆਈ ਨਹੀਂ ਕਰਨੀ ਚਾਹੀਦੀ।*

## ਅਭਿਆਸ

**ਗਤੀਵਿਧੀ 1:** *ਇਕ ਬਿਮਾਰ ਡੰਗਰ ਦੀ ਪਛਾਣ ਕਰੋ ਅਤੇ ਉਸਦੀ ਬਿਮਾਰੀ ਦੇ ਲੱਛਣ ਨੋਟ ਕਰੋ*

**ਲੋੜੀਦਾਂ ਸਮਾਨ:**

1. *ਥਰਮਾਮੀਟਰ*
2. *ਮੂੰਹ ਢੱਕਣ ਲਈ ਮਖੌਟਾ*
3. *ਏਪਰਨ*

**ਤਰੀਕਾ:**

1. *ਇਕ ਡੇਅਰੀ ਫਾਰਮ ਤੇ ਜਾਓ।*
2. *ਬਿਮਾਰ ਡੰਗਰ ਨੂੰ ਪਛਾਣੋ।*
3. *ਬਿਮਾਰੀ ਦੇ ਲੱਛਣ/ਨਿਸ਼ਾਨੀਆਂ ਨੋਟ ਕਰੋ।*
4. *ਬਿਮਾਰ ਪਸ਼ੂ ਦਾ ਸਰੀਰਕ ਤਾਪਕ੍ਰਮ ਦੇਖੋ।*

**ਗਤੀਵਿਧੀ 2:** *ਪਸ਼ੂਆਂ ਨੂੰ ਵੈਕਸੀਨ ਦਾ ਟੀਕਾ ਲਾਉਣਾ*

**ਲੋੜੀਂਦਾ ਸਮਾਨ:**

1. *ਕਾਪੀ*
2. *ਡੇਅਰੀ ਫਾਰਮ ਦੇ ਰਿਕਾਰਡ ਦਾ ਰਜਿਸਟਰ*

**ਤਰੀਕਾ:**

1. *ਇਕ ਡੇਅਰੀ ਫਾਰਮ ਤੇ ਜਾਓ।*
2. *ਵੈਕਸੀਨੇਸ਼ਨ ਸੰਬੰਧੀ ਰਿਕਾਰਡ ਦੇਖੋ।*
3. *ਪਸ਼ੂਆਂ ਨੂੰ ਵੈਕਸੀਨ ਦੇ ਲੱਗੇ ਟੀਕੇ ਸੰਬੰਧੀ ਜਾਣਕਾਰੀ ਨੋਟ ਕਰੋ।*
4. *ਵੈਕਸੀਨੇਸ਼ਨ ਕਰਨ ਸਮਾਂ ਸੂਚੀ ਨੋਟ ਕਰੋ।*

**ਆਪਣੀ ਪ੍ਰਾਪਤੀ ਦੀ ਜਾਂਚ ਕਰੋ**

**ੳ) ਬਹੁ-ਉੱਤਰੀ ਪ੍ਰਸ਼ਨ**

1. *ਜੇਕਰ ਪੈਦਲ ਲਿਜਾਣਾ ਹੋਵੇ ਤਾਂ ਇਕ ਦਿਨ ਵਿੱਚ ਪਸ਼ੂ ਕਿੰਨਾ ਸਫ਼ਰ ਕਰ ਸਕਦਾ ਹੈ?*
   *ੳ) 10 ਕਿ. ਮੀ.* *ਅ) 20 ਕਿ. ਮੀ*
   *ੲ) 30 ਕਿ. ਮੀ.* *ਸ) ਇਨ੍ਹਾਂ ਵਿੱਚ ਕੋਈ ਵੀ ਨਹੀਂ*
2. *ਪਸ਼ੂਆਂ ਨੂੰ ਇਕ ਤੋਂ ਦੂਜੀ ਜਗ੍ਹਾ ਲਿਜਾਣ ਦੀ ਕਿਉਂ ਲੋੜ ਪੈਂਦੀ ਹੈ?*
   *ੳ) ਜਦ ਮਾਲਕ ਬਦਲ ਜਾਵੇ* *ਅ) ਵਿਕਰੀ ਲਈ*

ੲ) ਬੁੱਚੜਖਾਨੇ ਲਿਜਾਣ ਲਈ ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ

3. ਹੇਠ ਲਿਖੀਆਂ ਵਿੱਚੋਂ ਕਿਹੜੀ ਵੈਕਸੀਨ ਨਹੀਂ ਹੈਂ?

ੳ) ਕਾਟਨ ਸਟਰੇਂਨ-19 ਅ) ਰਾਕਸ਼ਵੇਕ-ਟੀ

ੲ) ਡੀਵਾਰਮਰ ਸ) ਬੀ.ਕਿਉ ਪਰੈਸੀਪੀਏਟਿਡ

4. ਬਿਮਾਰ ਪਸ਼ੂ ਦੇ ਮੁਢਲੇ ਲੱਛਣ ਇਹ ਹਨ?

ੳ) ਢਿੱਲਾ, ਸੁਸਤ ਅਤੇ ਦਬਾਅ ਅ) ਦੰਦ-ਪੀਸਨਾ

ੲ) ਜੁਗਾਲ਼ੀ ਘੱਟ ਕਰਨਾ ਸ) ਇਹ ਸਾਰੇ

5. ਡੇਅਰੀ ਸ਼ੈੱਡ ਵਿੱਚ ਢੁਕਵੀਂ ਨਮੀਂ ਕਿੰਨੀ ਹੋਣੀ ਚਾਹੀਦੀ ਹੈ?

ੳ) 20% ਅ) 20-40%

ੲ) 40-60% ਸ) 60% ਤੋਂ ਅਧਿੱਕ

6. ਖਾਲੀ ਥਾਂ ਲਿਖੋ-

ੳ) ਡੰਗਰ ਨੂੰ ਗੱਡੀ/ਟਰੱਕ ਵਿੱਚ ਚੜ੍ਹਾਉਣ ਲਈ ਇਕ ਢਾਲੇ ............ ਦੀ ਲੋੜ ਪੈਂਦੀ ਹੈ.

ਅ) ਥੋੜੀ ਦੂਰੀ ਲਈ ਡੰਗਰ ਦੀ ਢੋਆ-ਢੁਆਈ ਲਈ............. ਸਭ ਤੋਂ ਅਸਾਨ ਅਤੇ ਸਸਤਾ ਤਰੀਕਾ ਹੈ।

ੲ) ਗੱਡੀ ਤੋਂ ਚੜ੍ਹਾਉਣ ਵਾਲੀ ਢਾਲ ਦਾ ਕੋਨ............ ਹੋਣਾ ਚਾਹੀਦਾ ਹੈ।

ਸ) ਪਸ਼ੂ ਇੱਕ...........ਜੀਵ ਹਨ, ਜੋ ਇਕੱਠੇ ਝੁੰਡ ਜਾਂ ਵੱਗ ਵਿੱਚ ਰਹਿਣਾ ਪਸੰਦ ਕਰਦੇ ਹਨ।

ਹ) ਲੰਗੜੇ ਬੁਖਾਰ ਦੀ ਰੋਕਥਾਮ ਲਈ ਪਹਿਲੇ ਟੀਕੇ ਤੋਂ ਬਾਅਦ.......... ਦੂਸਰਾ ਟੀਕਾ ਲਗਾਉਣਾ ਚਾਹੀਦਾ ਹੈ।

7. ਸਹੀ ਜਾਂ ਗਲਤ ਦੱਸੋ-

ੳ) ਬੁੱਢੇ ਪਸ਼ੂਆਂ ਦੀ ਢੋਆ-ਢੁਆਈ ਤੋਂ ਗੁਰੇਜ਼ ਕਰੋ।

ਅ) ਰੇਲ ਰਾਹੀਂ ਸਫ਼ਰ ਦੌਰਾਨ ਪਸ਼ੂਆਂ ਵਾਲੇ ਡੱਬੇ ਨੂੰ ਗੱਡੀ ਤੇ ਅਖੀਰ ਤੇ ਹੋਣਾ ਚਾਹੀਦਾ ਹੈ।

ੲ) ਸੂਣ ਵਾਲੇ (ਪ੍ਰਸਵ ਵਾਲੇ) ਪਸ਼ੂ ਨੂੰ ਸਫ਼ਰ ਤੇ ਨਹੀਂ ਲਿਜਾਣਾ ਚਾਹੀਦਾ।

ਸ) ਪਸ਼ੂਆਂ ਦਾ ਇਲਾਜ ਕਰਨ ਲਈ ਵੈਕਸੀਨ ਦਾ ਟੀਕਾ ਲਾਇਆ ਜਾਂਦਾ ਹੈ.

ਹ) ਬੁਰਾ ਵਰਤਾਓ ਕਰਨ ਵਾਲੇ ਵਿਅਕਤੀ ਤੋਂ ਡੰਗਰ ਭੈਅਭੀਤ ਹੋ ਜਾਂਦਾ ਹੈ।

8. ਢੁਕਵੇਂ ਕਾਲਮ ਨੂੰ ਮਿਲਾਉ

| **ਕਾਲਮ (ੳ)** | **ਕਾਲਮ (ਅ) ਤੋਂ ਢੁਕਵਾਂ ਸ਼ਬਦ ਲਿਖੋ** | **ਕਾਲਮ (ਅ)** |
|---|---|---|
| 1. ਤੂਅ ਜਾਣ ਦੀ ਬਿਮਾਰੀ | | 20° |
| 2. ਮੂੰਹ ਖੁਰ ਦੀ ਬਿਮਾਰੀ | | 40% ਤੋਂ 60% |
| 3. ਢਲਾਣੂ ਰੈਂਪ ਦਾ ਕੋਣ | | 25°C |
| 4. ਡੇਅਰੀ ਸ਼ੈੱਡ ਵਿੱਚ ਲੋੜੀਂਦੀ ਨਮੀ | | ਵਾਇਰਸ ਰੋਗ |
| 5. ਡੇਅਰੀ ਸ਼ੈੱਡ ਵਿੱਚ ਲੋੜੀਂਦਾ ਤਾਪਮਾਨ | | ਬੈਕਟੀਰੀਅਲ ਰੋਗ |

9. ਸਾਰਣੀ ਵਿੱਚ ਢੁਕਵਾਂ ਸ਼ਬਦ ਲਿਖੋ–

| | | | |
|---|---|---|---|
| 1. ਬ | 2. ਟ | ………… | ………… |
| ………… | 5. ਰੇ | ………… | ………… |
| ਸੈ | | | |
| ………… | 4. ਪੈ | ………… | ………… |

**ਇੱਕ ਕਾਲਮ ਤੋਂ ਦੂਸਰੇ ਕਾਲਮ ਵਿੱਚ ਜਾਂਦੇ ਹੋਇਆ।**

2. ਸੜਕ ਰਾਂਹੀ ਡੰਗਰਾਂ ਦੀ ਢੋਆ ਢੁਆਈ ਕਰਨ ਲਈ ਵਰਤਿਆ ਜਾਣ ਵਾਲਾ ਸਾਧਨ।

4. ਇਸ ਤਰੀਕੇ ਨਾਲ ਡੰਗਰਾਂ ਨੂੰ ਆਮ ਤੌਰ ਤੇ ਇਕ ਥਾਂ ਤੋਂ ਦੂਜੀ ਜਗ੍ਹਾ ਲਿਜਾਇਆ ਜਾਂਦਾ ਹੈ।

5. ਇਸ ਸਾਧਨ ਰਾਹੀਂ ਅਨੇਕਾਂ ਡੰਗਰਾਂ ਇਕ ਥਾਂ ਤੋਂ ਦੂਸਰੀ ਜਗ੍ਹਾਂ ਲਿਜਾਏ ਜਾਂਦੇ ਹਨ।

**ਉਪਰ ਤੋਂ ਹੇਠਾਂ ਵੱਲ ਉਸੇ ਕਾਲਮ ਵਿੱਚ ਜਾਂਦੇ ਹੋਇਆ।**

ੳ) ਅਜਿਹੀ ਵੈਕਸੀਨ ਜੋ ਮਾਦਾ ਪਸ਼ੂ ਦੇ ਛੋਟੀ ਉਮਰ ਵਿੱਚ ਸਿਰਫ਼ ਇੱਕ ਵਾਰ ਲਾਈ ਜਾਂਦੀ ਹੈ।

ਅ) ਪਸ਼ੂਆਂ ਨੂੰ ਗੱਡੀ ਵਿੱਚ ਚੜਾਉਣ ਅਤੇ ਉਤਾਰਨ ਲਈ ਵਰਤਿਆ ਜਾਂਦਾ ਹੈ।

## ਸੈਸ਼ਨ 2: ਪਸ਼ੂ ਪਾਲਕਾਂ ਦੀ ਸੁਰੱਖਿਆ ਅਤੇ ਮਲਮੂਤਰ ਤੋਂ ਰੂੜੀ ਦੀ ਖਾਦ ਤਿਆਰ ਕਰਨ ਲਈ ਯੋਗ ਪ੍ਰਬੰਧ

**1. ਪਸ਼ੂ ਪਾਲਕਾਂ ਦੀ ਸੁਰੱਖਿਆ ਲਈ ਜ਼ਰੂਰੀ ਸਾਜ਼ੋ-ਸਮਾਨ**

*ਡੇਅਰੀ ਫਾਰਮ ਵਿੱਚ ਕੰਮ ਕਰਦੇ ਕਾਮਿਆਂ ਨੂੰ ਸੱਟ ਫੇਟ ਤੋਂ ਬਚਾਉਣ ਅਤੇ ਸਰੀਰਕ ਸੰਪਰਕ ਦੁਆਰਾ ਜਾਂ ਸਾਹ ਲੈਣ ਰਾਹੀਂ ਅਪਾਹਜ ਹੋਣ ਦੇ ਖਤਰਿਆਂ ਤੋਂ ਉਹਨਾਂ ਦੀ ਸੁੱਰਖਿਆ ਯਕੀਨੀ ਬਣਾਉਣੀ ਬਹੁਤ ਜ਼ਰੂਰੀ ਹੈ। ਇਹਨਾਂ ਡੇਅਰੀ ਕਾਮਿਆਂ ਨੂੰ ਬਚਾਉਣ ਵਾਲੇ ਕਪੜੇ ਪਾਉਣੇ ਅਤੇ ਮੂੰਹ ਤੇ ਮਾਸਕ ਲਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਅੱਖਾਂ, ਚਿਹਰਾ, ਸਿਰ ਅਤੇ ਹੋਰ ਸਰੀਰਕ ਅੰਗਾਂ ਨੂੰ ਢੁਕਵੇਂ ਰੱਖਿਅਕ ਸਮਾਨ ਦੀ ਵਰਤੋਂ ਕਰਕੇ ਬਚਾਉਣਾ ਚਾਹੀਦਾ ਹੈ।*

*ਜਿੱਥੋਂ ਤੱਕ ਸਿਹਤ ਅਤੇ ਸੁਰੱਖਿਆ ਦਾ ਸਵਾਲ ਹੈ, ਜਾਤੀ ਸੁਰੱਖਿਆ ਪ੍ਰਦਾਨ ਕਰਨ ਵਾਲੇ ਸਾਜ਼ੋ ਸਮਾਨ ਦੀ ਵਰਤੋਂ ਸੁਰੱਖਿਆ ਪ੍ਰਦਾਨ ਕਰਨ ਵਾਲੇ ਦੂਸਰੇ ਸਾਰੇ ਢੰਗ-ਤਰੀਕਿਆਂ ਦੀ ਵਰਤੋਂ ਤੋਂ ਬਾਅਦ ਇਕ ਆਖਰੀ ਉਪਰਾਲਾ ਹੈ ਕਿਉਂਕਿ ਅਜਿਹਾ ਰੱਖਿਅਕ ਸਾਜ਼ੋ ਸਮਾਨ ਸਿਰਫ਼ ਕਾਮੇ ਦੀ ਅਧੂਰੀ ਸੁਰੱਖਿਆ ਕਰਦਾ ਹੈ ਅਤੇ ਦੁਰਘਟਨਾ ਨੂੰ ਵਾਪਰਨ ਦੀ ਰੋਕਥਾਮ ਨਹੀਂ ਕਰਦਾ।*

*ਡੇਅਰੀ ਕਾਮਿਆਂ ਦੀ ਸੁਰੱਖਿਆ ਲਈ ਵਰਤਿਆ ਜਾਣ ਵਾਲਾ ਸਾਜ਼ੋ-ਸਮਾਨ*

*ਡੇਅਰੀ ਕਾਮਿਆ ਦੀ ਹਿਫ਼ਾਜ਼ਤ ਲਈ ਜ਼ਰੂਰੀ ਸਮਾਨ ਇਸ ਪ੍ਰਕਾਰ ਹੈ :*

**ੳ) ਦਸਤਾਨੇ :** *ਦਸਤਾਨੇ ਖਤਰਨਾਕ ਪਦਾਰਥਾਂ ਨੂੰ ਛੋਹਣ ਤੋਂ, ਗਰਮੀ/ਸਰਦੀ ਤੋਂ, ਡੰਗ ਮਾਰਨ ਤੋਂ, ਅਤੇ ਤਿੱਖੇ ਔਜ਼ਾਰਾਂ ਤੋਂ ਹੱਥਾਂ ਦਾ ਬਚਾਓ ਕਰਦੇ ਹਨ। ਬਿਮਾਰ ਡੰਗਰਾਂ ਦਾ ਇਲਾਜ ਕਰਦੇ ਸਮੇਂ ਅਤੇ ਡੰਗਰ ਦੇ ਸੂਣ ਸਮੇਂ ਡਿਸਪੋਜ਼ੇਬਲ ਦਸਤਾਨੇ ਭਾਵ ਅਜਿਹੇ ਦਸਤਾਨੇ ਜੋ ਇਕ ਵਾਰ ਵਰਤੋਂ ਕਰਕੇ ਸੁੱਟ ਦਿੱਤੇ ਜਾਂਦੇ ਹਨ, ਵਰਤੇ ਜਾਂਦੇ ਹਨ।*

**ਅ) ਗਮਬੂਟ :** *ਇਹ ਬੂਟ ਸੱਪ ਦੇ ਡੰਗ ਤੋਂ, ਪਸ਼ੂਆਂ ਦੁਆਰਾ ਕਾਮਿਆਂ ਦੇ ਪੈਰ ਲਤਾੜਨ ਤੋਂ ਤਿਲਕਣ ਤੋਂ, ਤਿੱਖੇ ਔਜਾਰਾਂ ਤੋਂ, ਕਾਮਿਆਂ ਨੂੰ ਬਚਾਉਂਦੇ ਹਨ। ਇਹ ਬੂਟ ਪਾ ਕੇ ਕਾਮੇ ਖੜ੍ਹੇ ਪਾਣੀ ਵਿੱਚ ਅਸਾਨੀ ਨਾਲ ਕੰਮ ਕਰ ਸਕਦੇ ਹਨ।*




**ਤਸਵੀਰ 5.3 ਗਮਬੂਟ** **ਤਸਵੀਰ 5.4 ਦਸਤਾਨੇ**

**ੲ) ਐਨਕਾਂ :** *ਐਨਕਾਂ ਅੱਖਾਂ ਨੂੰ ਧੂੜ-ਮਿੱਟੀ ਦੇ ਕਣਾਂ ਅਤੇ ਹਾਨੀਕਾਰਕ ਧੂਏਂ ਤੋਂ ਬਚਾਉਂਦੀਆਂ ਹਨ। ਨਦੀਨਾਂ ਨੂੰ ਕੱਢਣ ਸਮੇਂ ਅਤੇ ਵਰਕਸ਼ਾਪ ਵਿੱਚ ਵੈਲਡਿੰਗ ਅਤੇ ਲੋਹਾ ਕੱਟਣ ਸਮੇਂ ਐਨਕਾਂ ਜ਼ਰੂਰ ਲਾਓ।*

**ਸ) ਕੰਨਾਂ ਦੇ ਪਲੱਗ :** *ਕਾਮਿਆਂ ਦੇ ਕੰਨਾਂ ਨੂੰ ਮਸ਼ੀਨਰੀ ਦੀ, ਪਸ਼ੂ ਜਿਵੇਂ ਸੂਰਾਂ ਦੀ ਉੱਚੀ ਅਵਾਜ਼ ਤੋਂ ਬਚਾਉਣ ਲਈ ਇਸ ਯੰਤਰ ਦੀ ਵਰਤੋਂ ਕੀਤੀ ਜਾਂਦੀ ਹੈ।*

**ਹ) ਚਿਹਰੇ ਦੀ ਸੁਰੱਖਿਆ :** *ਵੈਲਡਿੰਗ ਕਰਦੇ ਸਮੇਂ ਮੂੰਹ, ਅੱਖਾਂ ਤੇ ਨੱਕ ਨੂੰ ਗਰਮੀ, ਹਵਾੜ ਅਤੇ ਕਿਲ -ਪੱਤਰੀ ਤੋਂ ਬਚਾਉਣ ਚਾਹੀਦਾ ਹੈ। ਕੀਟਨਾਸ਼ਕਾਂ ਜਾਂ ਨਦੀਨਨਾਸ਼ਕਾਂ ਦੀ ਵਰਤੋਂ ਵੇਲੇ ਜਾਂ ਧਾਤਾਂ ਦੀ ਰਗੜਾਈ ਸਮੇਂ ਜਾਂ ਲੱਕੜ ਦੀ ਕਟਾਈ ਸਮੇਂ ਮੂੰਹ ਨੂੰ ਢੱਕਣਾ ਜਰੂਰੀ ਹੈ।*

**ਕ) ਸਖਤ-ਟੋਪ:** *ਕਿਸੇ ਚੀਜ਼ ਦੇ ਡਿੱਗਣ ਕਾਰਨ ਸੱਟ ਲੱਗਣ ਤੋਂ ਬਚਾਅ ਲਈ ਸਿਰ ਤੇ ਸਖਤ ਟੋਪ ਪਹਿਨਣਾ ਜ਼ਰੂਰੀ ਹੈ।*

**ਖ) ਸਾਹ ਲੈਣ ਵਾਲਾ ਯੰਤਰ :** *ਜਦ ਜ਼ਮੀਨ ਹੇਠ ਕਮਰਿਆਂ ਜਾਂ ਖੁੱਡਿਆਂ ਵਿੱਚ ਕੰਮ ਕਰਨਾ ਹੋਵੇ ਤਾਂ ਇਹ ਯੰਤਰ ਸਹਾਈ ਹੁੰਦਾ ਹੈ।*

*ਮਸ਼ੀਨਾਂ ਨੂੰ ਚਲਾਉਣ ਸਮੇਂ ਨਿਰਮਾਤਾ ਵੱਲੋਂ ਦਿੱਤੀਆਂ ਹਦਾਇਤਾਂ ਅਨੁਸਾਰ ਕਾਮੇ ਨੂੰ ਬਚਾਓ-ਕਪੜੇ ਅਤੇ ਰੱਖਿਅਕ ਸਾਜ਼ੋ ਸਮਾਨ ਦੀ ਵਰਤੋਂ ਕਰਨੀ ਚਾਹੀਦੀ ਹੈ। ਟਰੈਕਟਰ ਅਤੇ ਹੋਰ ਮਸ਼ੀਨਰੀ ਨੂੰ ਚਲਾਉਣ ਦੌਰਾਨ ਮਸ਼ੀਨਰੀ ਵਿੱਚ ਕਪੜੇ ਫਸਣ ਤੋਂ ਰੋਕਣ ਲਈ ਵਿਅਕਤੀ ਨੂੰ ਢਿੱਲੇ ਅਤੇ ਖੁੱਲ੍ਹੇ ਕਪੜੇ ਨਹੀਂ ਪਾਉਣੇ ਚਾਹੀਦੇ।*

**2. ਬਚਾਅ ਦੇ ਸਾਧਨ ਅਤੇ ਸਾਵਧਾਨੀਆਂ**

*ੳ) ਕੀਟਨਾਸ਼ਕਾਂ, ਨਦੀਨਨਾਸ਼ਕਾਂ ਅਤੇ ਜਰਮ-ਨਾਸ਼ਕਾਂ ਦੀ ਵਰਤੋਂ ਤੋਂ ਪਹਿਲਾਂ ਇਹਨਾਂ ਉੱਪਰ ਲਿਖੀਆਂ ਹਦਾਇਤਾਂ ਨੂੰ ਜ਼ਰੂਰ ਪੜ੍ਹੋ।*

*ਅ) ਨਿਰਮਾਤਾ ਦੀ ਹਿਦਾਇਤ ਅਨੁਸਾਰ ਰਸਾਇਣਾਂ ਦੀ ਵਰਤੋਂ ਕਰੋ।*

*ੲ) ਰਸਾਇਣਾਂ ਦੀ ਵਰਤੋਂ ਕਰਦੇ ਸਮੇਂ ਨਿਰਮਾਤਾ ਕੰਪਨੀ ਦੀਆਂ ਹਦਾਇਤਾਂ ਅਨੁਸਾਰ ਬਚਾਅ ਕਰਨ ਵਾਲੇ ਕਪੜੇ ਪਾਓ।*

*ਸ) ਵਾਤਾਵਰਨ ਨੂੰ ਪ੍ਰਦੂਸ਼ਨ ਤੋਂ ਬਚਾਉਣ ਲਈ ਰਸਾਇਣਾ ਦੇ ਡੱਬੇ ਅਤੇ ਇਲਾਜ ਵਿੱਚ ਵਰਤੇ ਸਮਾਨ, ਸ਼ੀਸ਼ੀਆਂ, ਸੂਈਆਂ, ਰੂਈ ਆਦਿ ਨੂੰ ਨਸ਼ਟ ਕਰ ਦਿਓ।*

*ਹ) ਰਸਾਇਣ ਦੀ ਵਰਤੋਂ ਕਰਦੇ ਸਮੇਂ ਦੁਰਘਟਨਾ ਹੋਣ ਦੀ ਸੂਰਤ ਵਿੱਚ ਤਰੁੰਤ ਇਲਾਜ ਕਰਵਾਓ।*

*ਕ) ਰਸਾਇਣਾ ਦੀ ਵਰਤੋਂ ਕਰਦੇ ਸਮੇਂ ਨਿਰਮਾਤਾ ਕੰਪਨੀ ਦੀਆ ਹਿਦਾਇਤਾਂ ਅਨੁਸਾਰ ਹੰਗਾਮੀ ਹਾਲਤ ਲਈ ਲੋੜੀਂਦਾ ਸਮਾਨ ਅਤੇ ਮੁੱਢਲੀ ਮੈਡੀਕਲ ਸਹਾਇਤਾ ਵਾਲਾ ਡੱਬਾ ਨਜ਼ਦੀਕ ਅਤੇ ਤੁਰੰਤ ਉਪਲੱਬਧ ਹੋਣਾ ਚਾਹੀਦਾ ਹੈ।*

*ਖ) ਬੱਚਿਆਂ ਅਤੇ ਡੰਗਰਾਂ ਦੀ ਪਹੁੰਚ ਤੋਂ ਰਸਾਇਣਾਂ ਨੂੰ ਦੂਰ ਰੱਖੋ।*

*ਡੇਅਰੀ ਵਿੱਚ ਕੰਮ ਕਰਦੇ ਕਾਮਿਆਂ ਨੂੰ ਹੇਠ ਲਿਖੇ ਖਤਰੇ ਹੋ ਸਕਦੇ ਹਨ:*

*ੳ) ਬਿਮਾਰੀਆਂ ਲੱਗਣ ਦਾ ਖਤਰਾ*

*ਅ) ਪਸ਼ੂਆਂ ਦੀ ਦੇਖ-ਭਾਲ ਕਰਦੇ ਸਮੇਂ ਖਤਰੇ*

*ੲ) ਡੇਅਰੀ ਫਾਰਮ ਅਤੇ ਕੰਮ ਕਰਨ ਵਾਲੀ ਜਗ੍ਹਾਂ ਦੇ ਵਾਤਾਵਰਨ ਤੋਂ ਖਤਰੇ ਡੇਅਰੀ ਫਾਰਮ ਵਿੱਚ ਕੰਮ ਕਰਨ ਦੌਰਾਨ ਆਮ ਖਤਰੇ ਅਤੇ ਉਨ੍ਹਾਂ ਤੋਂ ਬਚਾਓ ਦੇ ਸਾਧਨ ਸਾਰਨੀ 5.6 ਵਿੱਚ ਦਿੱਤੇ ਜਾਂਦੇ ਹਨ।*

**ਸਾਰਨੀ 5.6 : ਕੁੱਝ ਆਮ ਮੁਸ਼ਕਲਾਂ/ਖਤਰੇ ਅਤੇ ਉਹਨਾਂ ਤੋਂ ਬਚਣ ਦੇ ਤਰੀਕੇ**

| **ਆਮ ਖਤਰੇ** | **ਬਚਾਅ ਦੇ ਤਰੀਕੇ** |
|---|---|
| *ਕਪੜਿਆਂ ਦਾ ਨੁਕਸਾਨ ਹੋ ਸਕਦਾ ਹੈ।* | *ਅਰਾਮ ਦੇਹ ਕਪੜੇ ਪਹਿਨੋ ਜੋ ਜ਼ਿਆਦਾ ਲੰਮੇ ਜਾਂ ਢਿੱਲੇ ਨਾ ਹੋਣ। ਗਮਬੂਟ ਪਹਿਨੋ।* |
| *ਅੱਗ ਲੱਗਣ ਜਾਂ ਝੁਲਸਣ ਦਾ ਖਤਰਾ* | *ਸਿਰ ਦੇ ਵਾਲ਼ਾਂ ਨੂੰ ਢੱਕ ਕੇ ਰੱਖੋ। ਗਰਮ ਵਸਤਾਂ ਅਤੇ ਜ਼ਹਿਰਲੀਆਂ ਵਸਤੂਆਂ ਦੀ ਵਰਤੋਂ ਕਰਦੇ ਸਮੇਂ ਦਸਤਾਨੇ ਜ਼ਰੂਰ ਪਹਿਨੋ।* |
| *ਸਾਹ ਰਾਹੀਂ ਧੂੜ ਅੰਦਰ ਜਾਣਾ* | *ਮੂੰਹ ਉੱਪਰ ਮਾਸਕ ਲਾਓ ਤਾਂ ਜੋ ਮਿੱਟੀ ਦੇ ਕਣ ਅੰਦਰ ਨਾ ਜਾ ਸਕਣ।* |
| *ਉਂਗਲ਼ਾਂ ਜਾਂ ਗੁੱਟ ਤੇ ਸੱਟ ਲੱਗ ਜਾਣਾ* | *ਦਸਤਾਨੇ ਜ਼ਰੂਰ ਪਹਿਨੋ।* |

**3. ਗੋਬਰ ਅਤੇ ਮਲਮੂਤਰ ਦੀ ਸਫ਼ਾਈ**


*ਬਹੁਤ ਸਾਰੀਆਂ ਬਿਮਾਰੀਆਂ ਦੇ ਜਰਮ ਅਤੇ ਕੀੜੇ ਮਕੌੜੇ ਗੋਬਰ/ਮਲਮੂਤਰ ਵਿੱਚ ਵੱਧਦੇ ਫੁਲਦੇ ਹਨ। ਸੁਚੱਜੀ ਸੰਭਾਲ ਲਈ ਡੇਅਰੀ ਸ਼ੈਡ ਵਿੱਚ ਹਰ ਰੋਜ਼ ਦੋ ਵਾਰ ਗੋਬਰ ਇਕੱਠਾ ਕਰਕੇ ਬਾਹਰ ਸੁੱਟਿਆ ਜਾਵੇ ਅਤੇ ਫਰਸ਼ ਨੂੰ ਪਾਣੀ ਨਾਲ ਧੋ ਕੇ ਸਾਫ਼ ਕੀਤਾ ਜਾਵੇ। ਡੇਅਰੀ ਸ਼ੈਡ ਵਿਚੋਂ ਗੋਬਰ ਅਤੇ ਮਲਮੂਤਰ ਨੂੰ ਪਰੈਸ਼ਰ ਨਾਲ ਪਾਣੀ ਪਾ ਕੇ ਬਾਹਰ ਕੱਢ ਕੇ ਸਾਫ਼ ਕੀਤਾ ਜਾ ਸਕਦਾ ਹੈ।*

*ਗੋਬਰ ਨੂੰ ਰੂੜੀ ਵਾਲੇ ਟੋਏ ਵਿੱਚ ਸੁੱਟ ਦਿੱਤਾ ਜਾਂਦਾ ਹੈ। ਖਾਸ ਕਿਸਮ ਦੇ ਬੈਕਟੀਰੀਆ ਕੁੱਝ ਮਹੀਨਿਆਂ ਵਿੱਚ ਇਸ ਗੋਬਰ ਨੂੰ ਰੂੜੀ ਦੀ ਖਾਦ ਵਿੱਚ ਤਬਦੀਲ ਕਰ ਦਿੰਦੇ ਹਨ। ਰੂੜੀ ਵਾਲਾ ਟੋਆ ਡੇਅਰੀ ਸ਼ੈਡ ਤੋਂ ਘੱਟੋ ਘੱਟ 100 ਮੀਟਰ ਦੂਰ ਚਾਹੀਦਾ ਹੈ। ਅਜਿਹਾ ਕਰਨ ਨਾਲ ਬਦਬੋ ਅਤੇ ਹਾਨੀਕਾਰਕ ਕੀੜੇ-ਮਕੌੜਿਆਂ, ਮੱਖੀ/ਮੱਛਰ ਆਦਿ ਤੋਂ ਛੁਟਕਾਰਾ ਮਿਲ ਜਾਂਦਾ ਹੈ ਜੋ ਇਸ ਗੋਬਰ ਤੇ ਪਣਪਦੇ ਹਨ। ਡੇਅਰੀ ਫਾਰਮ ਤੋਂ ਰੂੜੀ ਦੇ ਟੋਏ ਤੱਕ ਪਹੁੰਚ ਅਸਾਨ ਹੋਣੀ ਚਾਹੀਦੀ ਹੈ। ਇਹ ਟੋਆ ਪਾਣੀ ਦੇ ਸੋਮੇ (ਨਲਕਾ/ਮੋਟਰ) ਤੋਂ ਦੂਰ ਹੋਣਾ ਚਾਹੀਦਾ ਹੈ। ਬਾਰਿਸ਼ ਤੋਂ ਬਚਾਉਣ ਲਈ ਇਸ ਉਪਰ ਛੱਤ ਹੋਣੀ ਜ਼ਰੂਰੀ ਹੈ।*

*ਪ੍ਰੈਸ਼ਰ ਦੇ ਪਾਣੀ ਨਾਲ ਗੋਬਰ ਅਤੇ ਮਲਮੂਤਰ ਨੂੰ ਧੱਕ ਕੇ ਬਾਹਰ ਕੱਢਣ ਲਈ ਸ਼ੈੱਡ ਦੀ ਲੰਬਾਈ ਦੇ ਨਾਲ-ਨਾਲ ਇੱਕ ਨਿਕਾਸੀ ਨਾਲੀ ਹੋਣੀ ਚਾਹੀਦੀ ਹੈ। ਇਹੋ ਜਿਹੀਆਂ ਛੋਟੀਆਂ ਨਾਲੀਆਂ ਇੱਕ ਵੱਡੀ/ਮੁੱਖ ਨਿਕਾਸੀ ਨਾਲੀ ਵਿੱਚ ਮਿਲ ਜਾਂਦੀਆਂ ਹਨ ਜਿਸ ਦੁਆਰਾ ਰੂੜੀ ਦੇ ਟੋਏ ਜਾਂ ਰਹਿੰਦ-ਖੂੰਹਦ ਦੇ ਪਲਾਂਟ ਵਿੱਚ ਮਲਮੂਤਰ ਨੂੰ ਸੁੱਟ ਦਿੱਤਾ ਜਾਂਦਾ ਹੈ। ਇਸ ਪਲਾਂਟ ਦੁਆਰਾ ਸਾਫ਼ ਕੀਤਾ ਪਾਣੀ ਖੇਤੀ ਵਿੱਚ ਮੁੜ ਵਰਤਿਆ ਜਾ ਸਕਦਾ ਹੈ।*

**4. ਗੋਬਰ ਅਤੇ ਮਲਮੂਤਰ ਦੀ ਨਿਕਾਸੀ ਦਾ ਢੰਗ**

*ਗੋਬਰ/ਮਲਮੂਤਰ ਦੀ ਸਫ਼ਾਈ ਅਤੇ ਵਰਤੋਂ ਯੋਗ ਬਣਾਉਣ ਲਈ ਕਈ ਢੰਗ ਹਨ ਜੋ ਚਾਰਟ 5.5 ਵਿੱਚ ਦਿਖਾਏ ਗਏ ਹਨ।*




**ਚਾਰਟ 5.5 ਗੋਬਰ ਅਤੇ ਮਲਮੂਤਰ ਦੀ ਨਿਕਾਸੀ ਅਤੇ ਵਰਤੋਂ ਦੇ ਢੰਗ**

**ੳ) ਗੋਬਰ ਦੀ ਵਰਤੋਂ**

*ਡੰਗਰਾਂ ਦੇ ਗੋਬਰ ਅਤੇ ਮਲਮੂਤਰ ਦੀ ਨਿਕਾਸੀ ਅਤੇ ਵਰਤੋਂ ਦੇ ਕਈ ਤਰੀਕੇ ਹਨ। ਖੇਤੀ ਵਿੱਚ ਇਸ ਦੀ ਵਰਤੋਂ ਹੇਠ ਲਿਖੇ ਤਰੀਕਿਆਂ ਨਾਲ ਕੀਤੀ ਜਾਂਦੀ ਹੈ।*

1. ਰੂੜੀ ਦੀ ਖਾਦ (FYM)
2. ਕੰਪੋਸਟ ਖਾਦ ਦੇ ਤੌਰ ਤੇ
3. ਗੰਡੋਆ ਖਾਦ ਦੇ ਰੂਪ ਵਿੱਚ
4. ਬਾਇਓਗੈਸ ਪਲਾਂਟ (Organic Mulch) ਵਿੱਚ ਇਸ ਦੀ ਵਰਤੋਂ ਗੈਸ ਅਤੇ ਤਰਲ ਖਾਦ ਬਣਾਉਣ ਲਈ ਕੀਤੀ ਜਾਂਦੀ ਹੈ।
5. ਜੈਵਿਕ (Organic) ਮਲਚ ਤੇ ਤੌਰ ਤੇ ਇਸਦੀ ਵਰਤੋਂ ਬਾਰਸ਼ ਅਤੇ ਪਾਣੀ ਦੇ ਤੇਜ਼ ਵਹਾਅ ਦੇ ਕਾਰਨ ਭੂਮੀ ਨੂੰ ਖੁਰਨ ਤੋਂ ਬਚਾਉਣ ਲਈ ਕੀਤੀ ਜਾਂਦੀ ਹੈ।

**1. ਰੂੜੀ ਦੀ ਖਾਦ**

ਇਹ ਖਾਦ ਗੋਬਰ, ਮੂਤਰ, ਬੇਕਾਰ ਚਾਰੇ ਦੇ ਗਲਣ ਸੜਨ ਤੋਂ ਉਤਪੰਨ ਹੁੰਦੀ ਹੈ। ਚੰਗੀ ਤਰ੍ਹਾਂ ਗਲੀ-ਸੜ੍ਹੀ ਰੂੜੀ ਵਿੱਚ 0.7-1.3 ਫੀਸਦੀ ਨਾਈਟਰੋਜਨ, 0.3-0.8 ਫੀਸਦੀ ਫਾਸਫੋਰਸ ਅਤੇ 0.4-1.0 ਪ੍ਰਤੀਸ਼ਤ ਪੋਟਾਸ਼ ਤੱਤ ਹੁੰਦਾ ਹੈ (ਸੁਕਾਏ ਪਦਾਰਥ ਦੇ ਵਜ਼ਨ ਅਨੁਸਾਰ) । ਇਨ੍ਹਾਂ ਤੱਤਾਂ ਦੀ ਮਿਕਦਾਰ ਪਸ਼ੂਆਂ ਦੀ ਕਿਸਮ, ਉਹਨਾਂ ਦਾ ਰਾਸ਼ਨ/ਚਾਰਾ, ਉਹਨਾਂ ਦੀ ਉਮਰ ਅਤੇ ਨਸਲ ਤੇ ਨਿਰਭਰ ਕਰਦੀ ਹੈ।

**2. ਕੰਪੋਸਟ ਖਾਦ**

ਇਹ ਇਕ ਕੁਦਰਤੀ ਵਿਧੀ ਹੈ ਜਿਸ ਵਿੱਚ ਸੂਖਮ ਜੀਵਾਣੂਆਂ ਦੁਆਰਾ ਆਰਗੈਨਿਕ ਪਦਾਰਥ ਦੇ ਗਲਣ ਸੜਨ ਉਪਰੰਤ ਖਾਦ ਤਿਆਰ ਹੁੰਦੀ ਹੈ। ਖਾਦ ਤਿਆਰ ਕਰਨ ਦੀ ਇਹ ਵਿਧੀ ਮਨੁੱਖ ਨੇ ਸਦੀਆਂ ਤੋਂ ਅਪਨਾਈ ਹੋਈ ਹੈ ਜਿਸ ਵਿੱਚ ਪਸ਼ੂਆਂ ਦੇ ਗੋਬਰ ਨੂੰ ਇੱਕ ਟੋਏ ਵਿਚ ਭਰ ਦਿੱਤਾ ਜਾਂਦਾ ਹੈ (ਤਸਵੀਰ 5.5)। ਇਹ ਗਲਣ ਸੜਨ ਦੀ ਕਿਰਿਆ ਹਵਾ ਵਿੱਚ ਜਾਂ ਹਵਾ ਰਹਿਤ ਵਾਤਾਵਰਨ ਵਿੱਚ ਹੋ ਸਕਦੀ ਹੈ। ਹਵਾਦਾਰ ਵਾਤਾਵਰਨ ਵਿੱਚ ਤਿਆਰ ਕੀਤੀ ਕੰਪੋਸਟ ਖਾਦ ਜਲਦੀ ਸਥਿਰ ਹੋ ਜਾਂਦੀ ਹੈ, ਬਦਬੋ ਨਹੀਂ ਆਉਂਦੀ ਅਤੇ ਨਦੀਨਾਂ ਦੇ ਬੀਜ ਅਤੇ ਬਿਮਾਰੀ ਫੈਲਾਉਣ ਵਾਲੇ ਜਰਮ ਗਲਣ ਸੜਨ ਨਾਲ ਨਾਸ਼ ਹੋ ਜਾਂਦੇ ਹਨ ਕਿਉਂਕਿ ਗਲਣ-ਸੜਨ ਦੌਰਾਨ ਇਸਦਾ ਤਾਪਮਾਨ 150° ਫਾਰਨਹਾਇਟ ਤੱਕ ਗਰਮ ਹੋ ਜਾਂਦਾ ਹੈ ਜਦਕਿ ਮਨੁੱਖ ਲਈ ਹਾਨੀਕਾਰਕ ਬਹੁਤੇ ਜੀਵਾਣੂ 131° ਫਾਰਨਹਾਇਟ ਤੱਕ ਖਤਮ ਹੋ ਜਾਂਦੇ ਹਨ।



**ਤਸਵੀਰ 5.5 : ਰੂੜੀ ਦੀ ਖਾਦ ਵਾਲਾ ਟੋਆ**

*ਕੰਪੋਸਟ ਖਾਦ ਦੀ ਵਰਤੋਂ ਸਮੇਂ ਸਾਵਧਾਨੀ ਰੱਖੋ। ਕੱਚੀ ਖਾਦ ਗਰਮ ਹੁੰਦੀ ਹੈ ਜਿਸ ਨਾਲ ਪੌਦੇ ਮਰ ਸਕਦੇ ਹਨ ਅਤੇ ਅਜਿਹੀ ਖਾਦ ਤੋਂ ਹਾਨੀਕਾਰਕ ਜੀਵਾਣੂ ਉਤੰਪਨ ਹੋ ਸਕਦੇ ਹਨ। ਪੂਰੀ ਤਰ੍ਹਾਂ ਗਲੀ ਸੜੀ ਖਾਦ ਪੌਦਿਆਂ ਲਈ ਪੂਰੀ ਤਰ੍ਹਾਂ ਸੁਰੱਖਿਅਤ ਅਤੇ ਵਧੀਆ ਆਰਗੈਨਿਕ ਖਾਦ ਹੁੰਦੀ ਹੈ। ਪੁਰਾਣੀ ਖਾਦ ਦੀ ਪਹਿਚਾਣ ਇਸਦੇ ਰੰਗ ਅਤੇ ਇਸ ਵਿਚਲੀ ਨਮੀਂ ਤੋਂ ਹੋ ਜਾਂਦੀ ਹੈ। ਕਾਲੇ ਰੰਗ ਦੀ ਖੁਸ਼ਕ ਗਲੀ ਸੜੀ ਖਾਦ ਸਭ ਤੋਂ ਵਧਿਆ ਅਤੇ ਪੀਲੇ ਰੰਗ ਦੀ ਗਿੱਲੀ ਖਾਦ ਨੂੰ ਨਾ ਵਰਤਣਯੋਗ ਕੱਚੀ ਖਾਦ ਕਿਹਾ ਜਾਂਦਾ ਹੈ।*

3. **ਗੰਡੋਆ ਖਾਦ (Vermi-Composting)**

*ਅਜਿਹੀ ਆਰਗੇਨਿਕ ਖਾਦ ਗੰਡੋਇਆਂ ਦੁਆਰਾ ਤਿਆਰ ਕੀਤੀ ਜਾਂਦੀ ਹੈ। ਗੋਬਰ ਅਤੇ ਹੋਰ ਰਹਿੰਦ-ਖੂੰਹਦ ਨੂੰ ਗੰਡੋਇਆਂ ਦੁਆਰਾ ਮਲ੍ਹੜ (ਉਪਜਾਊ ਸ਼ਕਤੀ ਵਧਾਉਣ ਵਾਲਾ ਮਾਦਾ) ਵਿੱਚ ਤਬਦੀਲ ਕਰ ਦਿੱਤਾ ਜਾਂਦਾ ਹੈ। ਮੰਤਵ ਇਹ ਹੈ ਕਿ ਪਸ਼ੂਆਂ ਦੇ ਮਲਮੂਤਰ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ ਤੋਂ ਜਲਦ ਤੋਂ ਜਲਦ ਅਤੇ ਪ੍ਰਭਾਵਸ਼ਾਲੀ ਤਰੀਕੇ ਨਾਲ ਖਾਦ ਤਿਆਰ ਹੋ ਸਕੇ।*

*ਗੰਡੋਏ ਸਭ ਪ੍ਰਕਾਰ ਦੇ ਕਾਰਬਨ ਯੁਕਤ ਪਦਾਰਥਾਂ ਦੀ ਆਪਣੇ ਸਰੀਰਕ ਵਜ਼ਨ ਦੇ ਬਰਾਬਰ ਦੀ ਮਾਤਰਾ ਪ੍ਰਤੀ ਦਿਨ ਨਿਗਲ ਸਕਦੇ ਹਨ। ਭਾਵ ਇੱਕ ਕਿਲੋ ਵਜ਼ਨ ਵਿੱਚ ਸਮਾਉਣ ਵਾਲੇ ਗੰਡੋਏ ਇਕ ਦਿਨ ਵਿੱਚ ਇਕ ਕਿਲੋ ਰਹਿੰਦ-ਖੂੰਹਦ ਖਾ ਲੈਂਦੇ ਹਨ। ਗੰਡੋਏ ਦੀਆਂ ਬਿੱਠਾਂ/ਮਲਮੂਤਰ ਨੂੰ ਵਰਮੀਕੰਪੋਸਟ ਜਾਂ ਗੰਡੋਇਆ-ਖਾਦ ਕਿਹਾ ਜਾਂਦਾ ਹੈ। ਜੋ ਮਲ੍ਹੜ ਅਤੇ ਖੁਰਾਕੀ ਤੱਤਾ ਨਾਲ ਭਰਪੂਰ ਹੁੰਦੀ ਹੈ (ਤਸਵੀਰ 5.7) । ਇਸ ਵਿੱਚ ਕਈ ਪ੍ਰਕਾਰ ਦੇ ਮਿੱਟੀ ਦੇ ਖੁਰਾਕੀ ਤੱਤ ਜਿਵੇਂ ਕਿ ਨਾਈਟਰੋਜਨ, ਪੋਟਾਸ਼ੀਅਮ, ਫਾਸਫੋਰਸ, ਕੈਲਸ਼ੀਅਮ ਅਤੇ ਮੈਗਨੀਸ਼ੀਅਮ ਕਾਫ਼ੀ ਮਾਤਰਾ ਵਿੱਚ ਹੁੰਦੇ ਹਨ। ਇਸ ਚੰਗੀ ਉਪਜਾਊ ਜ਼ਮੀਨ ਦੀ ਉਪਰਲੀ ਸਤਾਹ੍ਹ ਵਿੱਚ ਜਿੰਨੇ ਖੁਰਾਕੀ ਤੱਤ ਹੁੰਦੇ ਹਨ ਉਸ ਨਾਲੋਂ ਵਰਮੀਕੰਪੋਸਟ ਵਿੱਚ 5 ਗੁਣਾਂ ਜ਼ਿਆਦਾ ਨਾਈਟ੍ਰੋਜਨ, 7 ਗੁਣਾਂ ਜ਼ਿਆਦਾ ਪੋਟਾਸ਼ੀਅਮ ਅਤੇ ਡੇਢ ਗੁਣਾਂ ਕੈਲਸ਼ੀਅਮ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ। ਇਹ ਖਾਦ ਬਣਾਉਣ ਲਈ ਲਾਲ ਰੰਗ ਦੇ ਗੰਡੋਏ ਦੀਆਂ ਨਸਲਾਂ: ਆਈਸੀਨੀਆ ਫੋਟੀਡਾ* (Eisenia foetida) *ਅਤੇ ਲੁੰਬਰੀਕਸ ਰੂਬੇਲਸ* (Lumbricus rubellus) *ਦੀ ਵਰਤੋਂ ਕੀਤੀ ਜਾਂਦੀ ਹੈ। ਗੰਡੋਏ ਨਾ ਸਿਰਫ਼ ਗੰਦਗੀ ਤੋਂ ਖਾਦ ਤਿਆਰ ਕਰਦੇ ਹਨ। ਬਲਕਿ ਵਾਤਾਵਰਨ ਨੂੰ ਪ੍ਰਦੂਸ਼ਤ ਹੋਣ ਤੋਂ ਵੀ ਬਚਾਉਂਦੇ ਹਨ।*




**ਤਸਵੀਰ 5.6: ਵਰਮੀਕੰਪੋਸਟ ਖਾਦ ਤਿਆਰ ਕਰਨ ਵਾਲੇ ਗੰਡੋਏ**



**ਤਸਵੀਰ 5.7: ਵਰਮੀਕੰਪੋਸਟ ਖਾਦ**

**ਵਰਮੀਕੰਪੋਸਟ ਖਾਦ ਦੇ ਲਾਭ** : *ਇਸ ਖਾਦ ਦੇ ਕਈ ਲਾਭ ਹਨ ਜੋ ਕਿ ਚਾਰਟ 5.6 ਵਿੱਚ ਦਿੱਤੇ ਜਾਂਦੇ ਹਨ।*




**ਚਾਰਟ 5.6: ਗੰਡੋਇਆ ਦੀ ਖਾਦ ਵਰਮੀਕੰਪੋਸਟ ਖਾਦ ਦੇ ਲਾਭ**

**4. ਬਾਇਓਗੈਸ ਪਲਾਂਟ ਵਿੱਚ ਗੋਬਰ ਦੀ ਵਰਤੋਂ ਗੈਸ ਅਤੇ ਤਰਲ ਖਾਦ ਬਣਾਉਣ ਲਈ ਕੀਤੀ ਜਾਂਦੀ ਹੈ।**

*ਇੱਕ ਅਨੁਮਾਨ ਅਨੁਸਾਰ ਵਾਯੂਮੰਡਲ ਦੇ ਸਧਾਰਨ ਦਬਾਅ ਤੇ ਇੱਕ ਕਿਲੋ ਗੋਬਰ ਤੋਂ ਲਗਭਗ .073 ਘਣ ਮੀਟਰ (1.3 ਘਣ ਫੁੱਟ) ਬਾਇਓਗੈਸ ਪੈਦਾ ਹੁੰਦੀ ਹੈ। ਇਕ ਦਰਮਿਆਨੇ ਅਕਾਰ ਵਾਲੀ ਗਾਂ ਤੋਂ ਹਰ ਰੋਜ਼ ਲਗਭਗ 10 ਕਿਲੋ ਗੋਬਰ ਮਿਲਦਾ ਹੈ। ਇਸ ਲਈ ਸਭ ਤੋਂ ਛੋਟੇ ਭਾਵ 1.7 ਘਣ ਮੀਟਰ (60 ਘਣ ਫੁੱਟ) ਗੈਸ ਪੈਦਾ ਕਰਨ ਦੀ ਸਮਰੱਥਾ ਵਾਲੇ ਗੋਬਰ ਗੈਸ ਪਲਾਂਟ ਲਈ ਲੋੜੀਂਦੇ ਗੋਬਰ ਵਾਸਤੇ ਘੱਟੋ ਘੱਟ 5 ਗਾਵਾਂ ਚਾਹੀਦੀਆਂ ਹਨ।*

*ਅਜਿਹੇ ਪਲਾਂਟ ਤੋਂ ਉਪਜੀ 1.7 ਘਣ ਮੀਟਰ ਗੈਸ, ਚਾਰ ਵਿਅਕਤੀਆਂ ਵਾਲੇ ਪਰਿਵਾਰ ਦੀਆਂ ਖਾਣਾ ਬਣਾਉਣ ਅਤੇ ਰੋਸ਼ਨੀ ਕਰਨ ਦੀਆਂ ਸਭ ਜ਼ਰੂਰਤਾਂ ਲਈ ਕਾਫ਼ੀ ਹੁੰਦੀ ਹੈ। ਅਜਿਹੇ ਪਲਾਂਟ ਤੋਂ ਦੋ ਉਤਪਾਦ: ਗੈਸ ਅਤੇ ਤਰਲ ਖਾਦ ਨਿਕਲਦੇ ਹਨ।*

*ਬਾਇਓਗੈਸ ਜ਼ਹਿਰੀਲੀ ਗੈਸ ਨਹੀਂ ਹੈ ਅਤੇ ਇਸਦੀ ਖਾਸ ਵਾਸ਼ਨਾ/ਮੁਸ਼ਕ ਹੁੰਦਾ ਹੈ ਜੋ ਜਲਣ ਉਪਰੰਤ ਖਤਮ ਹੋ ਜਾਂਦਾ ਹੈ। ਹਵਾ ਨਾਲ ਮਿਲਾ ਕੇ ਜਲਾਉਣ ਉਪਰੰਤ ਇਹ ਧੂੰਆ ਰਹਿਤ ਨੀਲੀ ਲਾਟ ਨਾਲ ਬਲਦੀ ਹੈ ਜਿਸ ਵਿੱਚੋਂ ਕੋਈ ਰੋਸ਼ਨੀ, ਨਹੀਂ ਨਿਕਲਦੀ। ਅੱਗ ਲਾਉਣ ਤੇ ਇਹ ਗੈਸ ਤੇਜ਼ੀ ਨਾਲ ਭੜਕਦੀ ਨਹੀਂ। ਬਾਇਓਗੈਸ ਦੀ ਵਰਤੋਂ ਖਾਣਾ ਬਣਾਉਣ, ਰੋਸ਼ਨੀ ਕਰਨ ਅਤੇ ਇੰਜਨ ਚਲਾਉਣ ਲਈ ਕੀਤੀ ਜਾਂਦੀ ਹੈ। ਕਿ ਖਾਸ ਕਿਸਮ ਦੇ ਲੈਂਪ/ਬਲਬ ਹਨ ਜੋ ਬਾਇਓਗੈਸ ਤੋਂ ਰੋਸ਼ਨੀ ਪੈਦਾ ਕਰ ਸਕਦੇ ਹਨ। ਇੱਕ 100 ਕੈਂਡਲ ਪਾਵਰ (ਪਾਵਰ ਦੀ ਇਕ ਇਕਾਈ/ਯੂਨਿਟ) ਦੇ ਬਲਬ ਨੂੰ ਜਗਾਉਣ ਲਈ ਲਗਭਗ 0.13 ਘਣ ਮੀਟਰ (4.5 ਘਣ ਫੁੱਟ) ਗੈਸ ਪ੍ਰਤੀ ਘੰਟੇ ਦੇ ਹਿਸਾਬ ਲੋੜੀਂਦੀ ਹੈ। ਇਕ ਹਾਰਸ ਪਾਵਰ ਤਾਕਤ ਦੇ ਇੰਜਨ ਨੂੰ ਚਲਾਉਣ ਲਈ ਲਗਭਗ 0.48 ਘਣ ਮੀਟਰ (17 ਘਣ ਫੁੱਟ) ਪ੍ਰਤੀ ਘੰਟੇ ਦੇ ਹਿਸਾਬ ਬਾਇਓਗੈਸ ਦੀ ਲੋੜ ਪੈਂਦੀ ਹੈ।*

*ਆਮ ਡੀਜ਼ਲ ਨਾਲ ਚੱਲਣ ਵਾਲੇ ਇੰਜਨ ਬਾਇਓਗੈਸ 'ਤੇ ਚਲਾਏ ਜਾ ਸਕਦੇ ਹਨ। ਬਾਇਓਗੈਸ ਤੇ ਚਲਾਉਣ ਲਈ ਇਹਨਾਂ ਇੰਜਨਾਂ ਵਿੱਚ ਇਕ ਖਾਸ ਯੰਤਰ ਲਾਉਣਾ ਪੈਂਦਾ ਹੈ ਜੋ ਕਿ ਆਮ ਬਜ਼ਾਰ ਵਿੱਚ ਮਿਲਦਾ ਹੈ। ਬਾਇਓਗੈਸ ਪਲਾਂਟ ਵਿੱਚੋਂ ਨਿਕਲਣ ਵਾਲਾ ਤਰਲ ਰੂਪ ਵਿੱਚ ਗੋਹਾ ਆਮ ਰੂੜੀ ਦੀ ਖਾਦ ਨਾਲੋਂ ਬੇਹਤਰ ਹੁੰਦਾ ਹੈ ਕਿਉਂਕਿ ਇਹ ਚੰਗੀ ਤਰ੍ਹਾਂ ਗਲਿਆ ਸੜਿਆ ਹੁੰਦਾ ਹੈ ਅਤੇ ਇਸ ਵਿੱਚ ਖੁਰਾਕੀ ਤੱਤ ਵਧੇਰੇ ਮਾਤਰਾ ਵਿੱਚ ਹੁੰਦੇ ਹਨ।*

**5. ਆਰਗੈਨਿਕ ਮਲਚ (Organic Mulch) ਜੈਵਿਕ ਮਲਚ**

*ਘਾਹ ਫੂਸ ਜਾਂ ਪਰਾਲੀ ਜਾਂ ਤੂੜੀ ਜਾਂ ਗੋਬਰ ਦੀ ਇਕ ਤਹਿ ਜੋ ਜ਼ਮੀਨ ਉੱਪਰ ਵਿਛਾਈ ਜਾਂਦੀ ਹੈ ਇਸ ਨੂੰ ਮਲਚ ਕਹਿੰਦੇ ਹਨ। ਇਹ ਜ਼ਮੀਨ ਵਿੱਚੋਂ ਵਾਸ਼ਪੀਕਰਨ ਰਾਂਹੀ ਪਾਣੀ ਉਡਣ ਤੋਂ ਰੋਕਦੀ ਹੈ ਅਤੇ ਜ਼ਮੀਨ ਨੂੰ ਠੰਡਾ ਰੱਖਦੀ ਹੈ। ਮਲਚ ਕਾਰਨ ਨਦੀਨਾਂ ਦੇ ਪੌਦੇ ਨਹੀਂ ਉਗਦੇ। ਅਜਿਹੀ ਤਹਿ ਕਾਰਨ ਮਿੱਟੀ ਖੁਰਨ ਤੋਂ ਬਚ ਜਾਂਦੀ ਹੈ। ਗੋਬਰ ਦੀ ਖਾਦ ਨੂੰ ਵੀ ਮਲਚ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ ਪਰੰਤੂ ਬੇਹਤਰ ਏਹੀ ਰਹੇਗਾ ਜੇ ਇਸਨੂੰ ਘਾਹਫੂਸ ਜਾਂ ਪਰਾਲੀ ਦੀ ਮਲਚ ਨਾਲ ਮਿਲਾਕੇ ਵਰਤਿਆਂ ਜਾਵੇ ਖਾਸ ਤੌਰ ਤੇ ਤਾਜ਼ੇ ਗੋਬਰ ਨੂੰ। ਕੰਪੋਸਟ ਵਾਂਗ ਗੋਬਰ ਦੀ ਖਾਦ ਵੀ ਜਲਦ ਗਲ-ਸੜ ਜਾਂਦੀ ਹੈ। ਇਸ ਲਈ ਇਸਨੂੰ ਦੁਬਾਰਾ ਜਲਦੀ ਪਾਉਣਾ ਪੈਂਦਾ ਹੈ।*

## ਅਭਿਆਸ

**ਗਤੀਵਿਧੀ** *1: ਗੰਡੋਆ ਖਾਦ ਤਿਆਰ ਕਰੋ*

**ਲੋੜੀਂਦਾ ਸਮਾਨ:**

1. *ਰੂੜੀ ਦੀ ਖਾਦ*
2. *ਗੰਡੋਏ*
3. *ਬੇਕਾਰ ਚਾਰਾ, ਪੱਤੇ ਆਦਿ*
4. *ਪਾਣੀ*
5. *ਛੱਤੀ ਹੋਈ ਜਗ੍ਹਾ*

**ਤਰੀਕਾ :**

1. *ਕਿਸੇ ਛਾਂ-ਦਾਰ ਜਗ੍ਹਾ ਨੂੰ ਗੰਡੋਆ ਖਾਦ ਬਣਾਉਣ ਲਈ ਚੁਣੋ।*
2. *ਜ਼ਮੀਨ ਉੱਪਰ ਤੂੜੀ/ਪਰਾਲੀ/ਕੱਟੇ ਹੋਏ ਘਾਹ ਫੂਸ ਜਾਂ ਪੱਤਿਆਂ ਦੀ 15-20 ਸੈ:ਮੀ: ਮੋਟੀ ਤਹਿ ਵਿਛਾ ਲਵੋ।*
3. *ਗੋਬਰ ਅਤੇ ਚਾਰਾ/ਪੱਤਿਆਂ ਨੂੰ 3:1 ਦੇ ਅਨੁਪਾਤ ਵਿੱਚ ਰਲਾ ਲਵੋ ਅਤੇ ਇਸ ਹਾਲਤ ਵਿੱਚ 7-10 ਦਿਨਾਂ ਤੱਕ ਰੱਖੋ।*
4. *ਅਰਧ ਗਲੇ ਗੋਬਰ ਦੇ ਢੇਰ ਦਾ ਬੈੱਡ 6 ਫੁੱਟ ਲੰਮਾ, 2 ਫੁੱਟ ਚੌੜਾ ਅਤੇ 2 ਫੁੱਟ ਉੱਚਾ ਹੋਣਾ ਚਾਹੀਦਾ ਹੈ।*
5. *ਇਸ ਬੈਡ ਉੱਪਰ 1500-2000 ਗੰਡੋਏ ਛੱਡ ਦਿਓ।*
6. *ਗੰਡੋਏ ਛੱਡਣ ਤੋਂ ਤਰੁੰਤ ਬਾਅਦ ਪਾਣੀ ਦਾ ਛਿੜਕਾ ਕਰੋ।*
7. *ਬੈੱਡ ਨੂੰ ਬੋਰੀਆਂ ਨਾਲ ਢੱਕ ਦਿਓ ਅਤੇ ਹਰ ਰੋਜ਼ ਪਾਣੀ ਛਿੜਕਦੇ ਰਹੋ ਤਾਂ ਜੋ ਚੋਖੀ ਮਾਤਰਾ ਵਿੱਚ ਨਮੀਂ ਰਹੇ।*
8. *ਗੋਬਰ ਨੂੰ ਹਵਾਦਾਰ ਬਣਾਉਣ ਲਈ 30 ਦਿਨਾਂ ਬਾਦ ਢੇਰ/ਬੈੱਡ ਨੂੰ ਪਲਟੀ ਦਿਓ।*
9. *40-50 ਦਿਨਾਂ ਬਾਅਦ ਗੰਡੋਆ ਖਾਦ ਤਿਆਰ ਹੋ ਜਾਵੇਗੀ।*

**ਆਪਣੀ ਪ੍ਰਾਪਤੀ ਜਾਂਚੋ**

**ੳ) ਬਹੁ-ਉੱਤਰੀ ਪ੍ਰਸ਼ਨ**

1. *ਡੇਅਰੀ ਫਾਰਮ ਦੇ ਕਾਮਿਆਂ ਵੱਲੋਂ ਰੱਖਿਅਕ ਸਮਾਨ ਦੀ ਵਰਤੋਂ ਕਿਸ ਦੀ ਸੁਰੱਖਿਆ ਲਈ ਕੀਤੀ ਜਾਂਦੀ ਹੈ ?*

   *ੳ) ਅੱਖਾਂ ਦੀ*     *ਅ) ਚਿਹਰੇ ਦੀ*

   *ੲ) ਸਿਰ ਦੀ*     *ਸ) ਇਹਨਾਂ ਸਾਰਿਆਂ ਦੀ*

2. *ਕਿਹੋ ਜਿਹੇ ਵਾਤਾਵਰਨ/ਹਾਲਤ ਕੰਪੋਸਟ ਖਾਦ ਬਣਾਉਣ ਲਈ ਜ਼ਰੂਰੀ ਹਨ ?*

   *ੳ) ਹਵਾਦਾਰ*     *ਅ) ਹਵਾ ਰਹਿਤ*

   *ੲ) ਦੋਵੇਂ 'ੳ' ਅਤੇ 'ਅ'*     *ਸ) ਇਹਨਾਂ ਵਿੱਚੋਂ ਕੋਈ ਵੀ ਨਹੀਂ*

3. ਬਾਇਓਗੈਸ ਵੀ ਵਰਤੋਂ ਕਿਸ ਲਈ ਕੀਤੀ ਜਾਂਦੀ ਹੈ ?
ੳ) ਘਰ ਵਿੱਚ ਖਾਣਾ ਬਣਾਉਣ ਲਈ    ਅ) ਰੌਸ਼ਨੀ ਕਰਨ ਲਈ
ੲ) ਇੰਜਨ ਚਲਾਉਣ ਲਈ    ਸ) ਇਹਨਾਂ ਸਾਰਿਆਂ ਲਈ

4. ਹੇਠ ਲਿਖਿਆਂ ਵਿੱਚੋਂ ਕਿਹੜਾ ਡੇਅਰੀ ਕਾਮੇ ਲਈ ਖਤਰਾ ਪੈਦਾ ਕਰ ਸਕਦਾ ਹੈ ?
ੳ) ਬਿਮਾਰੀਆਂ ਲੱਗ ਸਕਦੀਆਂ ਹਨ।
ਅ) ਪਸ਼ੂ ਦੀ ਸਾਂਭ ਸੰਭਾਲ ਦੌਰਾਨ ਖਤਰਾ ਹੋ ਸਕਦਾ ਹੈ
ੲ) ਕੰਮ ਕਰਨ ਵਾਲ਼ੀ ਜਗ੍ਹਾਂ ਦੇ ਵਾਤਾਵਰਨ ਤੋਂ ਖਤਰਾ ਹੋ ਸਕਦਾ ਹੈ।
ਸ) ਇਹਨਾਂ ਸਾਰਿਆਂ ਤੋਂ

5. ਜ਼ਮੀਨ ਉੱਪਰ ਘਾਹ ਫੂਸ ਜਾਂ ਤੂੜੀ ਜਾਂ ਪਰਾਲੀ ਜਾਂ ਗੋਬਰ ਦੀ ਤਹਿ ਵਿਛਾਉਣ ਦੇ ਕੀ ਲਾਭ ਹਨ ?
ੳ) ਹੇਠਲੀ ਮਿੱਟੀ ਠੰਡੀ ਰਹਿੰਦੀ ਹੈ।    ਅ) ਨਦੀਨਾਂ ਦੇ ਪੌਦੇ ਨਹੀਂ ਉਗਦੇ
ੲ) ਮਿੱਟੀ ਨੂੰ ਖੁਰਨ ਤੋਂ ਬਚਾਉਂਦਾ ਹੈ।    ਸ) ਇਹ ਸਾਰੇ

**(ਅ) ਖਾਲੀ ਥਾਂ ਢੁਕਵਾਂ ਸ਼ਬਦ ਲਿਖੋ**

1. ਪੀ.ਪੀ.ਈ. ਦਾ ਪੂਰਾ ਨਾਂ ਲਿਖੋ.....
2. ਰੂੜੀ ਦੀ ਖਾਦ ਵਾਲਾ ਟੋਆ ਡੇਅਰੀ ਸ਼ੈੱਡ ਤੋਂ ਲਗਭਗ ........ ਦੂਰ ਇਕ ਖੁਸ਼ਕ ਅਤੇ ਉੱਚੀ ਜਗ੍ਹਾ ਤੇ ਪੁੱਟਣਾ ਚਾਹੀਦਾ ਹੈ।
3. ਡੇਅਰੀ ਸ਼ੈੱਡ ਵਿੱਚੋਂ ਹਰ ਰੋਜ਼...... ਗੋਬਰ ਚੁੱਕਿਆ ਜਾਂਦਾ ਹੈ।
4. ਵਰਮੀ ਕੰਪੋਸਟ ਖਾਦ..... ਦੀਆਂ ਬਿੱਠਾਂ ਹੁੰਦੀਆਂ ਹਨ ਜਿਨ੍ਹਾਂ ਵਿੱਚ ਮੱਲੜ ਅਤੇ ਖੁਰਾਕੀ ਤੱਤ ਕਾਫ਼ੀ ਮਾਤਰਾ ਵਿੱਚ ਹੁੰਦੇ ਹਨ।
5. ......... ਗੋਬਰ, ਘਾਹ ਫੂਸ, ਤੂੜੀ ਚਾਰੇ ਅਤੇ ਮਲਮੂਤਰ ਦੇ ਗਲਣ-ਸੜਨ ਤੋਂ ਤਿਆਰ ਹੁੰਦੀ ਹੈ।

**(ੲ) ਸਹੀ ਜਾਂ ਗਲਤ ਦੱਸੋ-**

1. ਡੇਅਰੀ ਫਾਰਮ ਤੋਂ ਨਿਕਲਿਆ ਮਲਮੂਤਰ ਰੂੜੀ ਵਾਲੇ ਟੋਏ ਵਿੱਚ ਸੁੱਟ ਦਿੱਤਾ ਜਾਂਦਾ ਹੈ।
2. ਜਾਤੀ ਰੱਖਿਅਕ ਸਮਾਨ ਕਾਮੇ ਦੀ ਰੱਖਿਆ ਕਰਦਾ ਹੈ ਪ੍ਰੰਤੂ ਦੁਰਘਟਨਾ ਵਾਪਰਨ ਤੋਂ ਨਹੀਂ ਰੋਕਦਾ।
3. ਤਰਲ ਗੋਬਰ ਖਾਦ ਰੂੜੀ ਵਾਲੀ ਖਾਦ ਤੋਂ ਪ੍ਰਾਪਤ ਹੁੰਦੀ ਹੈ।
4. ਕੱਚੀ ਕੰਪੋਸਟ ਖਾਦ ਖੁਸ਼ਕ ਅਤੇ ਕਾਲੇ ਰੰਗ ਦੀ ਹੁੰਦੀ ਹੈ।
5. ਜ਼ਮੀਨ ਉਪਰ ਇਕ ਤਹਿ ਵਿਛਾਈ ਜਾਂਦੀ ਹੈ ਜਿਸਨੂੰ ਮਲਚ ਕਿਹਾ ਜਾਂਦਾ ਹੈ।

**ਸ) ਢੁੱਕਵੇਂ ਕਾਲਮ ਦਾ ਮੇਲ ਕਰੋ**

| ਕਾਲਮ 'ੳ' | ਕਾਲਮ 'ਅ' ਤੋਂ ਢੁੱਕਵਾਂ ਸ਼ਬਦ ਲਿਖੋ | ਕਾਲਮ 'ਅ' |
|---|---|---|
| 1. ਇਕ ਕੁਦਰਤੀ ਵਿਧੀ ਜਿਸ ਵਿੱਚ ਸੂਖਮ ਜੀਵਾਣੂਆਂ ਦੁਆਰਾ ਆਰਗੈਨਿਕ ਪਦਾਰਥ ਨੂੰ ਗਾਲਿਆ ਸਾੜਿਆ ਜਾਂਦਾ ਹੈ। | | ਰੂੜੀ ਵਾਲਾ ਟੋਆ |
| 2. ਗੰਡੋਇਆਂ ਦੁਆਰਾ ਰਹਿੰਦ-ਖੂੰਹਦ ਤੋਂ ਤਿਆਰ ਕੀਤੀ ਜਾਂਦੀ ਹੈ। | | ਮਲਚ |
| 3. ਡੇਅਰੀ ਫਾਰਮ ਦਾ ਗੋਬਰ ਸੁੱਟਣ ਲਈ ਹੈ। | | ਤਰਲ ਗੋਬਰ |
| 4. ਜਮੀਨ ਉੱਪਰ ਤਹਿ ਵਿਛਾ ਦਿੱਤੀ ਜਾਂਦੀ ਹੈ। | | ਕੰਪੋਸਟ ਖਾਦ |
| 5. ਤਰਲ ਰੂਪ ਵਿੱਚ ਗੋਬਰ ਦੀ ਖਾਦ | | ਵਰਮੀ ਕੰਪੋਸਟ |



## ਇਕਾਈ-6 ਪਸ਼ੂਆਂ ਦੀ ਸਾਂਭ ਸੰਭਾਲ : ਚਾਰੇ ਵਾਲੀਆਂ ਫ਼ਸਲਾਂ ਦੀ ਕਾਸ਼ਤ

**ਗਿਆਨ ਪ੍ਰਾਪਤੀ**

*ਇਸ ਯੂਨਿਟ ਦੀ ਸਮਾਪਤੀ ਉਪਰੰਤ ਵਿਦਿਆਰਥੀ:*

- *ਚਾਰੇ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰਨ ਵਿੱਚ ਮਾਹਰ ਹੋ ਜਾਣਗੇ।*

## ਭੂਮਿਕਾ

*ਪਸ਼ੂ ਪਾਲਨ ਦੀ ਕੁੱਲ ਲਾਗਤ ਦਾ 70% ਖਰਚਾ ਪਸ਼ੂਆਂ ਦੀ ਖੁਰਾਕ 'ਤੇ ਖਰਚ ਹੋ ਜਾਂਦਾ ਹੈ। ਜੁਗਾਲੀ ਕਰਨ ਵਾਲੇ ਪਸ਼ੂਆਂ ਲਈ ਚਾਰੇ ਵਾਲੀਆਂ ਫ਼ਸਲਾਂ ਸਭ ਤੋਂ ਸਸਤੀ ਅਤੇ ਅਹਿਮ ਖੁਰਾਕ ਪ੍ਰਦਾਨ ਕਰਦੀਆਂ ਹਨ। ਇਸ ਕਰਕੇ ਪਸ਼ੂ ਪਾਲਨ ਦੇ ਖਰਚੇ ਨੂੰ ਘਟਾਉਣ ਲਈ ਹਰੇ ਚਾਰੇ ਵਾਲੀ ਖੁਰਾਕ ਦੇਣੀ ਬਹੁਤ ਜ਼ਰੂਰੀ ਹੈ। ਪ੍ਰੰਤੂ ਹਰੇ ਚਾਰੇ ਦੀ ਕਾਸ਼ਤ ਲਈ ਲੋੜੀਂਦੀ ਜ਼ਮੀਨ ਦਿਨ-ਬ-ਦਿਨ ਘੱਟ ਰਹੀ ਹੈ। ਇਸ ਲਈ ਡੰਗਰਾਂ ਲਈ ਲੋੜੀਂਦੀ ਖੁਰਾਕ ਅਤੇ ਹਰੇ ਚਾਰੇ ਦੀ ਹਮੇਸ਼ਾ ਥੁੜ ਰਹਿੰਦੀ ਹੈ। ਪਸ਼ੂ ਪਾਲਨ ਦੇ ਧੰਦੇ ਨੂੰ ਲਾਹੇਵੰਦ ਬਣਾਉਣ ਲਈ ਹਰੇ ਚਾਰੇ ਦੀ ਪੈਦਾਵਾਰ ਵਧਾਉਣਾ ਅਤੇ ਹਰੇ ਚਾਰੇ ਦੀ ਉੱਚਿਤ ਵਰਤੋਂ ਕਰਨੀ ਬਹੁਤ ਜ਼ਰੂਰੀ ਹੈ। ਜੇਕਰ ਕੋਈ ਵਿਅਕਤੀ ਇਕ ਸਫ਼ਲ ਪਸ਼ੂ ਪਾਲਕ ਬਣਨਾ ਚਾਹੁੰਦਾ ਹੈ ਤਾਂ ਉਸ ਨੂੰ ਹਰੇ ਚਾਰਿਆਂ ਦੀ ਕਾਸ਼ਤ ਅਤੇ ਸਾਂਭ ਸੰਭਾਲ ਵੱਲ ਖਾਸ ਧਿਆਨ ਦੇਣਾ ਪਵੇਗਾ।*

## ਸੈਸ਼ਨ 1: ਹਰੇ ਚਾਰਿਆਂ ਦੀ ਮਹੱਤਤਾ ਅਤੇ ਭਵਿੱਖ

**1. ਡੇਅਰੀ ਵਾਲੇ ਪਸ਼ੂਆਂ ਲਈ ਚਾਰੇ ਵਾਲੀਆਂ ਫ਼ਸਲਾਂ**


*ਹਰੇ ਚਾਰਿਆਂ ਵਿੱਚ ਕਈ ਪ੍ਰਕਾਰ ਦੀਆਂ ਫ਼ਸਲਾਂ ਅਤੇ ਚਰਾਂਦਾਂ ਵਿੱਚ ਉਗਣ ਵਾਲੀਆਂ ਫਸਲਾਂ ਆਉਂਦੀਆਂ ਹਨ, ਜਿਨਾਂ ਦੀ ਕਾਸ਼ਤ ਕੀਤੀ ਜਾਂਦੀ ਹੈ ਅਤੇ ਕਟਾਈ ਉਪਰੰਤ ਸਿੱਧੇ ਤੌਰ ਤੇ ਜਾਂ ਥੋੜੀ-ਬਹੁਤ ਪ੍ਰੋਸੈਸ ਕਰਨ ਉਪਰੰਤ ਪਸ਼ੂਆਂ ਨੂੰ ਖੁਆਈਆਂ ਜਾਂਦੀਆਂ ਹਨ। ਹਰੇ ਚਾਰੇ ਜਾਂ ਤਾਂ ਕੱਟ ਕੇ ਸਿੱਧੇ ਪਸ਼ੂਆਂ ਨੂੰ ਖੁਆਏ ਜਾਂਦੇ ਹਨ ਜਾਂ ਇਨ੍ਹਾਂ ਦਾ ਅਚਾਰ ਬਣਾ ਕੇ ਭਵਿੱਖ ਵਿੱਚ ਵਰਤੋਂ ਕਰਨ ਲਈ ਰੱਖ ਲਿਆ ਜਾਂਦਾ ਹੈ। ਹਰੇ ਚਾਰੇ ਵਾਲੀਆਂ ਫਸਲਾਂ ਤੋਂ ਵੱਡੀ ਮਾਤਰਾ ਵਿੱਚ ਹਰਾ ਚਾਰਾ ਜਾਂ ਬਾਇਓਮਾਸ ਮਿਲ਼ਦਾ ਹੈ ਜਿਸ ਵਿੱਚ ਕਾਫ਼ੀ ਮਾਤਰਾ ਵਿੱਚ ਖ਼ੁਰਾਕੀ ਤੱਤ ਹੋਣ ਕਾਰਨ ਇਹ ਪਸ਼ੂਆਂ ਦੀਆਂ ਖ਼ੁਰਾਕੀ ਜ਼ਰੂਰਤਾਂ ਨੂੰ ਪੂਰਾ ਕਰਨ ਅਤੇ ਪਸ਼ੂਆਂ ਦੀ ਪੈਦਾਵਾਰ ਲੈਣ ਲਈ ਬਹੁਤ ਮਹੱਤਵ ਰੱਖਦਾ ਹੈ। ਚਰਾਂਦਾਂ ਵਿੱਚ ਉੱਗਣ ਵਾਲ਼ੀ ਫ਼ਸਲ ਹਰ ਸਾਲ ਹਰੇ ਚਾਰੇ ਵਾਲੀਆਂ ਫਸਲਾਂ ਵਾਂਗ ਬੀਜਣੀ ਨਹੀਂ ਪੈਂਦੀ।*

*ਪਸ਼ੂ ਪਾਲਨ ਦੇ ਕੁਲ ਖਰਚੇ ਦਾ 70% ਖਰਚਾ ਸਿਰਫ਼ ਖੁਰਾਕ 'ਤੇ ਹੋ ਜਾਂਦਾ ਹੈ।*

*ਇੰਡੀਅਨ ਗਰਾਸਲੈਂਡ ਐਂਡ ਫੋਡਰ ਰੀਸਰਚ ਇੰਸਟੀਚਿਊਟ ਝਾਂਸੀ, ਹਰੇ ਚਾਰੇ ਦੀ ਖੋਜ ਅਤੇ ਵਿਕਾਸ ਸੰਬੰਧੀ ਏਸ਼ੀਆ ਦੀ ਇਕ ਪ੍ਰਮੁੱਖ ਸੰਸਥਾ ਹੈ। ਹਰੇ ਚਾਰੇ ਦੀ ਪੈਦਾਵਾਰ ਵਧਾਉਣ ਅਤੇ ਬੀਜ ਉਤਪਾਦਨ ਦੇ ਮੰਤਵ ਲਈ ਇਸ ਸੰਸਥਾ ਵੱਲੋਂ ਵੱਖ-ਵੱਖ ਖੇਤੀ-ਖੇਤਰਾਂ ਅਤੇ ਕਈ ਪ੍ਰਕਾਰ ਦੇ ਫਸਲੀ ਚੱਕਰਾਂ ਲਈ ਢੁੱਕਵੀਆਂ ਤਕਨੀਕਾਂ ਵਿਕਸਿਤ ਕੀਤੀਆਂ ਗਈਆਂ ਹਨ। ਸਾਰਾ ਸਾਲ ਅਤੇ ਖਾਸ ਤੌਰ ਤੇ ਹਰੇ ਚਾਰੇ ਦੀ ਥੁੜ ਵਾਲੇ ਸਮੇਂ ਦੌਰਾਨ ਹਰੇ ਚਾਰੇ ਦੀ ਮੰਗ ਨੂੰ ਪੂਰਾ ਕਰਨ ਲਈ ਹਰੇ ਚਾਰੇ ਦੀ ਪੈਦਾਵਾਰ ਸੰਬੰਧੀ ਢੁਕਵੀਆਂ ਤਕਨੀਕਾਂ ਖੋਜ ਲਈਆਂ ਗਈਆਂ ਹਨ। ਵਾਢੀ ਉਪਰੰਤ ਹਰੇ ਚਾਰੇ ਦੀ ਸਾਂਭ-ਸੰਭਾਲ ਅਤੇ ਹਰੇ ਚਾਰੇ ਦੀਆਂ ਫਸਲਾਂ ਦੀ ਕਾਸ਼ਤ ਕਰਨ ਲਈ ਲੋੜੀਂਦੀਆਂ ਤਕਨੀਕਾਂ ਅਤੇ ਮਸ਼ੀਨਾਂ ਦੀ ਖੋਜ ਹੋ ਚੁੱਕੀ ਹੈ ਅਤੇ ਅਜਿਹੀਆਂ ਤਕਨੀਕਾਂ ਕਾਫ਼ੀ ਪ੍ਰਚੱਲਿਤ ਹੋ ਚੁੱਕੀਆਂ ਹਨ।*

**ਮੌਸਮ ਅਨੁਸਾਰ ਵੱਖ-ਵੱਖ ਪ੍ਰਕਾਰ ਦੀਆਂ ਚਾਰੇ ਦੀਆਂ ਫ਼ਸਲਾਂ**


*ਭਾਰਤ ਵਿੱਚ ਮੌਸਮ ਅਨੁਸਾਰ ਫ਼ਸਲਾਂ ਦੀ ਕਾਸ਼ਤ ਤਿੰਨ ਰੁੱਤਾਂ: ਖਰੀਫ/ਸਾਉਣੀ, ਰਬੀ/ਹਾੜੀ ਅਤੇ ਜ਼ੈਦ/ਪੱਤਝੜ ਵਿੱਚ ਕੀਤੀ ਜਾਂਦੀ ਹੈ। ਇਨ੍ਹਾਂ ਰੁੱਤਾਂ ਵਿੱਚ ਕਾਸ਼ਤ ਕੀਤੀਆਂ ਜਾਣ ਵਾਲੀਆਂ ਮੁੱਖ ਚਾਰੇ ਦੀਆਂ ਫਸਲਾਂ ਚਾਰਟ 7.1 ਵਿੱਚ ਪ੍ਰਦਰਸ਼ਿਤ ਕੀਤੀਆਂ ਜਾਂਦੀਆਂ ਹਨ।*




**ਚਾਰਟ 7.1 : ਵੱਖ-ਵੱਖ ਮੌਸਮਾਂ ਵਿੱਚ ਕਾਸ਼ਤ ਕੀਤੀਆਂ ਜਾਣ ਵਾਲੀਆਂ ਚਾਰੇ ਦੀਆਂ ਫ਼ਸਲਾਂ**

**ਕੱਚੀ ਪ੍ਰੋਟੀਨ ਨਾਲ ਭਰਪੂਰ ਚਾਰੇ ਦੀਆਂ ਫ਼ਸਲਾਂ**

*ਚਾਰੇ ਵਾਲੀਆਂ ਫ਼ਸਲਾਂ ਨੂੰ ਮੋਟੇ ਤੌਰ ਤੇ ਦੋ ਸ਼੍ਰੇਣੀਆਂ ਵਿੱਚ ਵੰਡਿਆਂ ਜਾ ਸਕਦਾ ਹੈ : ਫਲ਼ੀਦਾਰ ਫ਼ਸਲਾਂ ਜਿਨ੍ਹਾਂ ਵਿੱਚ ਪ੍ਰੋਟੀਨ ਵਧੇਰੇ ਹੁੰਦੀ ਹੈ ਅਤੇ ਗ਼ੈਰ-ਫਲ਼ੀਦਾਰ ਫ਼ਸਲਾਂ ਜਿਨ੍ਹਾਂ ਵਿੱਚ ਪ੍ਰੋਟੀਨ ਦੀ ਮਾਤਰਾ ਦਰਮਿਆਨੀ ਹੁੰਦੀ ਹੈ। ਚਾਰਟ 7.2 ਵਿੱਚ ਦਰਸਾਇਆ ਗਿਆ ਹੈ ਕਿ ਫਲ਼ੀਦਾਰ ਫ਼ਸਲਾਂ ਜਿਵੇਂ ਕਿ ਬਰਸੀਮ, ਲੂਸਣ ਅਤੇ ਰਵਾਂਹ ਵਿੱਚ ਪ੍ਰੋਟੀਨ ਦੀ ਔਸਤ ਮਾਤਰਾ (ਹਰੀ ਫ਼ਸਲ ਵਿੱਚ) 2.0 ਤੋਂ 2.5 ਫੀਸਦੀ ਹੁੰਦੀ ਹੈ ਜਦਕਿ ਗੈਰ ਫ਼ਲੀਦਾਰ ਫ਼ਸਲਾਂ ਜਿਵੇਂ ਕਿ ਮੱਕੀ, ਜਵਾਰ, ਬਾਜਰਾ, ਜਵੀਂ ਆਦਿ ਵਿੱਚ ਇਹ ਮਾਤਰਾ ਸਿਰਫ਼ 0.7 ਤੋਂ 1.5 ਫੀਸਦੀ ਹੁੰਦੀ ਹੈ।*




**ਚਾਰਟ 7.2 ਚਾਰੇ ਵਾਲੀਆਂ ਫ਼ਸਲਾਂ ਦਾ ਫਲ਼ੀਦਾਰ ਅਤੇ ਗ਼ੈਰ-ਫਲ਼ੀਦਾਰ ਫ਼ਸਲਾਂ ਵਿੱਚ ਵਰਗੀਕਰਨ**

**ਸਾਰਾਂਸ਼ ਵਿੱਚ ਭਾਰਤ ਵਿੱਚ ਕਾਸ਼ਤ ਕੀਤੀਆਂ ਜਾਂਦੀਆਂ ਚਾਰੇ ਦੀਆਂ ਫ਼ਸਲਾਂ**

*ਜੇਕਰ ਡੇਅਰੀ ਚਲਾਉਣ ਵਾਲਾ ਵਿਅਕਤੀ ਖੁਦ ਚਾਰੇ ਦੀਆਂ ਫ਼ਸਲਾਂ ਦੀ ਕਾਸ਼ਤ ਕਰਨਾ ਚਾਹੁੰਦਾ ਹੋਵੇ ਤਾਂ ਉਸਨੂੰ ਚਾਰੇ ਵਾਲੀਆਂ ਫ਼ਸਲਾਂ ਦੇ ਪ੍ਰਤੀ ਹੈਕਟੇਅਰ ਝਾੜ ਬਾਰੇ ਪੂਰਾ ਗਿਆਨ ਹੋਣਾ ਚਾਹੀਦਾ ਹੈ। ਫਲ਼ੀਦਾਰ ਅਤੇ ਗ਼ੈਰ-ਫਲ਼ੀਦਾਰ ਫ਼ਸਲਾਂ ਨੂੰ ਰਲ਼ਾ ਕੇ ਬੀਜਣ ਅਤੇ ਇਨ੍ਹਾਂ ਦੇ ਹਰੇ ਚਾਰੇ ਦੇ ਝਾੜ ਬਾਰੇ ਡੇਅਰੀ-ਮਾਲਕ ਨੂੰ ਸੇਧ ਦੇਣ ਲਈ ਅੰਕੜੇ ਸਾਰਨੀ 7.1 ਵਿੱਚ ਦਿੱਤੇ ਜਾਂਦੇ ਹਨ।*

**ਸਾਰਨੀ 7.1 ਮੌਸਮ ਅਨੁਸਾਰ ਡੇਅਰੀ ਫਾਰਮ ਵਿੱਚ ਕਾਸ਼ਤ ਕੀਤੀਆਂ ਜਾ ਸਕਣ ਵਾਲੀਆਂ ਚਾਰੇ ਦੀਆਂ ਫ਼ਸਲਾਂ**

| ਹਰੇ ਚਾਰੇ ਦੀ ਪੈਦਾਵਾਰ ਵਾਲਾ ਮੌਸਮ | ਹਰੇ ਚਾਰੇ ਦੀ ਫ਼ਸਲ ਦਾ ਨਾਂ | ਹਰੇ ਚਾਰੇ ਦਾ ਝਾੜ (ਕੁਇੰਟਲ ਪ੍ਰਤੀ ਹੈਕਟੇਅਰ) |
|---|---|---|
| **ਸਾਉਣੀ** (Rabi) | **ਗ਼ੈਰ ਫਲ਼ੀਦਾਰ ਚਾਰਾ ਫ਼ਸਲਾਂ** | |
| | *ਮੱਕੀ (ਜ਼ੀਆ ਮੇਜ਼)* (Zea mays) | 350–450 |
| | *ਜਵਾਰ (ਸੋਰਗਮ ਬਾਈਕਲਰ)* (Sorghum bicolour) | 650–1050 |
| | *ਦੋਗਲਾ ਨੇਪੀਅਰ (ਪੈਨੀਸੀਟਮ ਪਰਪਯੂਰੀਮ)* (Pennisetum perpureum) | 1200–1500 |
| | *ਫਲ਼ੀਦਾਰ ਚਾਰਾ ਫ਼ਸਲਾਂ* | |
| | *ਰਵਾਂਹ (ਵਿਗਨਾ ਸਾਈਨੈਨਸਿਸ)* (Vigna sinensis) | 300–350 |
| **ਹਾੜ੍ਹੀ** (Kharif) | **ਗ਼ੈਰ ਫਲ਼ੀਦਾਰ ਚਾਰਾ ਫ਼ਸਲਾਂ** | |
| | *ਜਵੀਂ (ਐਵਾਨਾ ਸੇਟੀਵਾ)* (Avana sativa) | 400–450 |
| | *ਜੌਂ (ਹੌਰਡੀਅਮ ਵਲਗੇਅਰ)* (Hordeum vulgare) | 400–450 |
| | *ਫਲ਼ੀਦਾਰ ਚਾਰਾ ਫ਼ਸਲਾਂ* | |
| | *ਬਰਸੀਮ (ਟਰਾਈਫੋਲੀਅਮ ਅਲੈਕਸਐਂਡਰੀਅਮ)* (Trifolium alexandrinum) | 750–800 |
| | *ਲੂਸਣ* (Medicago sativa) | 800–1000 |
| **ਜ਼ੈਦ** (Zaid) | **ਗ਼ੈਰ ਫਲ਼ੀਦਾਰ ਚਾਰਾ ਫਸਲਾਂ**<br>*ਮੱਕੀ (ਜ਼ੀਆ ਮੇਜ਼)* (Zea mays) | 350-450 |
| | *ਜਵਾਰ (ਸੋਰਗਮ ਬਾਈਕਲਰ)* (Sorghum bicolor) | 650-1050 |
| | *ਦੋਗਲਾ ਨੇਪੀਅਰ (ਪੈਨੀਸੀਟਮ ਪਰਪਿਯੂਰੀਅਮ)* | 1200-1500 |
| | (Pennisetum perpyreum)<br>*ਪਾਰਾ ਘਾਹ (ਬਰੇਚੀਏਰੀਆ ਮਲਟੀਕਾ)*<br>(Brachiaria multica)<br>*ਫਲ਼ੀਦਾਰ ਚਾਰਾ ਫ਼ਸਲਾਂ*<br>*ਰਵਾਂਹ (ਵਿਗਨਾ ਸਾਈਨੈਨਸਿਸ)* | 300-350 |
| | *ਲੂਸਣ (ਮੈਡੀਕਾਗੋ ਸੇਟੀਵਾ)*<br>(Medicago Sativa) | 800-1000 |

*ਕੁਝ ਆਮ ਪ੍ਰਚੱਲਿਤ ਚਾਰੇ ਵਾਲੀਆਂ ਫਸਲਾਂ ਦੀਆਂ ਤਸਵੀਰਾਂ, ਤਸਵੀਰ 7.1 ਵਿੱਚ ਵਿਖਾਈਆਂ ਗਈਆਂ ਹਨ।*



*ਜਵਾਰ ਦੀ ਇੱਕ ਚੰਗੇ ਜੰਮ ਵਾਲੀ ਫ਼ਸਲ*



*ਡੇਅਰੀ ਫਾਰਮ ਤੇ ਉਗਾਈ ਮੱਕੀ*



*ਡੇਅਰੀ ਫਾਰਮ ਤੇ ਜਵੀ ਦੀ ਫਸਲ*



*ਡੇਅਰੀ ਫਾਰਮ ਤੇ ਬਰਸੀਮ ਦੀ ਫਸਲ*



*ਡੇਅਰੀ ਫਾਰਮ ਤੇ ਪੈਰਾ ਘਾਹ ਦੀ ਫਸਲ*



*ਡੇਅਰੀ ਫਾਰਮ ਤੇ ਬੀਜੀ ਗਿੰਨੀ ਘਾਹ ਦੀ ਫਸਲ*

**ਤਸਵੀਰ 7.1 : ਪ੍ਰਚੱਲਿਤ ਚਾਰੇ ਵਾਲੀਆਂ ਕੁੱਝ ਫਸਲਾਂ ਦੀਆਂ ਤਸਵੀਰਾਂ**

## 2. ਚਾਰਾ ਫ਼ਸਲਾਂ ਦੀ ਕਟਾਈ

*ਚਾਰੇ ਵਾਲੀ ਫ਼ਸਲ ਦੀ ਕਟਾਈ ਤੋਂ ਭਾਵ ਹੈ ਪੱਕਣ ਤੋਂ ਪਹਿਲਾਂ ਹਰੀ ਫ਼ਸਲ ਨੂੰ ਖੇਤ ਵਿੱਚੋਂ ਕੱਟਣਾ।*

*ਇਹ ਕਟਾਈ ਫ਼ਸਲ ਦੀ ਅਜਿਹੀ ਸਟੇਜ/ਅਵਸਥਾ ਤੇ ਕੀਤੀ ਜਾਂਦੀ ਹੈ ਜਿਸ ਤੇ ਹਰੇ ਪੱਠਿਆਂ ਦਾ ਉਤਪਾਦਨ ਅਤੇ ਚਾਰੇ ਦੇ ਖ਼ੁਰਾਕੀ ਤੱਤ ਦੋਵੇਂ ਵੱਧ ਤੋਂ ਵੱਧ ਮਾਤਰਾ ਵਿੱਚ ਹੋਣ। ਫ਼ਸਲ ਨੂੰ ਛੋਟੀ ਅਵਸਥਾ ਵਿੱਚ ਕੱਟਣ ਨਾਲ ਚਾਰੇ ਵਿੱਚ ਪ੍ਰੋਟੀਨ ਤੱਤ ਦੀ ਮਾਤਰਾ ਜ਼ਿਆਦਾ ਹੋ ਸਕਦੀ ਹੈ ਪ੍ਰੰਤੂ ਹਰੇ ਪੱਠਿਆਂ ਦਾ ਝਾੜ ਘੱਟ ਹੋਵੇਗਾ। ਜਿਵੇਂ-ਜਿਵੇਂ ਫ਼ਸਲ ਪੱਕਦੀ ਜਾਵੇਗੀ, ਇਸ ਵਿੱਚ ਪ੍ਰੋਟੀਨ ਦੀ ਮਾਤਰਾ ਤੇਜ਼ੀ ਨਾਲ ਘੱਟਦੀ ਜਾਵੇਗੀ। ਖ਼ਾਸ ਤੌਰ ਤੇ ਫੁੱਲ ਨਿਕਲਣ ਸਮੇਂ (ਫ਼ਸਲ ਦੇ ਨਿਸਰਨ ਸਮੇਂ) ਪੱਤਿਆਂ ਅਤੇ ਮੁੱਢ ਵਿੱਚ ਪ੍ਰੋਟੀਨ ਦੀ ਮਾਤਰਾ ਤੇਜ਼ੀ ਨਾਲ ਘੱਟ ਜਾਂਦੀ ਹੈ ਅਤੇ ਪੱਠਿਆਂ ਦਾ ਝਾੜ/ਪੈਦਾਵਾਰ ਵੱਧ ਜਾਂਦਾ ਹੈ। ਕੁਝ ਫ਼ਸਲਾਂ ਖਾਸਤੌਰ ਤੇ ਜਵਾਰ ਦੀ ਅਗੇਤੀ ਕਟਾਈ ਬਿਲਕੁਲ ਨਹੀਂ ਕਰਨੀ ਚਾਹੀਦੀ ਕਿਉਂਕਿ ਇੱਕ ਜ਼ਹਿਰੀਲਾ ਮਾਦਾ ਜਿਸ ਨੂੰ ਧੂਰਿੰਨ (Dhurinn) ਕਿਹਾ ਜਾਂਦਾ ਹੈ ਇਸ ਸਟੇਜ਼ ਤੇ ਫ਼ਸਲ ਵਿੱਚ ਕਾਫ਼ੀ ਪਾਇਆ ਜਾਂਦਾ ਹੈ। ਇਸ ਲਈ ਫ਼ਸਲ ਦੀ ਕਟਾਈ ਢੁੱਕਵੇਂ ਸਮੇਂ ਤੇ ਕਰਨੀ ਚਾਹੀਦੀ ਹੈ ਤਾਂ ਜੋ ਹਰੇ ਚਾਰੇ ਦੀ ਪੈਦਾਵਾਰ ਵੱਧ ਤੋਂ ਵੱਧ ਮਿਲੇ ਅਤੇ ਚਾਰੇ ਦੀ ਕੁਆਲਟੀ ਵੀ ਚੰਗੀ ਹੋਵੇ।*

### ਕਟਾਈ ਦਾ ਮੰਤਵ

*ਪਸ਼ੂਆਂ ਨੂੰ ਹਰੇ ਪੱਠੇ ਜਾਂ ਤਾਂ ਚਰਾਂਦ ਵਿੱਚ ਮਿਲ ਸਕਦੇ ਹਨ ਜਾਂ ਕੁਤਰੇ ਹੋਏ ਹਰੇ ਪੱਠੇ ਜਾਂ ਸਾਈਲੇਜ ਦੇ ਰੂਪ ਵਿੱਚ ਜਾਂ ਸੁਕਾਏ ਘਾਹ ਦੇ ਰੂਪ ਵਿੱਚ ਖੁਆਏ ਜਾ ਸਕਦੇ ਹਨ। ਜੇਕਰ ਪਸ਼ੂਆਂ ਨੂੰ ਇੱਕ ਵੱਡੇ ਖੇਤ ਜਾਂ ਚਰਾਂਦ ਵਿੱਚ ਚਰਨ ਲਈ ਖੁੱਲਾ ਛੱਡ ਦਿੱਤਾ ਜਾਵੇ ਤਾਂ ਬਹੁਤ ਸਾਰਾ ਘਾਹ ਜਾਂ ਫਸਲ ਪਸ਼ੂਆਂ ਦੁਆਰਾ ਪੈਰਾਂ ਹੇਠ ਲਿਤਾੜਨ ਨਾਲ ਖਰਾਬ ਹੋ ਜਾਵੇਗੀ ਅਤੇ ਥਾਂ-ਥਾਂ ਤੇ ਗੋਬਰ ਕਰਨ ਨਾਲ ਦੂਸ਼ਿਤ ਹੋ ਜਾਵੇਗੀ। ਪਸ਼ੂਆਂ ਨੂੰ ਲੋੜੀਂਦੇ ਖ਼ੁਰਾਕੀ ਤੱਤ ਉਪਲੱਬਧ ਕਰਾਉਣ ਦੇ ਪੱਖ ਤੋਂ ਕੁਤਰੇ ਹਰੇ ਪੱਠੇ ਅਤੇ ਚਰਾਂਦ ਦਾ ਚਾਰਾ ਦੋਵੇਂ ਇੱਕ ਸਮਾਨ ਹਨ। ਹਰਾ ਚਾਰਾ ਕੱਟਣ ਅਤੇ ਕੁਤਰ ਕੇ ਡੰਗਰਾਂ ਨੂੰ ਪਾਉਣ ਵਿੱਚ ਭਾਵੇਂ ਕੁੱਝ ਮਸ਼ੀਨਰੀ, ਬਲ ਅਤੇ ਤਾਕਤ ਦੀ ਲੋੜ ਪੈਂਦੀ ਹੈ ਪ੍ਰੰਤੂ ਫਿਰ ਵੀ ਇਹ ਪਸ਼ੂਆਂ ਦੁਆਰਾ ਚਰਾਂਦ ਵਿੱਚ ਤੁਰ ਫਿਰ ਕੇ ਚਰਨ ਦੌਰਾਨ ਚਾਰੇ ਦੀ ਹੁੰਦੀ ਬਰਬਾਦੀ ਦੇ ਮੁਕਾਬਲੇ ਸਸਤਾ ਪੈਂਦਾ ਹੈ। ਹਰੇ ਚਾਰੇ ਦੀ ਘਾਟ ਦੇ ਸਮੇਂ ਕੁਝ ਦਰੱਖਤਾਂ ਦੇ ਹਰੇ ਪੱਤੇ ਤੋੜ ਕੇ ਡੰਗਰਾਂ ਨੂੰ ਹਰੇ ਚਾਰੇ ਦੇ ਤੌਰ ਤੇ ਪਾਏ ਜਾ ਸਕਦੇ ਹਨ ਇਸ ਲਈ ਇਨ੍ਹਾਂ ਨੂੰ ਤੋੜ ਕੇ ਸੰਭਾਲਿਆ ਜਾ ਸਕਦਾ ਹੈ। ਤਸਵੀਰ 7.2 ਵਿੱਚ ਕੁਤਰਿਆ ਹੋਇਆ ਹਰਾ ਚਾਰਾ ਦਿਖਾਇਆ ਗਿਆ ਹੈ।*



**ਤਸਵੀਰ 7.2 ਪਸ਼ੂਆਂ ਨੂੰ ਪਾਉਣ ਲਈ ਤਿਆਰ ਕੁਤਰਿਆ ਹਰਾ ਚਾਰਾ**

*ਘਾਹ ਨੂੰ ਸੁਕਾਉਣ ਜਾਂ ਸਾਈਲੇਜ ਤਿਆਰ ਕਰਨ ਵਿੱਚ ਜੋ ਹਰੇ ਪੱਠਿਆਂ ਦੀ ਮਾਤਰਾ ਵਿੱਚ ਜਾਂ ਖ਼ੁਰਾਕੀ ਤੱਤਾਂ ਦਾ ਨੁਕਸਾਨ ਹੁੰਦਾ ਹੈ ਉਹ ਚਾਰੇ ਦੀ ਕਟਾਈ ਜਾਂ ਭੰਡਾਰ ਕਰਨ ਦੌਰਾਨ ਹੁੰਦਾ ਹੈ। ਘਾਹ ਸੁਕਾਉਣ ਅਤੇ ਸਾਈਲੇਜ ਬਣਾਉਣ ਲਈ ਫ਼ਸਲ ਦੀ ਕਟਾਈ ਅਤੇ ਭੰਡਾਰਨ ਦੌਰਾਨ ਸਭ ਤੋਂ ਜ਼ਿਆਦਾ ਨੁਕਸਾਨ ਹੁੰਦਾ ਹੈ। ਪ੍ਰੰਤੂ ਜੇਕਰ ਸਿਫ਼ਾਰਸ਼ ਕੀਤੀ ਵਿਧੀ ਅਨੁਸਾਰ ਘਾਹ ਸੁਕਾਇਆ ਜਾਵੇ ਅਤੇ ਸਾਈਲੇਜ਼ ਬਣਾਇਆ ਜਾਵੇ ਤਾਂ ਅਜਿਹੇ ਨੁਕਸਾਨ ਨੂੰ ਕਾਫ਼ੀ ਹੱਦ ਤੱਕ ਘਟਾਇਆ ਜਾ ਸਕਦਾ ਹੈ।*

*.ਫ਼ਸਲ ਦੀ ਕਟਾਈ ਦੇ ਹੇਠ ਲਿਖੇ ਮੰਤਵ ਹਨ:*

- *ਪਸ਼ੂਆਂ ਲਈ ਹਰਾ ਚਾਰਾ ਉਪਲਬੱਧ ਕਰਨ ਲਈ*
- *ਲੋੜੀਂਦੀ ਮਾਤਰਾ ਵਿੱਚ ਖ਼ੁਰਾਕੀ ਤੱਤ ਪਸ਼ੂਆਂ ਨੂੰ ਮੁਹੱਈਆ ਕਰਾਉਣ ਲਈ*
- *ਇੱਕ ਖੇਤ ਵਿੱਚੋਂ ਹਰੇ ਚਾਰੇ ਦੀ ਵੱਧ ਤੋਂ ਵੱਧ ਪੈਦਾਵਾਰ ਲੈਣ ਲਈ*
- *ਫਾਲਤੂ ਚਾਰੇ ਨੂੰ ਸੁੱਕੇ ਘਾਹ ਜਾਂ ਸਾਈਲੇਜ ਦੇ ਰੂਪ ਵਿੱਚ ਭੰਡਾਰ ਕਰਨ ਲਈ ਤਾਂ ਜੋ ਹਰੇ ਚਾਰੇ ਦੀ ਘਾਟ ਸਮੇਂ ਇਸਦੀ ਵਰਤੋਂ ਕੀਤੀ ਜਾ ਸਕੇ।*
- *ਚਰਾਂਦ ਵਿੱਚ ਵੱਖ-ਵੱਖ ਪ੍ਰਕਾਰ ਦੀਆਂ .ਫ਼ਸਲਾਂ ਦੇ ਢੁੱਕਵੇਂ ਸੁਮੇਲ ਨੂੰ ਬਰਕਰਾਰ ਰੱਖਣ ਲਈ।*

*.ਫ਼ਸਲ ਕਟਾਈ ਦੇ ਢੰਗ*

*ਹੇਠ ਲਿਖੇ ਤਰੀਕੇ ਨਾਲ .ਫ਼ਸਲ ਕੱਟੀ ਜਾਂਦੀ ਹੈ :*

1. **ਦਸਤੀ :** *ਚਾਰੇ ਵਾਲੀ .ਫ਼ਸਲ ਦੀ ਕਟਾਈ ਆਮ ਤੌਰ ਤੇ ਦਾਤਰੀ ਨਾਲ ਕੀਤੀ ਜਾਂਦੀ ਹੈ। .ਫ਼ਸਲ ਦੀ ਤੇਜ਼ੀ ਨਾਲ ਕਟਾਈ ਕਰਨ ਲਈ ਦਾਤਰੀ ਤਿੱਖੀ ਹੋਵੇ, ਪੂਰੇ ਦੰਦੇ ਹੋਣ ਅਤੇ ਢੁਕਵੇਂ ਤਰੀਕੇ ਨਾਲ ਮੁੜੀ ਹੋਈ ਹੋਣੀ ਚਾਹੀਦੀ ਹੈ। .ਫ਼ਸਲਾਂ ਦੀ ਕਟਾਈ ਲਈ ਜਾਂ ਸਖ਼ਤ ਚਾਰੇ ਵਾਲੀ .ਫ਼ਸਲ ਦੀ ਕਟਾਈ ਲਈ ਦੇਸ਼ ਦੇ ਵੱਖ-ਵੱਖ ਭਾਗਾਂ ਵਿੱਚ ਕਈ ਹੋਰ ਰਵਾਇਤੀ ਔਜ਼ਾਰ/ਸੰਦ ਵਰਤੇ ਜਾਂਦੇ ਹਨ।*
2. **ਮਸ਼ੀਨੀ :** *ਟਰੈਕਟਰ ਨਾਲ ਚੱਲਣ ਵਾਲੀਆਂ ਮਸ਼ੀਨਾਂ ਦੁਆਰਾ ਚਾਰੇ ਵਾਲੀ .ਫ਼ਸਲ ਦੀ ਕਟਾਈ ਕੀਤੀ ਜਾਂਦੀ ਹੈ।*

**.ਫ਼ਸਲ ਦੀ ਕਟਾਈ ਦਾ ਸਮਾਂ**

**ੳ) ਚਾਰੇ ਵਾਲੀਆਂ .ਫ਼ਸਲਾਂ ਦੀ ਕਟਾਈ ਲਈ ਉਚਿੱਤ/ਢੁੱਕਵਾਂ ਸਮਾਂ**

*ਜਿਵੇਂ-ਜਿਵੇਂ .ਫ਼ਸਲ ਪੱਕਦੀ ਜਾਂਦੀ ਹੈ ਸਾਰੀਆਂ ਚਾਰਾ .ਫ਼ਸਲਾਂ ਦੇ ਖੁਰਾਕੀ ਤੱਤ ਉਵੇਂ-ਉਵੇਂ ਬਦਲ ਜਾਂਦੇ ਹਨ। ਛੋਟੀ ਉਮਰ ਦੀ .ਫ਼ਸਲ ਵਿੱਚ ਪ੍ਰੋਟੀਨ ਵਧੇਰੇ ਮਾਤਰਾ ਵਿੱਚ ਹੁੰਦਾ ਹੈ ਅਤੇ ਜਲਦੀ ਹਜ਼ਮ ਹੋ ਜਾਂਦੀਆਂ ਹਨ ਪ੍ਰੰਤੂ ਇਸ ਅਵਸਥਾ ਵਿੱਚ ਹਰੇ ਚਾਰੇ ਦਾ ਝਾੜ ਘੱਟ ਹੁੰਦਾ ਹੈ। ਜਿਵੇਂ-ਜਿਵੇਂ .ਫ਼ਸਲ ਵੱਧਦੀ ਫੁੱਲਦੀ ਹੈ, ਇਸ ਦਾ ਝਾੜ (ਭਾਵ ਹਰੇ ਚਾਰੇ ਦੀ ਕੁੱਲ ਪੈਦਾਵਾਰ) ਵੱਧਦਾ ਜਾਂਦਾ ਹੈ ਪਰ ਇਸਦੀ ਪ੍ਰੋਟੀਨ ਅਤੇ ਹਜ਼ਮ ਹੋਣ ਦੀ ਸ਼ਕਤੀ ਘੱਟ ਜਾਂਦੀ ਹੈ। ਇਸ ਲਈ ਚਾਰੇ ਵਾਲੀ .ਫ਼ਸਲ ਦੀ ਕਟਾਈ, ਝਾੜ ਅਤੇ ਕੁਆਲਟੀ ਨੂੰ ਮੱਦੇਨਜ਼ਰ ਰੱਖ ਕੇ ਕਰਨੀ ਚਾਹੀਦੀ ਹੈ। ਚਾਰੇ ਦੀਆਂ ਮੁੱਖ .ਫ਼ਸਲਾਂ ਲਈ ਕਟਾਈ ਦਾ ਢੁੱਕਵਾਂ ਸਮਾਂ ਸਾਰਨੀ 7.2 ਵਿੱਚ ਦਿੱਤਾ ਜਾਂਦਾ ਹੈ.*

**ਸਾਰਨੀ 7.2 : ਚਾਰੇ ਵਾਲੀਆਂ ਮੁੱਖ .ਫ਼ਸਲਾਂ ਦੀ ਕਟਾਈ ਦਾ ਢੁਕਵਾਂ ਸਮਾਂ**

| ਚਾਰੇ ਵਾਲੀ .ਫ਼ਸਲ | .ਫ਼ਸਲ ਦੀ ਅਵਸਥਾ ਅਤੇ ਕਟਾਈ ਦਾ ਸਮਾਂ |
|---|---|
| ਜਵਾਰ | **ਇੱਕ ਕਟਾਈ ਵਾਲੀ ਕਿਸਮ :** *ਫੁੱਲ (ਦੁੰਬੀ) ਸ਼ੁਰੂ ਹੋਣ ਤੋਂ ਤਰੁੰਤ ਬਾਅਦ ਅਤੇ 50% ਫੁੱਲ ਨਿਕਲਣ ਤੱਕ।*<br>**ਬਹੁਤੀਆਂ ਕਟਾਈਆਂ ਦੇਣ ਵਾਲੀਆਂ ਕਿਸਮਾਂ:** *ਪਹਿਲੀ ਕਟਾਈ ਜਦ .ਫ਼ਸਲ ਦੋ ਮਹੀਨੇ ਦੀ ਹੋ ਜਾਵੇ ਅਤੇ ਬਾਕੀ ਕਟਾਈਆਂ 35-40 ਦਿਨਾਂ ਦੇ .ਫ਼ਰਕ ਨਾਲ ਕਰੋ।* |
| ਮੱਕੀ | *.ਫ਼ਸਲ ਦੀ ਕਟਾਈ ਬਿਜਾਈ ਤੋਂ 60-70 ਦਿਨਾਂ ਬਾਅਦ ਕਰਨੀ ਚਾਹੀਦੀ ਹੈ ਜਦ .ਫ਼ਸਲ ਦੋਧੇ ਦੀ ਅਵਸਥਾ ਵਿੱਚ ਹੋਵੇ। ਹਰੇ ਚਾਰੇ ਲਈ: .ਫ਼ਸਲ ਦੀ ਕਟਾਈ ਛੱਲੀਆਂ ਲੱਗਣ ਤੋਂ ਲੈ ਕੇ ਦੋਧੇ ਦੀ ਅਵਸਥਾ ਤੋਂ ਪਹਿਲਾਂ ਪਹਿਲਾਂ ਕਰਨੀ ਚਾਹੀਦੀ ਹੈ।*<br>**ਸਾਈਲੇਜ ਲਈ :** *ਜਦ ਛੱਲੀਆਂ, ਨਰਮ ਹੋਣ ਤਾਂ ਅਜਿਹੀ ਅਵਸਥਾ ਤੇ .ਫ਼ਸਲ ਦੀ ਕਟਾਈ ਕਰਨੀ ਚਾਹੀਦੀ ਹੈ ਕਿਉਂਕਿ ਇਸ ਸਮੇਂ ਪ੍ਰੋਟੀਨ ਤੱਤ ਜ਼ਿਆਦਾ ਮਾਤਰਾ ਵਿੱਚ ਹੁੰਦਾ ਹੈ।* |
| ਬਾਜਰਾ | *ਆਮ ਤੌਰ ਤੇ ਗੋਭੇ ਤੇ ਆਈ .ਫ਼ਸਲ ਕਟਾਈ ਲਈ ਤਿਆਰ ਹੁੰਦੀ ਹੈ ਜਾਂ ਕੁਝ ਪੌਦਿਆਂ 'ਤੇ ਸਿੱਟੇ ਨਿਕਲਣ ਸਾਰ .ਫ਼ਸਲ ਦੀ ਕਟਾਈ ਕਰਨੀ ਚਾਹੀਦੀ ਹੈ। ਬਹੁਤੀਆਂ ਕਟਾਈਆਂ ਵਾਲੀਆਂ ਕਿਸਮਾਂ ਦੀਆਂ ਬਾਕੀ ਕਟਾਈਆਂ, ਪਹਿਲੀ ਕਟਾਈ ਤੋਂ 30-40 ਦੇ ਵਕ.ਫ਼ੇ ਤੇ ਕਰਨੀਆਂ ਚਾਹੀਦੀਆਂ ਹਨ।* |

| | |
|---|---|
| **ਜਵੀਂ** | *ਇਕੱਲੀ ਜਵੀਂ ਦੀ ਫ਼ਸਲ ਹੋਵੇ ਤਾਂ ਕਟਾਈ ਫ਼ਸਲ ਦੇ ਨਿਸਰਨ (ਸ਼ੁਰੂ ਹੋਣ) ਸਾਰ ਅਤੇ 50% ਸਿੱਟੇ ਨਿਕਲਣ ਤੱਕ ਕਰ ਲੈਣੀ ਚਾਹੀਦੀ ਹੈ। ਜੇਕਰ ਜਵੀਂ ਕਿਸੇ ਹੋਰ ਫ਼ਸਲ ਵਿੱਚ ਰਲਾ ਕੇ ਬੀਜੀ ਹੋਵੇ ਤਾਂ ਪੱਕਣ ਤੋਂ ਪਹਿਲਾਂ ਦੋਵੇਂ ਫ਼ਸਲਾਂ ਦੀ ਇਕੱਠੀ ਕਟਾਈ ਕਰ ਲੈਣੀ ਚਾਹੀਦੀ ਹੈ। ਪਹਿਲੀ ਕਟਾਈ ਬਿਜਾਈ ਤੋਂ 60-70 ਦਿਨਾਂ ਬਾਅਦ ਕਰੋ।* |
| **ਰਵਾਂਹ** | **ਇੱਕ ਕਟਾਈ ਵਾਲੀ ਕਿਸਮ :** *ਬਿਜਾਈ ਤੋਂ 70-90 ਦਿਨਾਂ ਬਾਅਦ ਫ਼ਸਲ ਦੀ ਕਟਾਈ ਕਰੋ। ਦੋ ਕਟਾਈਆਂ ਦੇਣ ਵਾਲੀਆਂ ਕਿਸਮਾਂ: ਪਹਿਲੀ ਕਟਾਈ ਬਿਜਾਈ ਤੋਂ 50-55 ਦਿਨਾਂ ਬਾਅਦ ਜ਼ਮੀਨ ਤੋਂ 15 ਸੈਂ: ਮੀ: ਉਚਾਈ ਤੇ ਕਰੋ ਅਤੇ ਦੂਸਰੀ ਕਟਾਈ ਪਹਿਲੀ ਕਟਾਈ ਤੋਂ 45-50 ਦਿਨ ਮਗਰੋਂ ਕਰੋ।*<br>*ਤਿੰਨ ਕਟਾਈਆਂ ਵਾਲੀਆਂ ਕਿਸਮਾਂ: ਬਿਜਾਈ ਤੋਂ 45-50 ਦਿਨ ਮਗਰੋਂ ਪਹਿਲੀ ਕਟਾਈ ਦੂਸਰੀਆਂ ਦੋ ਕਟਾਈਆਂ ਪਹਿਲੀ ਕਟਾਈ ਤੋਂ 25-30 ਦਿਨਾਂ ਦੇ ਵਕਫ਼ੇ ਮਗਰੋਂ ਕਰੋ।* |
| **ਬਰਸੀਮ** | *ਬਿਜਾਈ ਤੋਂ 45-50 ਦਿਨਾਂ ਦੇ ਵਕਫ਼ੇ ਮਗਰੋਂ ਪਹਿਲੀ ਕਟਾਈ ਅਤੇ ਬਾਕੀ 4 ਜਾਂ 5 ਕਟਾਈਆਂ 20-25 ਦਿਨਾਂ ਦੇ ਵਕਫੇਂ ਮਗਰੋਂ ਕਰਦੇ ਰਹੋ।* |
| **ਲੂਸਣ** | *ਪਹਿਲੀ ਕਟਾਈ ਬਿਜਾਈ ਤੋਂ 45-60 ਦਿਨਾਂ ਮਗਰੋਂ ਅਤੇ ਬਾਕੀ ਕਟਾਈਆਂ 20-30 ਦਿਨਾਂ ਦੇ ਵਕਫ਼ੇ ਮਗਰੋਂ ਕਰਦੇ ਰਹੋ। ਇਹ ਫ਼ਸਲ ਉਸੇ ਖੇਤ ਵਿੱਚ 3-4 ਸਾਲ ਹਰਾ ਚਾਰਾ ਦਿੰਦੀ ਰਹਿੰਦੀ ਹੈ।* |
| **ਦੋਗਲਾ ਨੇਪੀਅਰ ਘਾਹ** | *ਬਿਜਾਈ ਤੋਂ 9-10 ਹਫ਼ਤੇ ਬਾਅਦ ਪਹਿਲੀ ਕਟਾਈ ਅਤੇ ਬਾਕੀ ਕਟਾਈਆਂ 4-6 ਹਫਤਿਆਂ ਦੇ ਵਕਫ਼ੇ ਮਗਰੋਂ ਜਾਂ ਜਦ ਫਸਲ 1.5 ਮੀਟਰ ਉੱਚੀ ਹੋ ਜਾਵੇ ਕਟਾਈ ਕਰੋ। ਇੱਕ ਸਾਲ ਵਿੱਚ ਇਸ ਦੀਆਂ ਘੱਟੋ-ਘੱਟ 6-8 ਕਟਾਈਆਂ ਸੰਭਵ ਹਨ।* |
| **ਪੈਰਾ ਘਾਹ** | *ਬਿਜਾਈ ਤੋਂ ਲਗਭਗ 3 ਮਹੀਨੇ ਬਾਅਦ ਪਹਿਲੀ ਕਟਾਈ ਲੈ ਸਕਦੇ ਹੋ ਜਦ ਇਸਦੀ ਉਚਾਈ ਲਗਭਗ 60-75 ਸੈਂ: ਮੀ: ਹੋਵੇ। ਬਾਕੀ ਕਟਾਈਆਂ 30-40 ਦਿਨਾਂ ਦੇ ਵਕਫ਼ੇ ਮਗਰੋਂ ਲਵੋ।* |

## ਅਭਿਆਸ

**ਗਤੀਵਿਧੀ** *1: ਘਾਹ ਸੁਕਾਉਣ ਦਾ ਤਰੀਕਾ*

**ਲੋੜੀਂਦਾ ਸਮਾਨ**

1. *ਦਾਤਰੀ/ਦਾਤੀ*
2. *ਲਕੜ ਜਾਂ ਲੋਹੇ ਦੀ ਤੰਗਲੀ/ਸਲੰਘ*
3. *ਟਰੈਕਟਰ*

**ਤਰੀਕਾ**

1. *ਜਿਸ ਫਸਲ ਨੂੰ ਸੁਕਾਉਣਾ ਹੋਵੇ ਉਸਦੀ ਕਟਾਈ ਕਰੋ।*
2. *ਕੱਟੇ ਹੋਏ ਚਾਰੇ ਨੂੰ ਧੁੱਪ ਵਿੱਚ ਸੁਕਾਓ ਤਾਂ ਕਿ ਇਸ ਵਿੱਚ ਨਮੀ 15-20 ਪ੍ਰਤੀਸ਼ਤ ਰਹਿ ਜਾਵੇ।*
3. *ਸੁੱਕੇ ਚਾਰੇ ਨੂੰ ਗੱਠਾਂ ਦੇ ਰੂਪ ਵਿੱਚ ਜਾਂ ਕੱਟ ਕੇ ਜਾਂ ਖੁਲ੍ਹੇ ਤੌਰ ਤੇ ਸਟੋਰ ਕੀਤਾ ਜਾ ਸਕਦਾ ਹੈ।*

**ਆਪਣੀ ਪ੍ਰਗਤੀ ਦੀ ਜਾਂਚ ਕਰੋ**

**ੳ) ਬਹੁ-ਉੱਤਰੀ ਪ੍ਰਸ਼ਨ**

1. *ਇੰਡੀਅਨ ਗਰਾਸਲੈਂਡ ਅਤੇ ਹਰੇ ਚਾਰੇ ਦੀ ਸੰਸਥਾ* (IGFRI) *ਕਿੱਥੇ ਸਥਿਤ ਹੈ:*
   *ੳ) ਨਵੀਂ ਦਿੱਲੀ* *ਅ) ਕੋਲਕਾਤਾ* *ੲ) ਝਾਂਸੀ* *ਸ) ਬਰੇਲੀ*

2. ਨਿਮਨਲਿਖਤ ਵਿੱਚੋਂ ਸਾਉਣੀ ਦੇ ਚਾਰੇ ਵਾਲੀ .ਫ਼ਸਲ ਚੁਣੋ:

ੳ) ਬਰਸੀਮ ਅ) ਮੱਕੀ ੲ) ਜੌਂ ਸ) ਜਵੀਂ

3. ਹੇਠ ਲਿਖਿਆਂ ਵਿੱਚੋਂ ਹਾੜ੍ਹੀ ਦੀ ਚਾਰੇ ਵਾਲੀ ਫਸਲ ਚੁਣੋ:

ੳ) ਬਰਸੀਮ ਅ) ਮੱਕੀ ੲ) ਰਵਾਂਹ ਸ) ਜਵਾਰ

4. ਹੇਠ ਲਿਖਿਆਂ ਵਿੱਚੋਂ ਫਲ਼ੀਦਾਰ ਚਾਰੇ ਵਾਲੀ .ਫ਼ਸਲ ਦੀ ਚੋਣ ਕਰੋ:

ੳ) ਜਵਾਰ ਅ) ਸਰੋਂ ੲ) ਲੂਸਣ ਸ) ਮੱਕੀ

5. ਚਾਰੇ ਵਾਲੀ .ਫ਼ਸਲ ਕੱਟਣ ਦਾ ਕੀ ਮੰਤਵ ਹੈ?

ੳ) ਪਸ਼ੂਆਂ ਲਈ ਖੁਰਾਕੀ ਤੱਤ ਉਪਲੱਬਧ ਕਰਾਉਣੇ

ਅ) ਖੇਤ ਵਿੱਚੋਂ ਵੱਧ ਤੋਂ ਵੱਧ ਹਰੇ ਚਾਰੇ ਦੀ ਪੈਦਾਵਾਰ ਲੈਣਾ

ੲ) ਪਸ਼ੂਆਂ ਨੂੰ ਹਰਾ ਚਾਰਾ ਮੁਹੱਈਆ ਕਰਵਾਉਣਾ

ਸ) ਇਹ ਸਾਰੇ

**ਅ) ਖਾਲੀ ਥਾਂ ਤੇ ਢੁੱਕਵਾਂ ਸ਼ਬਦ ਲਿਖੋ-**

1. ਜਵਾਰ ਦਾ ਵਿਗਿਆਨਕ ਨਾਂ.............. ਹੈ।
2. ਜਵਾਰ ਦੀ ਛੋਟੀ ਅਵਸਥਾ ਵਿੱਚ ਕਟਾਈ ਨਹੀਂ ਕਰਨੀ ਚਾਹੀਦੀ ਕਿਉਂਕਿ ਇਸ ਵਿੱਚ ਇੱਕ ਜ਼ਹਿਰੀਲਾ ਮਾਦਾ......... ਹੁੰਦਾ ਹੈ।
3. ਆਮ ਤੌਰ ਤੇ ਮੱਕੀ ਦੀ ਕਟਾਈ ਬਿਜਾਈ ਤੋਂ........ ਦਿਨ ਬਾਅਦ ਕੀਤੀ ਜਾਂਦੀ ਹੈ ਜਦ .ਫ਼ਸਲ ਦੋਧੇ ਦੀ ਅਵਸਥਾ ਵਿੱਚ ਹੁੰਦੀ ਹੈ।
4. ਲੂਸਣ ਦਾ ਵਿਗਿਆਨਕ ਨਾਂ......... ਹੈ।
5. ਫਲ਼ੀਦਾਰ ਹਰੇ ਚਾਰੇ ਦੀ .ਫ਼ਸਲ ............. ਸਾਉਣੀ ਵਿੱਚ ਬੀਜੀ ਜਾਂਦੀ ਹੈ।

**ੲ) ਸਹੀ ਜਾਂ ਗਲਤ ਦੱਸੋ-**

1. ਜੁਗਾਲ਼ੀ ਕਰਨ ਵਾਲੇ ਪਸ਼ੂਆਂ ਲਈ ਹਰਾ ਚਾਰਾ ਬਹੁਤ ਜ਼ਰੂਰੀ ਅਤੇ ਸਸਤੀ ਖੁਰਾਕ ਦਾ ਸੋਮਾ ਹੈ।
2. ਫਲ਼ੀਦਾਰ .ਫ਼ਸਲਾਂ ਦੇ ਚਾਰੇ ਵਿੱਚ ਪ੍ਰੋਟੀਨ ਦੀ ਵਧੇਰੇ ਮਾਤਰਾ ਹੁੰਦੀ ਹੈ।
3. .ਫ਼ਸਲ ਦੇ ਵੱਧਣ ਫੁੱਲਣ ਨਾਲ ਇਸਦਾ ਝਾੜ ਵੱਧਦਾ ਹੈ.
4. ਸਾਰੇ ਸਾਲ ਹਰੇ ਚਾਰੇ ਦੀ ਕਾਸ਼ਤ ਹੋਣ ਸਦਕਾ ਚਾਰੇ ਨੂੰ ਭੰਡਾਰ ਕਰਨਾ ਸੰਭਵ ਹੈ।
5. ਜਿਵੇਂ-ਜਿਵੇਂ .ਫ਼ਸਲ ਪੱਕਣ ਦੇ ਨਜ਼ਦੀਕ ਜਾਂਦੀ ਹੈ ਉਸੇ ਤਰ੍ਹਾਂ ਪ੍ਰੋਟੀਨ ਤੱਤ ਦੀ ਮਾਤਰਾ ਘੱਟ ਜਾਂਦੀ ਹੈ।

**ਸ) ਢੁੱਕਵੇਂ ਕਾਲਮ ਦਾ ਮੇਲ ਕਰੋ-**

| ਕਾਲਮ 'ੳ' | ਕਾਲਮ 'ਅ' ਤੋਂ ਢੁਕਵਾਂ ਸ਼ਬਦ ਲਿਖੋ | ਕਾਲਮ 'ਅ' |
|---|---|---|
| 1. ਬਰਸੀਮ | | ਵਿਗਨਾ ਸਾਈਨੈਨਸਿਸ |
| 2. ਲੂਸਣ | | ਸੌਰਗਮ ਬਾਈਕਲਰ |
| 3. ਰਵਾਂਹ | | ਹੋਰਡੀਅਮ ਵਲਗੇਅਰ |
| 4. ਜਵਾਰ | | ਟਰਾਈਫੋਲੀਅਮ ਅਲੈਕਸਐਂਡਰੀਅਮ |
| 5. ਜੌਂ | | ਮੈਡੀਕਾਗੋ ਸਟੀਵਾ |

ਹ) ਸਾਰਨੀ ਵਿੱਚ ਢੁੱਕਵਾਂ ਅੱਖਰ ਲਿਖ ਕੇ ਸ਼ਬਦ ਬਣਾਓ।

| | | | | |
|---|---|---|---|---|
| [6]ਬ | [1]ਹਾ | ............... | | |
| ............... | [5]ਜ | [2]ਖ | ............... | ............... |
| | | [3]ਮੱ | ............... | |
| ਮ | | | | |
| | [4]ਜ | ............... | ਰ | |

**ਇਕ ਕਾਲਮ ਤੋਂ ਦੂਸਰੇ ਕਾਲਮ ਵਿੱਚ ਜਾਂਦੇ ਹੋਏ**

1. *ਰਬੀ ਦੇ ਮੌਸਮ/ਰੁੱਤ ਦਾ ਦੂਸਰਾ ਨਾਂ ਲਿਖੋ।*
2. *ਬਾਰਿਸ਼ਾਂ ਦੀ ਰੁੱਤ ਵਿੱਚ ਚਾਰਿਆਂ ਦੀਆਂ ਫ਼ਸਲਾਂ ਦੀ ਕਾਸ਼ਤ ਦਾ ਨਾਂ ਲਿਖੋ।*
3. *ਸਾਉਣੀ ਰੁੱਤ ਦੀ ਗ਼ੈਰ-ਫਲ਼ੀਦਾਰ ਚਾਰੇ ਦੀ ਫ਼ਸਲ*
4. *ਚਾਰੇ ਵਾਲੀ ਫ਼ਸਲ ਦਾ ਵਿਗਿਆਨਕ ਨਾਂ ਸੋਰਗਮ ਬਾਈਕਲਰ ਹੈ।*

**ਉਸੇ ਕਾਲਮ ਵਿੱਚ ਉਪਰੋਂ ਹੇਠਾਂ ਵੱਲ**

5. *ਹਾੜੀ ਰੁੱਤ ਦੀ ਗ਼ੈਰ-ਫਲ਼ੀਦਾਰ ਚਾਰੇ ਵਾਲੀ ਫ਼ਸਲ*
6. *ਹਾੜੀ ਰੁੱਤ ਦੀ ਫਲ਼ੀਦਾਰ ਚਾਰੇ ਵਾਲੀ ਫ਼ਸਲ*


## ਸੈਸ਼ਨ 2 : ਹਰੇ ਚਾਰਿਆਂ ਨੂੰ ਸੰਭਾਲ ਕੇ ਰੱਖਣ ਅਤੇ ਇਨ੍ਹਾਂ ਦੀ ਕੁਆਲਟੀ ਪਰਖਣ ਦੇ ਤਰੀਕੇ

**1. ਹਰੇ ਚਾਰੇ ਦੀ ਸੰਭਾਲ**

*ਹਰਾ ਚਾਰਾ ਜੁਗਾਲ਼ੀ ਕਰਨ ਵਾਲੇ ਪਸ਼ੂਆਂ (ਗਾਵਾਂ, ਮੱਝਾਂ, ਬੱਕਰੀਆਂ ਤੇ ਭੇਡਾਂ ਆਦਿ) ਦੀ ਮੁੱਢਲੀ ਖ਼ੁਰਾਕ ਹੈ। ਹਰਾ ਚਾਰਾ ਸਾਰਾ ਸਾਲ ਲੁੜੀਂਦੀ ਮਾਤਰਾ ਵਿੱਚ ਨਹੀਂ ਮਿਲਦਾ। ਭਾਰਤ ਵਿੱਚ ਬਰਸਾਤ ਦੇ ਮੌਸਮ ਦੌਰਾਨ ਹਰੇ ਚਾਰੇ ਭਾਵੇਂ ਚੋਖੀ ਮਾਤਰਾ ਵਿੱਚ ਉਪਲਬਧ ਹੁੰਦੇ ਹਨ। ਪ੍ਰੰਤੂ ਸਹੀ ਗਿਆਨ ਨਾ ਹੋਣ ਕਾਰਨ ਕਿਸਾਨ ਇਸਦੀ ਲਾਹੇਵੰਦ ਵਰਤੋਂ ਨਹੀਂ ਕਰ ਪਾਉਂਦੇ। ਜਦ ਹਰੇ ਚਾਰੇ ਦੀ ਬਹੁਤਾਤ ਹੁੰਦੀ ਹੈ ਤਦ ਸੁਕਾ ਕੇ ਜਾਂ ਸਾਈਲੇਜ (ਚਾਰੇ ਦਾ ਆਚਾਰ) ਦੇ ਰੂਪ ਵਿੱਚ ਇਸ ਨੂੰ ਸੰਭਾਲ ਕੇ ਰੱਖਿਆ ਜਾ ਸਕਦਾ ਹੈ। ਇਸ ਵਿਧੀ ਨੂੰ ਆਪਣਾ ਕੇ ਹਰੇ ਚਾਰੇ ਦੀ ਘਾਟ ਵਾਲੇ ਸਮੇਂ (ਮਈ ਤੋਂ ਜੁਲਾਈ ਅਤੇ ਅਕਤੂਬਰ ਤੋਂ ਨਵੰਬਰ) ਦੌਰਾਨ ਪਸ਼ੂਆਂ ਨੂੰ ਵਧੀਆ ਕੁਆਲਟੀ ਦਾ ਚਾਰਾ ਉਪਲੱਬਧ ਕਰਵਾਇਆ ਜਾ ਸਕਦਾ ਹੈ। ਇਸ ਤਰੀਕੇ ਨਾਲ ਸਾਂਭਿਆ ਹੋਇਆ ਚਾਰਾ ਡੇਅਰੀ ਵਿੱਚ ਵਰਤਿਆ ਜਾ ਸਕਦਾ ਹੈ ਅਤੇ ਵੇਚਿਆ ਵੀ ਜਾ ਸਕਦਾ ਹੈ। ਇਸ ਤੋਂ ਇਲਾਵਾ ਅਜਿਹਾ ਸਾਂਭਿਆ ਚਾਰਾ ਕੁਦਰਤੀ ਆਫ਼ਤਾਂ ਦੌਰਾਨ ਪਸ਼ੂਆਂ ਲਈ ਪੌਸ਼ਟਿਕ ਤੱਤਾਂ ਦਾ ਮੁੱਖ ਸੋਮਾ ਹੋ ਸਕਦਾ ਹੈ।*

**2. ਹਰੇ ਚਾਰੇ ਨੂੰ ਸੰਭਾਲਣ ਲਈ ਕੁੱਝ ਸ਼ਰਤਾਂ ਅਤੇ ਜ਼ਰੂਰੀ ਢੁੱਕਵੇਂ ਹਾਲਾਤ**

*ਹਰੇ ਚਾਰੇ ਨੂੰ ਲੰਮੇ ਸਮੇਂ ਲਈ ਸੰਭਾਲ ਕੇ ਰੱਖਣ ਲਈ ਕੁਝ ਸ਼ਰਤਾਂ ਚਾਰਟ 7.3 ਵਿੱਚ ਦਰਸਾਈਆਂ ਗਈਆਂ ਹਨ।*




**ਚਾਰਟ 7.3 ਚਾਰਿਆਂ ਨੂੰ ਸੰਭਾਲ ਕੇ ਰੱਖਣ ਲਈ ਜ਼ਰੂਰੀ ਸ਼ਰਤਾਂ**

**3. ਚਾਰਿਆਂ ਨੂੰ ਸੰਭਾਲ ਕੇ ਰੱਖਣ ਲਈ ਲੋੜੀਂਦੀਆਂ ਮਸ਼ੀਨਾਂ ਅਤੇ ਸੰਦ**

*ਹਰੇ ਚਾਰੇ ਨੂੰ ਸੁਕਾ ਕੇ ਰੱਖਣ ਜਾਂ ਸਾਈਲੇਜ ਬਣਾਉਣ ਲਈ ਲੋੜੀਂਦੀ ਮਸ਼ੀਨਰੀ ਅਤੇ ਸੰਦ ਸਾਰਨੀ 7.3 ਵਿੱਚ ਦਿਖਾਏ ਗਏ ਹਨ। ਇਹ ਮਸ਼ੀਨਰੀ ਕਾਮਿਆਂ ਦੀ ਸਿਹਤ ਅਤੇ ਸੁਰੱਖਿਆ ਸੰਬੰਧੀ ਨਿਯਮਾਂ ਅਨੁਸਾਰ ਹੋਣੀ ਚਾਹੀਦੀ ਹੈ। ਚਾਰਾ ਕੱਟਣ ਵਾਲੇ ਬਿਜਲੀ ਨਾਲ ਚੱਲਣ ਵਾਲੇ ਟੋਕੇ ਅਤੇ ਦਾਤਰੀ ਤਸਵੀਰ 7.3 ਵਿੱਚ ਦਿਖਾਈ ਗਈ ਹੈ।*

**ਸਾਰਨੀ 7.3 ਚਾਰੇ ਦੀ ਸੰਭਾਲ ਲਈ ਲੋੜੀਂਦੀ ਮਸ਼ੀਨਰੀ ਅਤੇ ਸੰਦ ਅਤੇ ਉਨ੍ਹਾਂ ਦੇ ਕੰਮ ਦਾ ਵਿਵਰਣ**

| ਮਸ਼ੀਨਾ ਅਤੇ ਸੰਦ | ਮਸ਼ੀਨਾ/ਸੰਦਾਂ ਦੇ ਕੰਮ |
|---|---|
| *ਚਾਰਾ ਕੱਟਣ ਵਾਲੀ ਮਸ਼ੀਨ-ਮਾਉਵਰ* | *ਇਹ ਮਸ਼ੀਨ ਹਰੇ ਚਾਰੇ ਵਾਲੀ ਖੜੀ ਫ਼ਸਲ ਨੂੰ ਖੇਤ ਵਿੱਚ ਕੱਟ ਕੇ ਇਕਸਾਰ ਰਸਤੇ ਵਿੱਚ ਢੇਰੀ ਲਗਾ ਦਿੰਦੀ ਹੈ।* |
| *ਦਾਤਰੀ* | *ਕਾਮਿਆਂ ਦੁਆਰਾ ਹੱਥ ਨਾਲ ਕਟਾਈ ਕਰਨ ਲਈ ਦਾਤਰੀ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਵਿੱਚ ਇੱਕ ਲੱਕੜੀ ਦਾ ਦਸਤਾ ਹੁੰਦਾ ਹੈ ਜਿਸ ਉੱਪਰ ਲੋਹੇ ਦਾ ਬਲੇਡ ਲੱਗਾ ਹੁੰਦਾ ਹੈ।* |
| *ਲੱਕੜ ਜਾਂ ਲੋਹੇ ਦੀ ਤੰਗਲੀ/ ਸਲੰਘ* | *ਇਸ ਦੀ ਵਰਤੋਂ ਹਰੇ ਚਾਰੇ ਨੂੰ ਫਰੋਲਣ, ਲੋਡ ਕਰਨ ਜਾਂ ਪਲਟੀ ਦੇਣ ਲਈ ਕੀਤੀ ਜਾਂਦੀ ਹੈ।* |
| *ਟਰੈਕਟਰ* | *ਇਹ ਹਰੇ ਚਾਰੇ ਦੀ ਢੋਆ-ਢੁਆਈ ਲਈ ਲੋੜੀਂਦਾ ਹੈ।* |
| *ਟੋਕਾ* | *ਹਰੇ ਚਾਰੇ ਨੂੰ ਕੱਟਣ ਲਈ ਵਰਤਿਆ ਜਾਂਦਾ ਹੈ। ਹੱਥ ਨਾਲ ਚੱਲਣ ਵਾਲਾ ਅਤੇ ਬਿਜਲੀ ਦੀ ਮੋਟਰ ਨਾਲ ਚੱਲਣ ਵਾਲਾ ਟੋਕਾ ਵੀ ਹੁੰਦਾ ਹੈ।* |
| *ਗੰਢਾਂ ਬਣਾਉਣ ਵਾਲੀ ਮਸ਼ੀਨ* | *ਇਹ ਮਸ਼ੀਨ ਸੁੱਕੇ ਘਾਹ ਨੂੰ ਦਬਾ ਦੇ ਉਸਦੀ ਗੰਢ ਬਣਾ ਦਿੰਦੀ ਹੈ। ਇਸ ਮਸ਼ੀਨ ਨੂੰ ਟਰੈਕਟਰ ਨਾਲ ਜੋੜ ਕੇ ਚਲਾਇਆ ਜਾਂਦਾ ਹੈ।* |



**ਬਿਜਲੀ ਮੋਟਰ ਨਾਲ ਚੱਲਣ ਵਾਲਾ ਟੋਕਾ**



**ਦਾਤਰੀ**

**ਤਸਵੀਰ 7.3 : ਹਰੇ ਚਾਰੇ ਨੂੰ ਸੰਭਾਲ ਕੇ ਰੱਖਣ ਲਈ ਲੋੜੀਂਦਾ ਟੋਕਾ ਅਤੇ ਦਾਤਰੀ**

**4. ਚਾਰੇ ਨੂੰ ਸੰਭਾਲ ਕੇ ਰੱਖਣ ਦੇ ਢੰਗ**

*ਚਾਰਿਆਂ ਨੂੰ ਸੰਭਾਲ ਕੇ ਰੱਖਣ ਦੇ ਕੁੱਝ ਆਮ ਢੰਗ ਹੇਠਾਂ ਦਿੱਤੇ ਜਾਂਦੇ ਹਨ :*

**ੳ) ਸੁਕਾਇਆ ਹੋਇਆ ਚਾਰਾ**

*ਹਰੇ ਚਾਰੇ ਨੂੰ ਧੁੱਪ ਵਿੱਚ ਸੁਕਾਉਣ ਨਾਲ ਇਸ ਵਿਚਲੀ ਨਮੀਂ 70-90% ਤੋਂ ਘੱਟ ਕੇ 15-20% ਰਹਿ ਜਾਂਦੀ ਹੈ। ਇਸ ਤਰ੍ਹਾਂ ਹਰੇ ਚਾਰੇ ਤੋਂ ਸੁਕਾਇਆ ਹੋਇਆ ਚਾਰਾ ਉਤਪੰਨ ਹੋ ਜਾਂਦਾ ਹੈ। ਖੋਖਲੇ ਮੁੱਢ ਵਾਲੀਆਂ ਚਾਰੇ ਦੀਆਂ ਫਸਲਾਂ ਚਾਰਾ ਸੁਕਾਉਣ ਲਈ ਸਭ ਤੋਂ ਵੱਧ ਢੁੱਕਵੀਆਂ ਹਨ। ਇਸ ਤਰੀਕੇ ਨਾਲ ਹਰੇ ਚਾਰੇ ਤੋਂ ਸੁੱਕਾ ਚਾਰਾ ਬਣ ਜਾਂਦਾ ਹੈ, ਜਿਸ ਨੂੰ ਲੰਮੇ ਸਮੇਂ ਲਈ ਸਟੋਰ ਕੀਤਾ ਜਾ ਸਕਦਾ ਹੈ ਅਤੇ ਇੱਕ ਜਗ੍ਹਾ ਤੋਂ ਦੂਸਰੀ ਜਗ੍ਹਾ ਲਿਜਾਇਆ ਜਾ ਸਕਦਾ ਹੈ ਬਿਨਾਂ ਕਿਸੇ ਨੁਕਸਾਨ ਤੋਂ। ਹਰੇ ਚਾਰੇ ਅਤੇ ਸੁਕਾਏ ਚਾਰੇ ਦੋਹਾਂ ਦੇ ਪੌਸ਼ਟਿਕ ਤੱਤ ਬਰਾਬਰ ਰਹਿੰਦੇ ਹਨ। ਸਭ ਪ੍ਰਕਾਰ ਦੇ ਪਸ਼ੂਆਂ ਦੀਆਂ ਖੁਰਾਕੀ ਲੋੜਾਂ ਸੁਕਾਏ ਚਾਰੇ ਤੋਂ ਅਸਾਨੀ ਨਾਲ ਪੂਰੀਆਂ ਹੋ ਜਾਂਦੀਆਂ ਹਨ।*

ਹਰੇ ਚਾਰੇ ਤੋਂ ਸੁੱਕਾ ਚਾਰਾ ਤਿਆਰ ਕਰਨ ਲਈ ਪੜਾਅਵਾਰ ਵਿਧੀ ਹੇਠਾਂ ਦਿੱਤੀ ਜਾਂਦੀ ਹੈ:

1. **ਚਾਰੇ ਦੀ ਕਟਾਈ :** ਫ਼ਸਲ ਦੀ ਢੁੱਕਵੀਂ ਸਟੇਜ ਤੇ ਕਟਾਈ ਕਰਨੀ ਚਾਹੀਦੀ ਹੈ।

2. **ਚਾਰੇ ਨੂੰ ਸੁਕਾਉਣਾ :** ਹਰੇ ਚਾਰੇ ਨੂੰ ਤਦ ਤੱਕ ਸੁਕਾਇਆ ਜਾਂਦਾ ਹੈ, ਜਦ ਤੱਕ ਉਸ ਵਿਚਲੀ ਨਮੀਂ 15-20 ਪ੍ਰਤੀਸ਼ਤ ਨਾ ਹੋ ਜਾਵੇ। ਕਟਾਈ ਤੋਂ ਬਾਅਦ ਕੱਟੇ ਹੋਏ ਚਾਰੇ ਨੂੰ ਖੇਤ ਵਿੱਚ ਸੁੱਕਣ ਲਈ ਛੱਡ ਦਿੱਤਾ ਜਾਂਦਾ ਹੈ। ਸੁੱਕਣ ਲਈ ਸਮਾਂ ਫ਼ਸਲ ਦੀ ਵੰਨਗੀ ਅਤੇ ਮੌਸਮ ਤੇ ਨਿਰਭਰ ਕਰਦਾ ਹੈ। ਚਾਰੇ ਨੂੰ ਸੁਕਾਉਣ ਲਈ ਕਈ ਢੰਗ ਹਨ ਜੋ ਹੇਠਾਂ ਦੱਸੇ ਜਾਂਦੇ ਹਨ:

**ੳ) ਬਨਾਉਟੀ ਤਰੀਕੇ :** ਚਾਰੇ ਨੂੰ ਜਲਦੀ ਸੁਕਾਉਣ ਲਈ ਮਸ਼ੀਨਰੀ, ਹੀਟਰ ਅਤੇ ਪੱਖੇ ਦੀ ਵਰਤੋਂ ਕੀਤੀ ਜਾਂਦੀ ਹੈ।


**ਅ) ਪਲਟਣਾ ਅਤੇ ਖਿਲਾਰਨਾ :** ਹਰੇ ਚਾਰੇ ਦੇ ਢੇਰ ਨੂੰ ਇਕਸਾਰ ਖਿਲਾਰਨ ਅਤੇ ਵਾਰ-ਵਾਰ ਪਲਟਣ ਨਾਲ ਹਰਾ ਚਾਰਾ ਇਕਸਾਰ ਸੁੱਕ ਜਾਂਦਾ ਹੈ ਅਤੇ ਇਸ ਵਿੱਚ ਉੱਲੀ ਪੈਦਾ ਨਹੀਂ ਹੁੰਦੀ।

**ੲ) ਕਤਾਰਾਂ ਵਿੱਚ ਰੱਖਣਾ :** ਕੱਟੇ ਹਰੇ ਚਾਰੇ ਨੂੰ ਤਰਤੀਬਵਾਰ ਕਤਾਰਾਂ ਵਿੱਚ ਰੱਖਣ ਨਾਲ ਇਸ ਨੂੰ ਚੁੱਕਣਾ ਸੌਖਾ ਰਹਿੰਦਾ ਹੈ ਅਤੇ ਗਰਮ ਮੌਸਮ ਵਿੱਚ ਇਸਦੀ ਬਣਤਰ ਸਹੀ ਰਹਿੰਦੀ ਹੈ ਅਤੇ ਬਦਰੰਗ ਨਹੀਂ ਹੁੰਦਾ।

**ਸ) ਪੰਡਾਂ ਵਿੱਚ ਬੰਨ੍ਹਣਾ :** ਜਦ ਚਾਰਾ ਕੁਝ ਸਮੇਂ ਲਈ ਸੁੱਕ ਜਾਵੇ ਤਦ ਇਸਨੂੰ ਪੰਡਾਂ ਵਿੱਚ ਬੰਨ੍ਹ ਦਿੱਤਾ ਜਾਂਦਾ ਹੈ। ਇਹ ਤਰੀਕਾ ਆਮ ਤੌਰ ਤੇ ਹੱਥੀਂ ਕੰਮ ਕਰਨ ਵਾਲਿਆਂ ਦੁਆਰਾ ਅਪਣਾਇਆ ਜਾਂਦਾ ਹੈ।

3. **ਭੰਡਾਰ ਕਰਨਾ :** ਜੇਕਰ ਸੁੱਕੇ ਚਾਰੇ ਵਿੱਚ ਨਮੀਂ ਵੱਧ ਤੋਂ ਵੱਧ 15% ਤੱਕ ਹੋਵੇ ਤਾਂ ਇਸਨੂੰ ਲੰਮੇ ਸਮੇਂ ਤੱਕ ਰੱਖਿਆ ਜਾ ਸਕਦਾ ਹੈ। ਅਜਿਹੇ ਸੁਕਾਏ ਹੋਏ ਚਾਰੇ ਨੂੰ ਖੁੱਲ੍ਹੇ ਤੌਰ ਤੇ ਜਾਂ ਗੰਢਾ ਬਣਾ ਕੇ ਜਾਂ ਇਸਨੂੰ ਕੁਤਰ ਕੇ ਲਮੇਂ ਸਮੇਂ ਲਈ ਸਟੋਰ ਕੀਤਾ ਜਾ ਸਕਦਾ ਹੈ।

ਚਾਰਟ 7.4 ਵਿੱਚ ਚਾਰਾ ਸੁਕਾਉਣ ਲਈ ਜ਼ਰੂਰੀ ਨੁਕਤੇ ਦਿੱਤੇ ਗਏ ਹਨ।




**ਚਾਰਟ 7.4 ਵਿੱਚ ਚਾਰਾ ਸੁਕਾਉਣ ਲਈ ਜ਼ਰੂਰੀ ਨੁਕਤੇ ਦਿੱਤੇ ਗਏ ਹਨ। ਮਸ਼ੀਨ ਨਾਲ ਹਰੇ ਚਾਰੇ ਦੀ ਕਟਾਈ ਚਾਰਾ ਸੁਕਾਉਣ ਲਈ ਜ਼ਰੂਰੀ ਵਿਧੀ**

**ਅ) ਸਾਈਲੇਜ**

ਹਵਾ ਰਹਿਤ ਹਾਲਤਾਂ ਵਿੱਚ ਹਰੇ ਚਾਰੇ ਦੇ ਖ਼ਮੀਰ ਹੋਣ ਤੋਂ ਸਾਈਲੇਜ ਜਾਂ ਚਾਰੇ ਦਾ ਅਚਾਰ ਪ੍ਰਾਪਤ ਹੁੰਦਾ ਹੈ। ਹਰੇ

ਚਾਰੇ ਨੂੰ ਇਸ ਤਕਨੀਕ ਨਾਲ ਸਾਈਲੇਜ ਦੇ ਰੂਪ ਵਿੱਚ ਸੰਭਾਲ ਕੇ ਰੱਖਿਆ ਜਾ ਸਕਦਾ ਹੈ। ਟੋਏ ਵਿੱਚ ਚਾਰੇ ਤੋਂ ਸਾਈਲੇਜ ਬਣਾਇਆ ਜਾਂਦਾ ਹੈ। ਇਸ ਤਰ੍ਹਾਂ ਦੇ ਟੋਏ ਜਾਂ ਖੱਡੇ ਦੀ ਤਸਵੀਰ 7.4 ਵਿੱਚ ਦਿਖਾਈ ਗਈ ਹੈ। ਸਾਈਲੇਜ ਨੂੰ ਚਾਰੇ ਦਾ ਅਚਾਰ ਵੀ ਕਿਹਾ ਜਾਂਦਾ ਹੈ। ਜਿਸ ਵਿੱਚ ਲਗਭਗ 70% ਨਮੀਂ ਹੁੰਦੀ ਹੈ। ਮੋਟੇ ਮੁੱਢ ਵਾਲੀਆਂ ਚਾਰੇ ਦੀਆਂ ਫ਼ਸਲਾਂ ਸਾਈਲੇਜ ਬਣਾਉਣ ਲਈ ਢੁੱਕਵੀਆਂ ਹਨ।

ਸਾਈਲੇਜ ਬਣਾਉਣ ਦਾ ਢੰਗ ਚਾਰਟ 7.5 ਵਿੱਚ ਦਿੱਤਾ ਗਿਆ ਹੈ।

ਫ਼ਸਲਾਂ ਦਾ ਕਟਾਈ : ਢੁੱਕਵੀਂ ਅਵਸਥਾ 'ਤੇ ਫ਼ਸਲ ਦੀ ਕਟਾਈ ਕਰੋ ਜਦ ਫ਼ਸਲ ਪੋਸ਼ਟਿਕ ਤੱਤਾਂ ਨਾਲ ਭਰਪੂਰ ਹੋਵੇ

↓

ਚਾਰੇ ਨੂੰ ਸੁਕਾਉਣਾ : ਹਰੇ ਚਾਰੇ ਨੂੰ ਏਨਾ ਸੁੱਕਾ ਲਵੋ ਤਾਂ ਜੋ ਇਸ ਦਾ ਸੁੱਕਾ ਪਦਾਰਥ 30 ਪ੍ਰਤੀਸ਼ਤ ਰਹਿ ਜਾਵੇ।

↓

ਚਾਰਾ ਕੁਤਰਨਾ : ਉੱਪਰ ਦੱਸੀ ਫ਼ਸਲ ਨੂੰ 2-3 ਸੈ: ਮੀ: ਲੰਮੇ ਟੁਕੜਿਆਂ ਵਿੱਚ ਕੁਤਰ ਲਵੋ
ਇਹ ਹੱਥ ਵਾਲੇ ਟੋਕੇ ਨਾਲ ਜਾਂ ਬਿਜਲੀ ਦੀ ਮੋਟਰ ਵਾਲੇ ਟੋਕੇ ਨਾਲ ਕੁਤਰਿਆ ਜਾਵੇ

↓

ਟੋਏ ਨੂੰ ਭਰਨਾ : 3-4 ਦਿਨ੍ਹਾਂ ਦੇ ਅੰਦਰ ਕੱਟੇ ਹੋਏ ਚਾਰੇ ਨੂੰ ਖੱਡੇ ਵਿੱਚ ਭਰ ਦਿਓ। ਕੁਤਰੇ ਨੂੰ ਚੰਗੀ ਤਰ੍ਹਾਂ ਦਬਾਅ ਕੇ ਭਰੋ ਤਾਂ ਜੋ ਟੋਏ ਵਿੱਚ ਹਵਾ ਨਾ ਰਹੇ।

↓

ਸਾਈਲੇਜ ਦੇ ਪੌਸ਼ਟਿਕ ਤੱਤ ਵਧਾਉਣ ਲਈ ਕੁਤਰੇ ਚਾਰੇ ਵਿੱਚ ਯੂਰੀਆ ਜਾਂ ਸੀਰਾ ਮਿਲਾ ਦਿਓ।



**ਤਸਵੀਰ 7.4 ਮੋਰਚੇ ਵਰਗਾ ਸਾਈਲੇਜ ਬਣਾਉਣ ਵਾਲਾ ਟੋਆ**

*ੲ) ਤੂੜੀ, ਪਰਾਲੀ ਅਤੇ ਫ਼ਸਲਾਂ ਦੀ ਰਹਿੰਦ-ਖੂੰਹਦ*

*ਫ਼ਸਲਾਂ ਦੀ ਕਟਾਈ ਉਪਰੰਤ ਫ਼ਸਲਾਂ ਦੀ ਰਹਿੰਦ-ਖੂੰਹਦ ਨੂੰ ਪਸ਼ੂਆਂ ਲਈ ਸੁਕੇ ਚਾਰੇ ਦੇ ਤੌਰ ਤੇ ਵਰਤਿਆ ਜਾ ਸਕਦਾ ਹੈ। ਫ਼ਸਲਾਂ ਦੀ ਅਜਿਹੀ ਰਹਿੰਦ-ਖੂੰਹਦ ਨੂੰ ਆਸਾਨੀ ਨਾਲ ਲੰਮੇ ਸਮੇਂ ਤੱਕ ਭੰਡਾਰ ਕੀਤਾ ਜਾ ਸਕਦਾ ਹੈ। ਤੂੜੀ ਨੂੰ ਸੁਕਾਏ ਚਾਰੇ ਵਾਲੇ ਗੋਦਾਮ ਵਿੱਚ ਰੱਖਿਆ ਜਾ ਸਕਦਾ ਹੈ ਅਤੇ ਜਦ ਲੋੜ ਹੋਵੇ ਪਸ਼ੂਆਂ ਨੂੰ ਪਾਇਆ ਜਾ ਸਕਦਾ ਹੈ। (ਤਸਵੀਰ 7.5)।*



**ਤਸਵੀਰ 7.5 ਤੂੜੀ ਵਾਲਾ ਸਟੋਰ/ਕੋਠਾ**

**5. ਸੰਭਾਲ ਕੇ ਰੱਖੇ ਚਾਰੇ ਦੀ ਕੁਆਲਟੀ ਪਰਖਣ ਲਈ ਢੰਗ**

**ਸਾਈਲੇਜ ਦੀ ਕੁਆਲਟੀ ਦੀ ਪਰਖ**

*ਹੇਠ ਲਿਖੀਆਂ ਵਿਸ਼ੇਸ਼ਤਾਵਾਂ ਦੇ ਆਧਾਰ ਤੇ ਸਾਈਲੇਜ ਦੀ ਕੁਆਲਟੀ ਦੀ ਪਰਖ ਕੀਤੀ ਜਾਂਦੀ ਹੈ।*

*ੳ) ਇਸਦੀ ਵਾਸ਼ਨਾ (ਬੁਟੇਰਿਕ ਏਸਿਡ) ਅੱਛੀ ਹੋਵੇ।*

*ਅ) ਰੰਗ: ਵਧੀਆ ਸਾਈਲੇਜ ਦਾ ਰੰਗ ਹਰਾ-ਪੀਲਾ ਹੁੰਦਾ ਹੈ।*

*ੲ) ਇਸ ਵਿਚਲੀ ਸਿਲ੍ਹ ਅਤੇ ਇਸਦੀ ਦਿੱਖ/ਬਣਤਰ ਚੰਗੀ ਹੋਵੇ.*

*ਸ) ਇਹ ਮਿੱਟੀ ਤੋਂ ਰਹਿਤ ਹੋਵੇ।*

**ਸੁਕਾਏ ਚਾਰੇ ਦੀ ਕੁਆਲਟੀ ਦੀ ਜਾਂਚ**

*ਸੁਕਾਏ ਚਾਰੇ ਦੀ ਕੁਆਲਟੀ ਦੀ ਪਰਖ ਹੇਠ ਲਿਖੇ ਮਾਪ-ਦੰਡਾਂ ਦੇ ਆਧਾਰ ਤੇ ਕੀਤੀ ਜਾਂਦੀ ਹੈ।*

*ੳ) ਸੁੱਕੇ ਚਾਰੇ ਦਾ ਰੰਗ - ਪੀਲਾ/ਹਰਾ - ਵਧੀਆ ਕੁਆਲਟੀ*

*- ਪੀਲਾ/ਸਲੇਟੀ - ਦਰਮਿਆਨੀ*

*- ਭੂਰਾ/ਕਾਲਾ - ਘਟੀਆ ਕੁਆਲਟੀ*

*ਅ) ਉੱਲੀ, ਮਿੱਟੀ ਅਤੇ ਗੰਧ ਦੇ ਆਧਾਰ ਤੇ ਪਰਖ ਕੀਤੀ ਜਾਂਦੀ ਹੈ.*

*ੲ) ਜੇਕਰ ਇਸ ਵਿੱਚ ਨਦੀਨ ਜਾਂ ਕੰਡੇ ਹੋਣ ਤਾਂ ਕੁਆਲਟੀ ਘਟੀਆ ਸਮਝੀ ਜਾਂਦੀ ਹੈ।*

**6. ਮੌਸਮ ਦੇ ਬੁਰੇ ਅਸਰ ਤੋਂ ਬਚਾਅ ਦੇ ਢੰਗ**

*ਬਚੇ ਖੁਚੇ ਜਾਂ ਖਰਾਬ ਹੋਏ ਚਾਰੇ ਤੇ ਕੀਟ-ਪਤੰਗੇ ਪਲਦੇ ਹਨ ਜੋ ਸਾਂਭ ਕੇ ਰੱਖੇ ਸੁਕਾਏ ਹੋਏ ਚਾਰੇ ਦਾ ਨੁਕਸਾਨ ਕਰ ਸਕਦੇ ਹਨ। ਇਸ ਲਈ ਅਜਿਹੇ ਬਚੇ-ਖੁਚੇ ਚਾਰੇ ਨੂੰ ਜਲਦੀ ਨਸ਼ਟ ਕਰ ਦੇਣਾ ਚਾਹੀਦਾ ਹੈ ਤਾਂ ਜੋ ਮੌਸਮੀ ਨੁਕਸਾਨ ਘੱਟ ਤੋਂ ਘੱਟ ਹੋਵੇ। ਹੇਠ ਲਿਖੇ ਧਿਆਨਯੋਗ ਨੁਕਤਿਆਂ ਦੀ ਪਾਲਣਾ ਕਰੋ।*

*ੳ) ਸਟੋਰ ਦੇ ਆਲ਼ੇ-ਦੁਆਲ਼ੇ ਦੀ ਲਗਾਤਾਰ ਸਫ਼ਾਈ ਕਰਦੇ ਰਹੋ।*

*ਅ) ਸਟੋਰ ਵਿੱਚ ਰੱਖੀ ਪਸ਼ੂਆਂ ਦੀ ਖੁਰਾਕ ਨੂੰ ਲਗਾਤਾਰ ਚੈੱਕ ਕਰਦੇ ਰਹੋ ਤਾਂ ਜੋ ਕੋਈ ਨੁਕਸਾਨ ਨਾ ਹੋਵੇ।*

*ੲ) ਹਰੇ ਚਾਰੇ ਨੂੰ ਸੁਕਾਉਣ ਲਈ ਰਸਾਇਣਾਂ ਦੀ ਵਰਤੋਂ ਨਾ ਕਰੋ। ਅਜਿਹਾ ਕਰਨ ਨਾਲ ਵਾਤਾਵਰਣ ਪ੍ਰਦੂਸ਼ਿਤ ਹੋਵੇਗਾ।*


*ਸ) ਨਿਰਮਾਤਾ ਕੰਪਨੀ ਦੀਆਂ ਹਦਾਇਤਾਂ ਅਨੁਸਾਰ ਮਸ਼ੀਨਰੀ ਅਤੇ ਹੋਰ ਸੰਦਾਂ ਦੀ ਸਫ਼ਾਈ ਅਤੇ ਦੇਖਭਾਲ ਕਰਦੇ ਰਹੋ।*

*ਹ) ਸਾਈਲੇਜ ਵਾਲੇ ਟੋਏ ਜਾਂ ਸੁਕਾਏ ਚਾਰੇ ਦੇ ਸਟੋਰ ਵਿੱਚੋਂ ਰਹਿੰਦ-ਖੂਹੰਦ ਮਾਦੇ ਦੀ ਨਿਕਾਸੀ ਦਾ ਪੂਰਾ ਪ੍ਰਬੰਧ ਹੋਣਾ ਚਾਹੀਦਾ ਹੈ।*

*ਕ) ਸੁੱਕੇ ਚਾਰੇ ਦੀ ਲੋੜ ਸੰਬੰਧੀ ਅਨੁਮਾਨ ਲਾਉਣਾ*

*ਕਿਸੇ ਡੇਅਰੀ ਫਾਰਮ ਲਈ ਸੁੱਕੇ ਚਾਰੇ ਦੀ ਲੋੜ ਕਈ ਨੁਕਤਿਆਂ ਤੇ ਨਿਰਭਰ ਕਰਦੀ ਹੈ।*

*ਅਜਿਹੇ ਨੁਕਤੇ ਚਾਰਟ 7.6 ਵਿੱਚ ਦਿੱਤੇ ਗਏ ਹਨ।*




**ਚਾਰਟ 7.6: ਡੇਅਰੀ ਫਾਰਮ ਦੀ ਸੁੱਕੇ ਚਾਰੇ ਦੀ ਲੋੜ ਨੂੰ ਪ੍ਰਭਾਵਿਤ ਕਰਨ ਵਾਲੇ ਨੁਕਤੇ**

*ਇੱਕ ਮੋਟੇ ਨਿਯਮ ਅਨੁਸਾਰ ਇੱਕ ਗਾਂ ਹਰ ਰੋਜ਼ 20-25 ਕਿਲੋ ਸਾਈਲੇਜ਼ ਖਾ ਸਕਦੀ ਹੈ। ਦਸ ਗਾਵਾਂ ਦੀ ਇਕ ਡੇਅਰੀ ਲਈ ਚਾਰੇ ਦੀ ਥੁੜ ਵਾਲੇ 4 ਮਹੀਨਿਆਂ ਵਿੱਚ 240 ਕੁਇੰਟਲ (10×20×120) ਸਾਈਲੇਜ ਦੀ ਲੋੜ ਪਵੇਗੀ। ਇਸੇ ਤਰ੍ਹਾਂ ਵੱਡੇ ਡੰਗਰ ਹਰ ਰੋਜ਼ 5-6 ਕਿਲੋ ਸੁੱਕਾ ਚਾਰਾ ਪ੍ਰਤੀ ਡੰਗਰ ਦੇ ਹਿਸਾਬ, ਹੋਰ ਫੀਡ ਦੇ ਨਾਲ ਨਾਲ ਖਾ ਲੈਂਦੇ ਹਨ। ਇਸ ਹਿਸਾਬ ਨਾਲ 4 ਮਹੀਨਿਆਂ ਦੇ ਘਾਟ ਵਾਲੇ ਸਮੇਂ ਦੌਰਾਨ 10 ਗਾਵਾਂ ਲਈ 72 ਕੁਇੰਟਲ (10×6×120) ਸੁੱਕੇ ਚਾਰੇ/ਤੂੜੀ ਵਗੈਰਾ ਦੀ ਲੋੜ ਪਵੇਗੀ।*

## ਅਭਿਆਸ

**ਗਤੀਵਿਧੀ** *1. ਚਾਰੇ ਨੂੰ ਸੁਕਾਉਣ ਦੀ ਵਿਧੀ*

**ਲੋੜੀਂਦਾ ਸਮਾਨ**

*1. ਦਾਤਰੀ*

*2. ਲੱਕੜੀ ਜਾਂ ਲੋਹੇ ਦੀ ਬਣੀ ਤਰੰਗਲੀ/ਸਲੰਘ*

*3. ਟਰੈਕਟਰ*

**ਤਰੀਕਾ**

*1. ਸੁੱਕਾ ਚਾਰਾ ਤਿਆਰ ਕਰਨ ਲਈ ਹਰੇ ਚਾਰੇ ਵਾਲੀ ਫਸਲ ਦੀ ਕਟਾਈ ਕਰੋ।*

*2. ਚਾਰੇ ਨੂੰ ਉਸ ਵਕਤ ਤੱਕ ਸੁਕਾਓ ਜਦ ਇਸ ਵਿੱਚ 15-20 ਪ੍ਰਤੀਸ਼ਤ ਨਮੀ ਰਹਿ ਜਾਵੇ।*

*3. ਸੁੱਕੇ ਚਾਰੇ ਨੂੰ ਖੁੱਲ੍ਹੀ ਹਾਲਤ ਵਿੱਚ ਜਾਂ ਗੰਢਾਂ ਦੇ ਰੂਪ ਵਿੱਚ ਜਾਂ ਕੁਤਰ ਕਰਕੇ ਸਟੋਰ ਕਰ ਲਵੋ।*

**ਆਪਣੀ ਪ੍ਰਾਪਤੀ ਦੀ ਜਾਂਚ ਕਰੋ।**

**ੳ) ਬਹੁ-ਉੱਤਰੀ ਪ੍ਰਸ਼ਨ**

*1. ਸਾਈਲੇਜ ਵਿੱਚ ਤਰਜੀਹੀ ਤੌਰ ਤੇ ........% ਸੁੱਕਾ ਮਾਦਾ ਹੋਣਾ ਚਾਹੀਦਾ ਹੈ?*

*ੳ) 10 ਅ) 15 ੲ) 20 ਸ) 30*

*2. ਕਿਸ ਜਾਨਵਰ ਲਈ ਚਾਰਾ ਇੱਕ ਮੁੱਢਲੀ ਖੁਰਾਕ ਨਹੀਂ ਹੈ?*

*ੳ) ਗਾਂ ਅ) ਮੱਝ ੲ) ਸੂਰ ਸ) ਬੱਕਰੀ*

*3. ਹੇਠ ਲਿਖਿਆਂ ਵਿਚੋਂ ਚਾਰੇ ਦਾ ਅਚਾਰ ਕਿਸ ਨੂੰ ਕਿਹਾ ਜਾਂਦਾ ਹੈ?*

*ੳ) ਸੁੱਕਾ ਘਾਹ ਅ) ਸਾਈਲੇਜ ੲ) ਤੂੜੀ ਸ) ਇਨ੍ਹਾਂ ਵਿੱਚੋਂ ਕੋਈ ਵੀ ਨਹੀਂ*

*4. ਵਧੀਆ ਕੁਆਲਟੀ ਵਾਲੇ ਸਾਈਲੇਜ ਦੀ ਖੁਸ਼ਬੋ ਕਿਸ ਕਾਰਨ ਹੁੰਦੀ ਹੈ?*

*ੳ) ਬੁਟੈਰਿਕ ਤੇਜ਼ਾਬ ਅ) ਐਸਟਿਕ ਤੇਜ਼ਾਬ*

*ੲ) ਪਰੋਪਾਇਉਨਿਕ ਤੇਜ਼ਾਬ ਸ) ਇਨ੍ਹਾਂ ਵਿਚੋਂ ਕੋਈ ਵੀ ਨਹੀਂ*

*5. ਚਾਰਿਆਂ ਨੂੰ ਸੰਭਾਲ ਕੇ ਰੱਖਣ ਵਿੱਚ ਹੇਠ ਲਿਖੀਆਂ ਮਸ਼ੀਨਾਂ/ਸੰਦਾਂ ਵਿੱਚੋਂ ਕਿਸ ਦੀ ਵਰਤੋਂ ਨਹੀਂ ਕੀਤੀ ਜਾਂਦੀ?*

*ੳ) ਦਾਤਰੀ ਅ) ਗੰਢਾਂ ਬਣਾਉਣ ਵਾਲੀ ਮਸ਼ੀਨ*

*ੲ) ਟੋਕਾ ਸ) ਰੋਟਾਵੇਟਰ*

**ਅ) ਖਾਲੀ ਥਾਂ ਤੇ ਢੁੱਕਵਾਂ ਸ਼ਬਦ ਲਿਖੋ**

*1. ਸੁਕਾਉਣ ਲਈ......... ਮੁੱਢ ਵਾਲੀ ਫਸਲ ਢੁੱਕਵੀਂ ਹੈ।*

*2. ਸੁੱਕੇ ਚਾਰੇ ਵਿੱਚ ਸੁੱਕੇ ਮਾਦੇ ਦੀ ਮਾਤਰਾ.........% ਹੋਣੀ ਚਾਹੀਦੀ ਹੈ।*

*3. ਟੋਆ ਬੰਦ ਕਰਨ ਤੋਂ.............. ਦਿਨਾਂ ਬਾਅਦ ਡੰਗਰਾਂ ਨੂੰ ਸਾਈਲੇਜ ਖੁਆਇਆ ਜਾ ਸਕਦਾ ਹੈ।*

*4. ਵਧੀਆ ਕੁਆਲਟੀ ਵਾਲੇ ਸਾਈਲੇਜ ਦਾ ਰੰਗ............ ਹੋਵੇਗਾ।*

*5. ਵਧੀਆ ਕੁਆਲਟੀ ਵਾਲੇ ਸੁੱਕੇ ਚਾਰੇ ਦਾ ਰੰਗ.............. ਹੋਵੇਗਾ।*

**ੲ) ਸਹੀ ਜਾਂ ਗਲਤ ਕਥਨ ਦੱਸੋ**

*1. ਖੋਖਲੇ ਮੁੱਢ/ਤਣੇ ਵਾਲੀਆਂ ਫਸਲਾਂ ਸਾਈਲੇਜ ਬਣਾਉਣ ਲਈ ਢੁੱਕਵੀਆਂ ਹਨ।*

*2. ਸਾਈਲੇਜ ਹਵਾਦਾਰ ਹਾਲਤਾਂ ਵਿੱਚ ਬਣਾਇਆ ਜਾਂਦਾ ਹੈ।*

*3. ਸੁੱਕੇ ਚਾਰੇ ਲਈ ਗੰਢਾਂ ਬਣਾਉਣ ਵਾਲੀ ਮਸ਼ੀਨ ਵਰਤੀਂ ਜਾਂਦੀ ਹੈ।*

*4. ਸਾਈਲੇਜ ਨੂੰ ਅੱਗ ਲੱਗਣ ਦਾ ਖਤਰਾ ਰਹਿੰਦਾ ਹੈ।*

*5. ਸੁੱਕੇ ਚਾਰੇ ਦਾ ਭੂਰਾ ਜਾਂ ਕਾਲਾ ਰੰਗ ਹੋਣਾ ਇਸਦੀ ਘਟੀਆ ਕੁਆਲਟੀ ਦੀ ਨਿਸ਼ਾਨੀ ਹੈ।*

**ਸ) ਢੁੱਕਵੇਂ ਕਾਲਮਾਂ ਦਾ ਮੇਲ ਕਰੋ**

| **ਕਾਲਮ 'ੳ'** | **ਕਾਲਮ 'ਅ' ਤੋਂ ਢੁੱਕਵਾਂ ਸ਼ਬਦ ਲਿਖੋ** | **ਕਾਲਮ 'ਅ'** |
|---|---|---|
| *1. ਕਟਾਈ ਵਾਲੀ ਮਸ਼ੀਨ* | | *ਖਿਲਾਰਨ, ਪਲਟਾਉਣ, ਲੱਦਣ ਲਈ ਵਰਤੀ ਜਾਂਦੀ ਹੈ।* |
| *2. ਲੱਕੜੀ ਜਾਂ ਲੋਹੇ ਦੀ ਤੰਗਲੀ* | | *ਚਾਰੇ ਦੀ ਢੋਆ-ਢੋਆਈ ਲਈ ਹੈ* |
| *3. ਟਰੈਕਟਰ* | | *ਸੁਕਾਏ ਚਾਰੇ ਨੂੰ ਦਬਾਅ ਕੇ ਗੰਢਾਂ ਬਣਾਉਂਦੀ ਹੈ।* |
| *4. ਗੰਢਾਂ ਬਣਾਉਣ ਵਾਲੀ ਮਸ਼ੀਨ* | | *ਹਰੇ ਚਾਰੇ ਨੂੰ ਕੁਤਰਨ ਲਈ ਵਰਤਿਆ ਜਾਂਦਾ ਹੈ।* |
| *5. ਟੋਕਾ* | | *ਹਰੇ ਚਾਰੇ ਵਾਲੀ ਫ਼ਸਲ ਦੀ ਕਟਾਈ ਕਰਕੇ ਖੇਤ ਵਿੱਚ ਛੱਡ ਦਿੱਤੀ ਜਾਂਦੀ ਹੈ।* |

ਹ) ਸਾਰਨੀ ਵਿੱਚ ਢੁੱਕਵਾਂ ਸ਼ਬਦ ਲਿਖੋ।

| | | | |
|---|---|---|---|
| [1]ਬੇ | ............ | ............ | [5]ਬੂ |
| [2]ਭੂ | ............ | | ............ |
| | [3] ............ | ਰਾ | ............ |
| [4] ............ | ............ | ਰੀ | |

**ਇਕ ਕਾਲਮ ਤੋਂ ਦੂਸਰੇ ਕਾਲਮ ਵੱਲ ਜਾਂਦੇ ਹੋਏ।**

*1. ਸੁੱਕੇ ਚਾਰੇ ਨੂੰ ਇਸ ਰੂਪ ਵਿੱਚ ਰੱਖਿਆ ਜਾਂਦਾ ਹੈ।*

*2. ਘਟੀਆ ਕੁਆਲਟੀ ਵਾਲੇ ਸੁੱਕੇ ਚਾਰੇ ਦਾ ਰੰਗ।*

*3. ਵਧੀਆ ਕੁਆਲਟੀ ਵਾਲੇ ਸਾਈਲੇਜ ਦਾ ਰੰਗ*

*4. ਫਸਲ ਕੱਟਣ ਲਈ ਇਸਦੀ ਵਰਤੋਂ ਕੀਤੀ ਜਾਂਦੀ ਹੈ।*

**ਉਪਰੋਂ ਹੇਠਾਂ ਵੱਲ ਜਾਂਦੇ ਹੋਏ ਕਾਲਮ ਵਿੱਚ ਲਿਖੋ**

*5. ਸਾਈਲੇਜ ਦੀ ਖੁਸ਼ਬੂ ਦਾ ਕਾਰਨ ਹੈ।*

## ਸ਼ਬਦਾਵਲੀ

- **ਡੇਅਰੀ:** *ਡੇਅਰੀ ਇਕ ਧੰਦਾ ਜਾਂ ਕਾਰੋਬਾਰ ਹੈ ਜਿਸ ਵਿੱਚ ਮਨੁੱਖੀ ਵਰਤੋਂ ਲਈ ਦੁੱਧ ਪੈਦਾ ਕੀਤਾ ਜਾਂਦਾ ਹੈ।*
- **ਡੇਅਰੀ ਫਾਰਮਰ/ਪਸ਼ੂ-ਪਾਲਕ:** *ਇੱਕ ਪਸ਼ੂ ਪਾਲਕ ਗਾਵਾਂ ਦੀ ਸੰਭਾਲ ਅਤੇ ਦੁੱਧ ਦੀ ਪੈਦਾਵਾਰ ਕਰਨ ਦੇ ਯਤਨ ਕਰਦਾ ਹੈ ਤਾਂ ਜੋ ਵੱਧ ਤੋਂ ਵੱਧ ਦੁੱਧ ਪੈਦਾ ਕੀਤਾ ਜਾ ਸਕੇ। ਡੇਅਰੀ ਦੇ ਸਾਈਜ਼ ਅਤੇ ਕੰਮ ਅਨੁਸਾਰ ਪਸ਼ੂ ਪਾਲਕ ਦੀ ਜ਼ਿੰਮੇਵਾਰੀ ਬਦਲ ਜਾਂਦੀ ਹੈ।*
- **ਦੇਸੀ ਪਸ਼ੂ:** *ਕਿਸੇ ਖਾਸ ਨਸਲ ਜਾਂ ਬਗੈਰ ਨਸਲ ਤੋਂ ਅਜਿਹੇ ਪਸ਼ੂ ਜੋ ਦੇਸ਼ ਵਿੱਚ ਉਤਪੰਨ ਹੋਏ ਹਨ।*
- **ਵਿਦੇਸ਼ੀ ਪਸ਼ੂ:** *ਅਜਿਹੇ ਪਸ਼ੂ ਜਿਹੜੇ ਦੂਸਰੇ ਦੇਸ਼ਾਂ ਵਿੱਚ ਵਿਕਸਿਤ ਹੋਏ ਹਨ, ਵਿਦੇਸ਼ੀ ਪਸ਼ੂ ਕਹਿਲਾਉਂਦੇ ਹਨ। ਜਰਸੀ ਅਤੇ ਹੌਲਸਟੀਨ ਫਰੀਜ਼ੀਅਨ ਨਸਲ ਦੀਆਂ ਗਾਂਵਾ ਅਜਿਹੇ ਪਸ਼ੂਆਂ ਦੀਆਂ ਮੱਹਤਵਪੂਰਨ ਕਿਸਮਾਂ ਹਨ।*

  **ਦੋਗਲੀ ਨਸਲ ਵਾਲੇ ਪਸ਼ੂ:** *ਉਹ ਨਸਲ ਜੋ ਦੇਸੀ ਨਸਲ ਅਤੇ ਵਿਦੇਸ਼ੀ ਨਸਲ ਜਾਂ ਵਿਦੇਸ਼ੀ ਵਿਰਸੇ ਵਾਲੇ ਪਸ਼ੂ ਦੇ ਮਿਲਾਪ ਤੋਂ ਉਤਪੰਨ ਹੁੰਦੀ ਹੈ, ਦੋਗਲੀ ਨਸਲ ਕਹਿਲਾਉਂਦੀ ਹੈ ਅਤੇ ਅਜਿਹੇ ਪਸ਼ੂਆਂ ਨੂੰ ਦੋਗਲੇ ਕਿਹਾ ਜਾਂਦਾ ਹੈ।*
- **ਪਸ਼ੂਧਨ:** *ਗਾਵਾਂ, ਮੱਝਾਂ, ਘੋੜੇ ਆਦਿ ਪਸ਼ੂ ਜਿਨ੍ਹਾਂ ਨੂੰ ਘਰੇਲੂ ਵਰਤੋਂ ਲਈ ਜਾਂ ਵਪਾਰਕ ਮੰਤਵ ਨਾਲ ਇੱਕ ਫਾਰਮ ਤੇ ਪਾਲਿਆ ਜਾਂਦਾ ਹੈ।*
- **ਵਾੜਾ:** *ਇਹ ਸ਼ੈੱਡ ਦੇ ਨਜ਼ਦੀਕ ਇੱਕ ਖੁੱਲ੍ਹੀ ਜਗ੍ਹਾ ਹੁੰਦੀ ਹੈ ਜਿਸ ਵਿੱਚ ਪਸ਼ੂ ਚਰਦੇ ਹਨ ਜਾਂ ਘੋੜਿਆਂ ਨੂੰ ਏਥੇ ਟਰੇਨਿੰਗ ਦਿੱਤੀ ਜਾਂਦੀ ਹੈ।*
- **ਡੇਅਰੀ ਵਾਲੇ ਪਸ਼ੂ:** *ਅਜਿਹੇ ਪਸ਼ੂ ਜੋ ਦੁੱਧ ਪੈਦਾ ਕਰਨ ਲਈ ਪਾਲੇ ਜਾਂਦੇ ਹਨ।*
- **ਰਿਕਾਰਡ:** *ਕਿਸੇ ਵਿਸ਼ੇ ਨਾਲ ਸੰਬੰਧਤ ਅੰਕੜੇ ਇਕੱਤਰ ਕੀਤੇ ਅਤੇ ਲਿਖੇ ਜਾਂਦੇ ਹਨ।*
- **ਢੋਆ-ਢੁਆਈ:** *ਇੱਕ ਜਗ੍ਹਾਂ ਤੋਂ ਦੂਸਰੀ ਜਗ੍ਹਾਂ ਪਸ਼ੂਆਂ ਜਾਂ ਹੋਰ ਵਸਤਾਂ ਨੂੰ ਲਿਜਾਣ ਨਾਲ ਸੰਬੰਧਤ ਹੈ।*
- **ਖੁਰਾਕ:** *ਇਹ ਪਸ਼ੂਆਂ ਦਾ ਭੋਜਨ ਹੈ।*
- **ਸੁੱਕੇ ਚਾਰੇ:** *ਇਸ ਵਿਚ ਤੂੜੀ, ਪਰਾਲੀ, ਕੜਬ ਆਦਿ ਚਾਰੇ ਸ਼ਾਮਲ ਹਨ ਜਿਨ੍ਹਾਂ ਵਿੱਚ ਸੈਲੂਲੋਜ਼ ਜ਼ਿਆਦਾ ਹੁੰਦਾ ਹੈ ਪਰ ਘੱਟ ਹਜ਼ਮ ਹੁੰਦੇ ਹਨ ਅਤੇ ਘੱਟ ਤਾਕਤ ਦੇਣ ਵਾਲੇ ਹੁੰਦੇ ਹਨ।*
- **ਵੰਡ ਜਾਂ ਮਿਸ਼ਰਨ ਦਾਣਾ:** *ਅਜਿਹੀ ਫੀਡ ਹੈ ਜਿਸ ਵਿੱਚ ਸੈਲੂਲੋਜ਼ ਘੱਟ ਹੁੰਦਾ ਹੈ ਪ੍ਰੰਤੂ ਜਲਦੀ ਹਜ਼ਮ ਹੋ ਜਾਂਦੀ ਹੈ ਅਤੇ ਡੰਗਰ ਨੂੰ ਕਾਫ਼ੀ ਤਾਕਤ ਪ੍ਰਦਾਨ ਕਰਦੀ ਹੈ।*
- **ਰਾਸ਼ਨ:** *24 ਘੰਟਿਆਂ ਵਿੱਚ ਜੋ ਫੀਡ ਪਸ਼ੂ ਨੂੰ ਦਿੱਤੀ ਜਾਂਦੀ ਹੈ ਉਸਨੂੰ ਰਾਸ਼ਨ ਕਿਹਾ ਜਾਂਦਾ ਹੈ। ਇਹ ਰਾਸ਼ਨ ਇਕੋ ਵਾਰ ਜਾਂ ਥੋੜੇ-ਥੋੜੇ ਵਕਫੇ ਮਗਰੋਂ ਦਿੱਤਾ ਜਾ ਸਕਦਾ ਹੈ।*
- **ਦੁੱਧ ਚੁਆਈ:** *ਮਨੁੱਖੀ ਵਰਤੋਂ ਲਈ ਗਾਵਾਂ, ਮੱਝਾਂ, ਬੱਕਰੀਆਂ ਜਾਂ ਭੇਡਾਂ ਤੋਂ ਦੁੱਧ ਚੋਣ ਦੀ ਵਿਧੀ ਹੈ।*
- **ਚਾਰਾ:** *ਫ਼ਸਲਾਂ ਦੇ ਪੌਦੇ ਜਾਂ ਇਨ੍ਹਾਂ ਦੇ ਕੁਝ ਭਾਗ ਜੋ ਪਸ਼ੂਆਂ ਨੂੰ ਖੁਆਏ ਜਾਂਦੇ ਹਨ ਚਾਰਾ ਕਹਿਲਾਉਂਦੇ ਹਨ ਅਤੇ ਇਸ ਮੰਤਵ ਲਈ ਇਨ੍ਹਾਂ ਫ਼ਸਲਾਂ ਦੀ ਕਾਸ਼ਤ ਕੀਤੀ ਜਾਂਦੀ ਹੈ।*
- **ਫੋਰੇਜ਼:** *ਪਸ਼ੂਆਂ ਦੁਆਰਾ ਤੁਰ ਫਿਰ ਕੇ ਜੋ ਚਾਰਾ ਚਰਾਂਦਾਂ ਵਿੱਚੋਂ ਖਾਧਾ ਜਾਂਦਾ ਹੈ। ਅਜਿਹਾ ਚਾਰਾ ਫੋਰੇਜ਼ ਕਹਿਲਾਉਂਦਾ ਹੈ।*
- **ਸੁੱਕਾ ਚਾਰਾ:** *ਸੁਕਾਇਆ ਹੋਇਆ ਘਾਹ, ਮੱਕੀ, ਬਾਜਰਾ ਆਦਿ।*
- **ਸਾਈਲੇਜ:** *ਹਰੇ ਚਾਰੇ ਦੇ ਖ਼ਮੀਰ ਤੋਂ ਉਪਜਿਆਂ ਇਹ ਚਾਰੇ ਦਾ ਅਚਾਰ ਹੈ। ਜਿਸ ਵਿੱਚ ਕਾਫ਼ੀ ਨਮੀਂ ਹੁੰਦੀ ਹੈ ਅਤੇ ਜੁਗਾਲ਼ੀ ਕਰਨ ਵਾਲੇ ਡੰਗਰਾਂ ਨੂੰ ਖੁਆਇਆ ਜਾਂਦਾ ਹੈ।*
- **ਬੇਕਾਰ ਸਮੱਗਰੀ:** *ਕਿਸੇ ਕਾਰੋਬਾਰ ਜਾਂ ਧੰਦੇ ਤੋਂ ਉਪਜੀਆਂ ਬੇਕਾਰ ਵਸਤੂਆਂ।*

## FURTHER READING

**Websites**

http://www.igfri.res.in

http://www.ivri.nic.in

http://www.nbagr.res.in/

http://www.ndri.res.in

https://agriculture.gov.in

https://dahd.nic.in

https://www.nabard.org

www.fao.org

www.icar.org.in

www.nianp.res.in/

www.tanu.edu

**Books**


Banerjee, G.C. 1998. Textbook of Animal Husabdnry. $8^{th}$ edition. Oxford and IBH Publication, New Delhi.

Biswajit Roy and Sudipta Ghosh. 2015. Dairy Animal Production. IBDC, Lucknow

ICAR. 2002. Handbook of Animal Husbandry 3rd Ed. ICAR.

Jagdish Prasad and N.S. Niraj 2007. Principles and Practices of Dairy Farm Management . $5^{th}$ Edition. Kalyani Publishers, Ludhiana

Ramadhar Singh. 2009. Essentials of Animal Production and Management. Kalyani Publishers, Ludhiana

Thomas, C.K. and Sastry, N.S.R. 1991. 2006. Livestock Production and Management. Kalyani Publishers, Ludhiana

Thomas, C.K. and Sastry, N.S.R. 1991. Dairy Bovine Production. Kalyani Publishers, Ludhiana.